## "ਜੱਟ ਮਹਾਂ ਸਭਾ" ਦਾ ਪਰਧਾਨ "ਮਹਾਰਾਜਾ" ਅਮਰਿੰਦਰ ਸਿੰਘ ਕੀ ਇਕ ਵਰਗ ਵਿਸ਼ੇਸ਼ ਦਾ ਮੁੱਖ ਮੰਤਰੀ ਐ ਜਾਂ ਸਾਰੇ ਪੰਜਾਬੀਆਂ ਦਾ?

ਗਰੀਬਾਂ ਵਿਰੁੱਧ ਪਾਏ ਜਾ ਰਹੇ ਗੈਰ ਸੰਵਿਧਾਨਕ ਮਤਿਆਂ ਬਾਰੇ ਸਰਕਾਰ ਦੀ ਚੁੱਪੀ ਜਿਥੇ ਦਲਿਤਾਂ ਪਛੜਿਆਂ ਨੂੰ ਗੁਲਾਮੀ ਅਤੇ ਬੇਗਾਨਗੀ ਦਾ ਅਹਿਸਾਸ ਕਰਵਾ ਰਹੀ ਹੈ ਉੱਥੇ ਉਹਨਾਂ ਅੰਦਰ ਪਨਪ ਰਿਹਾ ਰੋਸ ਪੰਜਾਬ ਦੇ ਸਦਭਾਵਨਾ ਭਰੇ ਮਾਹੌਲ ਤੇ ਸ਼ਾਂਤੀ ਭੰਗ ਕਰਨ ਦਾ ਸਬੱਬ ਬਣ ਸਕਦਾ ਹੈ ।

**– ਲਾਲ ਸਿੰਘ ਸੁਲਹਾਣੀ**
ਜਨਰਲ ਸਕੱਤਰ
ਬਹੁਜਨ ਸਮਾਜ ਪਾਰਟੀ ਪੰਜਾਬ

# ਸੰਯੁਕਤ ਰਾਜ ਨੇ ਚੀਨੀ ਹਵਾਈ ਜਹਾਜ਼ ਦੀਆਂ ਵਾਧੂ ਉਡਾਣਾਂ ਲਈ ਕੀਤੀ ਬੇਨਤੀ ਨੂੰ ਕੀਤਾ ਰੱਦ

**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ)–** ਆਵਾਜਾਈ ਵਿਭਾਗ ਨੇ ਲੰਘੇ ਸ਼ੁੱਕਰਵਾਰ ਨੂੰ ਸਯੁੰਕਤ ਰਾਜ ਅਤੇ ਚੀਨ ਦਰਮਿਆਨ ਵਾਧੂ ਉਡਾਣਾਂ ਨੂੰ ਰੱਦ ਕਰ ਦਿੱਤਾ ਹੈ ਅਤੇ ਚੀਨ ਦੀਆ ਏਅਰਲਾਇਨਜਾਂ ਨੇ ਬੇਨਤੀ ਕਰਦਿਆਂ ਕਿਹਾ ਕਿ ਉਹ ਦੋਵੇਂ ਦੇਸ਼ਾਂ ਦਰਮਿਆਨ ਨਿਰਧਾਰਤ ਸੇਵਾਵਾਂ ਵਿੱਚ "ਬਰਾਬਰੀ ਬਣਾਈ ਰੱਖਣ" ਦੀ ਕੋਸ਼ਿਸ਼ ਕਰ ਰਹੇ ਹਨ। ਪ੍ਰੰਤੂ ਟਰੰਪ ਪ੍ਰਸ਼ਾਸਨ ਨੇ ਇਸ ਹਫਤੇ ਦੇ ਸ਼ੁਰੂ ਵਿਚ ਚੀਨੀ ਏਅਰ ਲਾਇਨਜ਼ ਦੁਆਰਾ ਸਯੁੰਕਤ ਰਾਜ ਅਤੇ ਚੀਨ ਵਿਚਾਲੇ ਕੁੱਲ ਚਾਰ ਉਡਾਣਾ ਨੂੰ ਹੀ ਮਨਜ਼ੂਰੀ ਦੇਣ ਲਈ ਪਾਬੰਦੀਆਂ ਨੂੰ ਘੱਟ ਕੀਤਾ ਸੀ। ਅਜਿਹਾ ਉਦੋਂ ਹੋਇਆ ਜਦੋਂ ਚੀਨ ਨੇ ਕਿਹਾ ਕਿ ਉਹ ਦੋ ਅਮਰੀਕੀ ਏਅਰ ਲਾਇੰਸ- ਯੂਨਾਈਟਿਡ ਏਅਰ ਲਾਇੰਸ ਅਤੇ ਡੈਲਟਾ ਏਅਰਲਾਇੰਸ ਨੂੰ ਹਰ ਹਫ਼ਤੇ ਦੋ ਰਾਊਡ ਟਰਿੱਪ ਉਡਾਣ ਦੇਵੇਗਾ।ਡੀ.ਓ.ਟੀ. ਨੇ ਆਪਣੇ ਆਰਡਰ ਵਿੱਚ ਕਿਹਾ, "ਇਹ ਸਮਾਨਤਾ ਹਰ ਪਾਸਿਉ ਦੇ ਕੈਰੀਅਰਾਂ ਨੂੰ ਹਰ ਹਫ਼ਤੇ ਚਾਰ (4) ਰਾਉਂਡ ਟਰਿੱਪ ਤਹਿ ਕੀਤੇ ਯਾਤਰੀ ਕਾਰਜਾਂ ਨੂੰ ਚਲਾਉਣ ਦੀ ਯੋਗਤਾ ਦਿੰਦੀ ਹੈ। ਡੀ.ਓ.ਟੀ. ਨੇ ਕਿਹਾ ਕਿ ਸ਼ੁੱਕਰਵਾਰ ਨੂੰ ਵਾਧੂ ਉਡਾਣਾਂ ਨੂੰ ਰੱਦ ਕਰਨ ਨੂੰ "ਵਾਧੇ ਦੇ ਤੌਰ 'ਤੇ ਨਹੀਂ ਵੇਖਿਆ ਜਾਣਾ ਚਾਹੀਦਾ। ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਚੀਨੀ ਅਧਿਕਾਰੀ ਅਮਰੀਕੀ ਏਅਰਲਾਈਨਾਂ ਨੂੰ ਪ੍ਰਭਾਵਤ ਕਰਨ ਵਾਲੀਆਂ ਆਪਣੀਆਂ ਨੀਤੀਆਂ ਨੂੰ ਅਨੁਕੂਲ ਕਰਨ ਲਈ ਤਿਆਰ ਹਨ ਤਾਂ ਵਿਭਾਗ ਇਸ ਕਾਰਵਾਈ 'ਤੇ ਮੁੜ ਵਿਚਾਰ ਕਰਨ ਲਈ ਤਿਆਰ ਹੈ।




# ਅਮਰੀਕਾ ਵਿਚ ਪਹਿਲੇ ਵਿਸ਼ਵ ਯੁੱਧ ਨਾਲੋਂ ਜਿਆਦਾ ਮੌਤਾਂ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਅਮਰੀਕਾ ਵਿਚ ਅੱਜ ਤੱਕ ਕੋਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ 1,21,407 ਹੋ ਗਈ ਹੈ। ਇਹ ਗਿਣਤੀ ਪਹਿਲੇ ਵਿਸ਼ਵ ਯੁੱਧ ਵਿਚ ਮਾਰੇ ਗਏ ਅਮਰੀਕਨਾਂ ਨਾਲੋਂ ਵਧ ਗਈ ਹੈ। ਪਹਿਲੇ ਵਿਸ਼ਵ ਯੁੱਧ ਵਿਚ 1,16,516 ਅਮਰੀਕਨ ਮਾਰੇ ਗਏ ਸਨ। ਇਸ ਸਮੇ ਕੋਰੋਨਾਵਾਇਰਸ ਨਾਲ ਪੀੜਤ ਅਮਰੀਕਨਾਂ ਦੀ ਗਿਣਤੀ 22,97,190 ਹੈ ਜਦ ਕਿ 9,56,061 ਮਰੀਜ਼ ਠੀਕ ਹੋਏ ਹਨ। ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਿਚ ਵੱਡੀ ਪੱਧਰ ਉਪਰ ਸੁਧਾਰ ਹੋਇਆ ਹੈ। ਇਹ ਦਰ ਵਧਕੇ 89% ਹੋ ਗਈ ਹੈ। ਇਹ ਖ਼ਬਰ ਰਾਹਤ ਦੇਣ ਵਾਲੀ ਹੈ ਕਿ ਪਿਛਲੇ ਦਿਨਾਂ ਦੌਰਾਨ ਕੋਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ ਘਟ ਕੇ 500 ਤੋਂ ਹੇਠਾਂ ਆ ਗਈ ਹੈ। ਹਾਲਾਂ ਕਿ ਨਵੇਂ ਮਰੀਜ਼ਾਂ ਦੇ ਆਉਣ ਦਾ ਸਿਲਸਲਾ ਜਾਰੀ ਹੈ ਪਰ ਨਿਊਯਾਰਕ, ਨਿਊਜਰਸੀ, ਮਾਸਾਚੂਸੈਟਸ, ਇਲੀਨੋਇਸ ਤੇ ਪੈਨਸਿਲਵਾਨੀਆ ਵਰਗੇ ਰਾਜ ਜਿਥੇ ਸਭ ਤੋਂ ਵਧ ਮੌਤਾਂ ਹੋਈਆਂ ਹਨ, ਵਿਚ ਕੋਰੋਨਾਵਾਇਰਸ ਫੈਲਣ ਦੀ ਰਫ਼ਤਾਰ ਮੱਧਮ ਗਈ ਹੈ।

**ਕੁਝ ਅਮਰੀਕਨ ਮੇਰੇ ਵਿਰੋਧ ਵਿਚ ਮਾਸਕ ਪਾਉਂਦੇ ਹਨ-ਟਰੰਪ**




ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਕੋਰੋਨਾਵਾਇਰਸ ਮਹਾਮਾਰੀ ਦੌਰਾਨ ਕੁਝ ਲੋਕ ਮੇਰੇ ਵਿਰੋਧ ਵਿਚ ਮਾਸਕ ਪਾਉਂਦੇ ਹਨ ਨਾ ਕਿ ਉਹ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਅਜਿਹਾ ਕਰਦੇ ਹਨ। ਉਨਾਂ ਕਿਹਾ ਕਿ ਮਾਸਕ ਪਾਉਣ ਵਾਲੇ ਲੋਕ ਇਹ ਦੱਸਣਾ ਚਹੁੰਦੇ ਹਨ ਕਿ ਉਹ ਮੈਨੂੰ ਪਸੰਦ ਨਹੀਂ ਕਰਦੇ। ਰਾਸ਼ਟਰਪਤੀ ਟਰੰਪ ਜੋ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਸੈਂਟਰ (ਸੀ.ਡੀ.ਸੀ) ਦੀ ਸਲਾਹ ਦੇ ਉਲਟ ਮਾਸਕ ਨਹੀਂ ਪਾਉਂਦੇ, ਨੇ ਕਿਹਾ ਕਿ ਉਸ ਦੇ ਮਾਸਕ ਮੁੱਦੇ 'ਤੇ ਲੋਕ ਚਰਚਾ ਕਰਦੇ ਹਨ। ਵਾਲ ਸਟਰੀਟ ਜਰਨਲ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ''ਲੋਕ ਆਪਣੀਆਂ ਉਂਗਲਾਂ ਮਾਸਕ ਉਪਰ ਫੇਰਦੇ ਹਨ ਤੇ ਫਿਰ ਉਸ ਨੂੰ ਲਾਹ ਦਿੰਦੇ ਹਨ। ਤਦ ਉਹ ਆਪਣੀਆਂ ਉਂਗਲਾਂ ਨਾਲ , ਨੱਕ , ਮੂੰਹ ਤੇ ਅੱਖਾਂ ਨੂੰ ਛੂੰਹਦੇ ਹਨ। ਬਾਅਦ ਵਿਚ ਉਨਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਵਾਇਰਸ ਦੀ ਲਪੇਟ ਵਿਚ ਕਿਸ ਤਰਾਂ ਆ ਗਏ।'' ਸੀ.ਡੀ.ਸੀ ਨੇ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਗਰੋਸਰੀ ਸਟੋਰਾਂ ਤੇ ਹੋਰ ਭੀੜ ਵਾਲੀਆਂ ਥਾਵਾਂ 'ਤੇ ਜਿਥੇ ਸਮਾਜਿਕ ਦੂਰੀ ਬਣਾਕੇ ਰਖਣੀ ਸੰਭਵ ਨਾ ਹੋਵੇ, ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਹੋਈ ਹੈ ਤੇ ਉਸ ਨੇ ਆਪਣੀ ਇਸ ਸਲਾਹ ਨੂੰ ਵਾਰ ਵਾਰ ਦੁਹਰਾਇਆ ਹੈ।

# ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਅਮਰੀਕਾ ਵਿਚ ਰਹਿ ਸਕਣਗੇ- ਸੁਪਰੀਮ ਕੋਰਟ ਵੱਲੋਂ ਟਰੰਪ ਨੂੰ ਵੱਡਾ ਝਟਕਾ










**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਲੰਘੇ ਦਿਨ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੰਦਿਆਂ ਪ੍ਰਵਾਸੀਆਂ ਦੇ ਹੱਕ ਵਿਚ ਇਕ ਅਹਿਮ ਨਿਰਨਾ ਦਿੰਦੇ ਹੋਏ ਉਸ ਪ੍ਰੋਗਰਾਮ ਦੀ ਪੁਸ਼ਟੀ ਕਰ ਦਿੱਤੀ ਹੈ ਜਿਸ ਤਹਿਤ ਨੌਜਵਾਨਾਂ ਤੇ ਹੋਰ ਪ੍ਰਵਾਸੀਆਂ ਜਿਨਾਂ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹਨ, ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ। ਇਨਾਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੈਸਲੇ ਦੀ ਲੰਬੇ ਸਮੇਂ ਤੋਂ ਉਡੀਕ ਸੀ। ਅੱਜ ਵੀ ਫੈਸਲੇ ਸਮੇ ਵੱਡੀ ਗਿਣਤੀ ਵਿਚ ਪ੍ਰਵਾਸੀ ਅਦਾਲਤ ਦੇ ਬਾਹਰ ਮੌਜੂਦ ਸਨ ਜਿਨਾ ਨੇ ਫੈਸਲੇ ਉਪਰੰਤ ਸੁੱਖ ਦਾ ਸਾਹ ਲਿਆ। ਲੱਗਦਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਵਾਰ ਫਿਰ ਆਪਣੀ 'ਅਮਰੀਕਨ ਫਸਟ' ਨੀਤੀ ਉਪਰ ਸਵਾਰ ਹੋ ਕੇ ਨਵੰਬਰ ਵਿਚ ਆ ਰਹੀਆਂ ਰਾਸ਼ਟਰਪਤੀ ਚੋਣਾਂ ਜਿੱਤਣਾ ਚਹੁੰਦੇ ਹਨ। ਇਸ ਲਈ ਉਨਾਂ ਨੇ ਸੁਪੀਰਮ ਕੋਰਟ ਦੇ ਫੈਸਲੇ ਦਾ ਜਬਰਦਸਤ ਵਿਰੋਧ ਕੀਤਾ ਹੈ ਤੇ ਨਿੰਦਾ ਕੀਤੀ ਹੈ। ਫੈਸਲੇ ਨੂੰ ਰਿਪਬਲਿਕਨਾਂ ਨਾਲ ਧੱਕਾ ਕਰਾਰ ਦਿੱਤਾ ਹੈ। ਰਾਸ਼ਟਰਪਤੀ ਨੇ ਫੈਸਲੇ ਦੀ ਨਿੰਦਾ ਕਰਦਿਆਂ ਦੋਸ਼ ਲਾਇਆ ਹੈ ਕਿ ਅਦਾਲਤ ਨੇ ਕੰਜ਼ਰਵੇਟਿਵ ਨੀਤੀ ਦੇ ਰਾਹ ਵਿਚ ਵੱਡੇ ਧਮਾਕੇ ਨਾਲ ਰੁਕਾਵਟ ਪਾਈ ਹੈ। ਟਰੰਪ ਨੇ ਟਵੀਟ ਕੀਤਾ ਹੈ ਕਿ '' ਕੀ ਇਸ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਸੁਪਰੀਮ ਕੋਰਟ ਮੈਨੂੰ ਪਸੰਦ ਨਹੀਂ ਕਰਦੀ?'' ਰਾਸ਼ਟਰਪਤੀ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਕੀਤੇ ਜਾ ਰਹੇ ਖਤਰਨਾਕ ਰਾਜਸੀ ਨਿਰਨੇ ਕੰਜ਼ਰਵੇਟਿਵਾਂ ਲਈ ਧਮਾਕੇ ਦੀ ਤਰਾਂ ਹਨ। ਇਹ ਉਨਾਂ ਲੋਕਾਂ ਦੇ ਚੇਹਰੇ ਨੂੰ ਵਿਗਾੜਣ ਦਾ ਯਤਨ ਹੈ ਜੋ ਆਪਣੇ ਆਪ ਨੂੰ ਰਿਪਬਲੀਕਨ ਜਾਂ ਕੰਜ਼ਰਵੇਟਿਵ ਕਹਿਣ ਉਪਰ ਮਾਣ ਕਰਦੇ ਹਨ।'' ਰਾਸ਼ਟਰਪਤੀ ਨੇ ਆਪਣੇ ਸਮਰਥਕਾਂ ਨਾਲ ਭਵਿੱਖ ਵਿਚ ਹੋਰ ਕੰਜ਼ਰਵੇਟਿਵ ਜੱਜ ਨਿਯੁਕਤ ਕਰਨ ਦਾ ਵਾਅਦਾ ਕੀਤਾ ਹੈ। ਕਾਨੂੰਨੀ ਤੇ ਰਾਜਸੀ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਸੁਪਰੀਮ ਕੋਰਟ ਦੇ ਨਿਰਨੇ ਨੂੰ ਆਪਣੇ ਨਜ਼ਰੀਏ ਤੋਂ ਲੈਂਦੇ ਹਨ ਤੇ ਉਹ ਕਾਨੂੰਨ ਨੂੰ ਮੋਹਰੇ ਰਖਕੇ ਗੱਲ ਨਹੀਂ ਕਰਦੇ। ਸੀ ਆਈ ਏ ਦੇ ਸਾਬਕਾ ਡਾਇਰੈਕਟਰ ਜਨਰਲ ਮਾਈਕਲ ਹੇਡਨ ਨੇ ਟਵੀਟ ਕੀਤਾ ਹੈ ਕਿ ' ਇਹ ਸੰਵਿਧਾਨਕ ਮਾਮਲਾ ਹੈ।'' ਸੁਪਰੀਮ ਕੋਰਟ ਦੇ ਨਿਰਨੇ ਉਪਰੰਤ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਅਮਲ ਉਪਰ ਰੋਕ ਲੱਗ ਜਾਵੇਗੀ। ਦੇਸ਼ ਦੀ ਸਰਬ ਉੱਚ ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਡੀ.ਏ.ਸੀ ਏ (ਡਾਕਾ) ਪ੍ਰੋਗਰਾਮ ਖਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਕਾਮ ਕਰ ਦਿੱਤਾ ਹੈ ਜਿਸ ਪ੍ਰੋਗਰਾਮ ਤਹਿਤ ਤਕਰੀਬਨ 6,50,000 ਨੌਜਵਾਨ ਤੇ ਹੋਰ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਅਮਰੀਕਾ ਵਿਚ ਰਹਿ ਸਕਣਗੇ ਤੇ ਕੰਮ ਕਰ ਸਕਣਗੇ। ਇਨਾਂ ਲੋਕਾਂ ਜਿਨਾਂ ਵਿਚ ਭਾਰਤੀਆਂ ਦੀ ਵੱਡੀ ਗਿਣਤੀ ਵੀ ਸ਼ਾਮਿਲ ਹੈ, ਨੂੰ ਹੁਣ ਦੇਸ਼ ਵਿਚੋਂ ਕੱਢ ਦੇਣ ਦੀ ਲਟਕਦੀ ਤਲਵਾਰ ਦਾ ਡਰ ਨਹੀਂ ਰਹੇਗਾ। ਤਿੰਨ ਦਿਨ ਪਹਿਲਾਂ ਵੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੱਤਾ ਸੀ ਤੇ ਉਸ ਨੇ ਟਰੰਪ ਪ੍ਰਸ਼ਾਸਨ ਦੇ ਉਲਟ ਕਿੰਨਰਾਂ ਤੇ ਲੈਸਬੀਅਨ ਵਰਕਰਾਂ ਦੇ ਹੱਕਾਂ ਨੂੰ ਬਹਾਲ ਰਖਿਆ ਸੀ।

# ਸਿੱਖ ਪੈਂਕ ਦੇ ਚੇਅਰਮੈਨ ਸ: ਗੁਰਿੰਦਰ ਸਿੰਘ ਖਾਲਸਾ ਅਮਰੀਕਾ 'ਚ ਪ੍ਰਦਰਸ਼ਨਕਾਰੀਆਂ ਨੂੰ 10 ਲੱਖ ਡਾਲਰ ਦੇ ਮਾਸਕ ਅਤੇ ਸੁਰੱਖਿਅਤ ਸ਼ੀਲਡਾਂ ਦਾਨ ਕਰਨਗੇ



**ਨਿਊਯਾਰਕ/ ਇੰਡੀਆਨਾ (ਰਾਜ ਗੋਗਨਾ)–** ਇੰਡਿਆਨਾ ਚ' ਰਹਿੰਦੇ ਇਕ ਭਾਰਤੀ-ਅਮਰੀਕੀ ਹਰਿਆਣਾ ਨਾਲ ਪਿਛੋਕੜ ਰੱਖਣ ਵਾਲੇ ਸਿੱਖ ਪੈਂਕ ਦੇ ਚੇਅਰਮੈਨ ਸ: ਗੁਰਿੰਦਰ ਸਿੰਘ ਖਾਲਸਾ ਨੇ ਘੋਸ਼ਣਾ ਕੀਤੀ ਹੈ ਕਿ ਉਹ ਅਮਰੀਕਾ ਵਿੱਚ ਪ੍ਰਦਸ਼ਨਕਾਰੀਆਂ ਨੂੰ 10 ਲੱਖ ਡਾਲਰ ਦੇ ਮਾਸਕ ਅਤੇ ਸੁਰੱਖਿਆਤਮਕ ਸ਼ੀਲਡ ਦਾਨ ਕਰਨਗੇ। ਅਮਰੀਕਾ ਵਿੱਚ ਪੁਲਸ ਹਿਰਾਸਤ ਮਾਰੇ ਗਏ ਗੈਰ-ਗੋਰੇ ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਨੂੰ ਨਿਆਂ ਦਿਵਾਉਣ ਲਈ ਵੱਡੀ ਗਿਣਤੀ ਵਿਚ ਲੋਕ ਪ੍ਰਦਰਸ਼ਨ ਕਰ ਰਹੇ ਹਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਲਈ ਖਾਲਸਾ ਨੇ 10 ਲੱਖ ਡਾਲਰ ਦੇ ਮਾਸਕ ਦਾਨ ਕਰਨ ਦਾ ਫੈਸਲਾ ਕੀਤਾ ਹੈ। ਜੂਨਟੀਨਥ ਅਮਰੀਕਾ ਵਿੱਚ ਦਾਸ ਪ੍ਰਥਾ ਦੇ ਅੰਤ ਦੀ ਖੁਸ਼ੀ ਨਾਲ ਮਨਾਇਆ ਜਾਂਦਾ ਹੈ। ਰੋਜ਼ਾ ਪਾਰਕਸ ਟਰੇਲਬਲੇਜ਼ਰ ਪੁਰਸਕਾਰ ਨਾਲ ਸਨਮਾਨਤ ਇੰਡੀਆਨਾ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਖਾਲਸਾ ਨੇ ਕਿਹਾ, ਜੇਕਰ ਅਸੀਂ ਨਫਰਤ ਤੇ ਹਿੰਸਾ ਦੀ ਥਾਂ ਪਿਆਰ ਫੈਲਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਅਮਰੀਕਾ ਦੀ ਅਸਲੀ ਤਸਵੀਰ ਦਿਖਾਉਣ ਦੀ ਜ਼ਰੂਰਤ ਹੈ। ਉਨ੍ਹਾਂ ਨੇ ਹਰ ਅਮਰੀਕੀ ਨੂੰ ਅਪੀਲ ਕੀਤੀ ਹੈ ਕਿ ਉਹ ਮਾਰਟਿਨ ਲੂਥਰ ਕਿੰਗ ਜੂਨੀਅਰ ਅਤੇ ਮਹਾਤਮਾ ਗਾਂਧੀ ਵਰਗੇ ਨੇਤਾਵਾਂ ਦੇ ਦਿਖਾਏ ਸ਼ਾਂਤੀਪੂਰਣ ਪ੍ਰਦਰਸ਼ਨ ਦੇ ਰਾਹ 'ਤੇ ਚੱਲ ਕੇ ਮੁਹਿੰਮ ਦਾ ਹਿੱਸਾ ਬਣਨ। ਮਿੰਨੀਸੋਟਾ ਸੂਬੇ ਦੇ ਸਿਟੀ ਮਿਨਿਆਪੋਲਿਸ ਵਿੱਚ ਬੀਤੇਂ ਦਿਨੀਂ ਪੁਲਸ ਹਿਰਾਸਤ ਚ' ਮਾਰੇ ਗਏ ਗੈਰ-ਗੋਰੇ ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਨੂੰ ਨਿਆਂ ਦਿਵਾਉਣ ਲਈ ਵੱਡੀ ਗਿਣਤੀ ਵਿਚ ਲੋਕ ਪ੍ਰਦਰਸ਼ਨ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਕੋਰੋਨਾ ਵਾਇਰਸ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੈ। ਅਮਰੀਕਾ ਵਿੱਚ ਇਸ ਵਾਇਰਸ ਨਾਲ ਪੀੜਤ ਲੋਕਾਂ ਦੀ ਗਿਣਤੀ ਵੱਧ ਕੇ 21,91,052 ਹੋ ਗਈ ਹੈ, ਜਿਨ੍ਹਾਂ ਵਿਚੋਂ 1,18,434 ਲੋਕਾਂ ਦੀ ਮੌਤ ਹੋ ਗਈ ਹੈ।








ਦੇਸ਼ ਦੁਆਬਾ

# NATURE, HUMAN BEINGS, HAPPINESS AND COVID-19 PANDEMIC

Prem K. Chumber
Editor-In-Chief: Ambedkar Times & Desh Doaba

Nature is the mother of life on earth: the only so far known planet of habitation in our cosmos. Human beings occupy the top positon among all living creatures on this rare planet of life. It has been equipped, in its own unique ways, with all that is required for the sustenance of life on it. All living organisms on its surface and underneath are equally endowed with self-sustaining system to grow and expand in a well-balanced way without creating any dysfunctional relationship between themselves and their life generative earth planet and its life-supporting atmosphere. It is rightly said that Earth has enough for every ones' needs, but could not satisfy the greed of any one of its inmates! Happiness is imbedded in its very existence but with a strict rider of self-restraint. Self-restraint is also central to the recently put into practice 'new normal mantra' of self-reliant existence! Happiness emanates from disease free life, meaningful source of livelihood opportunities, job satisfaction, community living endorsed with liberty, equality and fraternity, and global brotherhood based on the principles of panchsheel and peaceful methods of conflict resolution.

It is a common knowledge that no living creature on this planet stores provisions of living necessaries except human beings. It is also evident, that all other living creatures continue to live on whatever offered by this planet. It is only we, the human beings, who stung by the wasp of greed remained engrossed throughout our life-span in storing or looking after whatever we have accumulated to satiate our unending lust for having more and more provisions for our use/misuse. It seems, we invented technology not to supplement our given happiness in the bounty of nature but to circumvent the same in the long run of mind-boggling accumulation. In our mad rush for acquiring more and more, we have created wide fissures in our life- supporting eco-system. Since the advent of the enlightenment phase in Europe, a sort of unethical war has been going on between man and nature. Nature has been around since the birth of our solar system and it was this nature that gave shape to the Earth planet where we happened to evolve at one of its innumerable evolutionary time intervals. Nature has its own pace to move on, nevertheless with certain identifiable patterns.

There was a time in the life of human beings when they used to believe in supernatural powers of nature as and when they confronted any devastating natural phenomenon nay calamities. They socially constructed various myths to appease the angry nature that eventually became an interesting area of study in the domain of cultural anthropology to delve deep into the folk psyche of our forefathers to critically interpret our current lives. However, with the passage of time when Europe entered the age of enlightenment, a new beginning was made in the evolutionary phase of human society. It was for the first time that man thought and practiced to tame nature to his convenience. Thus the tug of war started between man and nature at that stage in the life of human beings. Covid 19 is one of various consequences of this ongoing belligerent interaction between us and the nature. It has heavily divested us of all, at the global level, of our most precious living property what called happiness. The oldest man-made institution of religious places of all nomenclatures showed their inability to help at this crucial stage of life. Nevertheless, the most valuable human feeling of having faith in the overall benefactive stance of Kudrat (nature) remains the only solace to get across this most pernicious malady afflicted us all irrespective of class, caste, race, creed, ethnicity and region. Along with its disastrous effect, it also reminds us that there is nothing as valuable as the feeling of being happy in this world. And for that we need to live moderately with a deep sense of regard for our mother nature, so that we could create a conducive environment on our living planet where such pandemics like Covid-19 are not only controlled effectively but also precluded in the future too.

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-138

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਚਤੁਰਭੁਜ ਤੇ ਚਤੁਰਾਈ



ਅਵਤਾਰ ਸਿੰਘ ਮਿਸ਼ਨਰੀ
510-432-5827

ਸਿੱਖ ਕਿਸੇ ਦੇਵੀ ਦੇਵਤੇ ਮੰਨੇ ਜਾਂ ਥਾਪੇ ਗਏ ਭਗਵਾਨ ਦਾ ਪੁਜਾਰੀ ਨਹੀਂ ਪਰ ਕਈ ਵਾਰ ਗੁਰਬਾਣੀ ਵਿਖੇ ਆਏ ਹਿੰਦੂ ਬ੍ਰਾਹਮਣੀ ਲਫਜ਼ ਗੁਰਮਤਿ ਤੋਂ ਅਣਜਾਣ ਲੋਕਾਂ ਨੂੰ ਭੁਲੇਖਾ ਪਾਉਂਦੇ ਨੇ ਉਨ੍ਹਾਂ ਲਫਜ਼ਾਂ ਚੋਂ ਹੀ "ਚਤੁਰਭੁਜ" ਲਫਜ਼ ਹੈ। ਚਤੁਰ, ਭੁਜ ਇਹ ਸੰਸਕ੍ਰਿਤ ਦੇ ਲਫਜ਼ ਹਨ। ਹਿੰਦੂ ਮਤ ਅਨੁਸਾਰ ਚਾਰ ਬਾਹਵਾਂ ਵਾਲਾ ਵਿਸ਼ਨੂੰ ਦੇਵਤਾ। ਗੁਰਮਤਿ ਅਨੁਸਾਰ ਚਤੁਰ-ਚਾਰ, ਭੁਜ-ਪਾਲਣਾ, ਚਾਰੇ ਦਿਸ਼ਾਵਾਂ ਭਾਵ ਸਭ ਥਾਂ ਪਾਲਣਾ ਕਰਨ ਵਾਲਾ ਕਰਤਾਰ-ਧਾਰਿ ਖੇਲੁ ਚਤੁਰ ਭੁਜੁ ਕਹਾਇਆ॥(੧੦੮੨) ਹਿੰਦੂਆਂ ਦੀ ਮਿਥ ਅਨੁਸਾਰ ਚਤੁਰਭੁਜ ਵਿਸ਼ਨ ਦੇਵਤਾ ਜਿਸ ਦੀਆਂ ਚਾਰ ਬਾਹਵਾਂ ਮੰਨੀਆਂ ਗਈਆਂ ਤੇ ਜੋ ਜੀਵਾਂ ਦੀ ਪਾਲਣਾ ਕਰਦਾ ਹੈ। ਭਗਤੀ ਲਹਿਰ ਤੋਂ ਪਹਿਲਾਂ ਤੱਕ ਇਹ ਲਫਜ਼ ਵਿਸ਼ਨੂੰ ਲਈ ਹੀ ਵਰਤਿਆ ਜਾਂਦਾ ਸੀ ਪਰ ਭਗਤੀ ਲਹਿਰ ਦੇ ਕਰਤਾਰੀ ਸੰਤਾਂ ਨੇ ਰੱਬ ਵਾਸਤੇ ਵਰਤਿਆ। ਸ਼੍ਰੋਮਣੀ ਭਗਤ ਕਬੀਰ ਜੀ ਨੇ ਡੰਕੇ ਦੀ ਚੋਟ ਨਾਲ ਇਹ ਲਫਜ਼ ਪ੍ਰਭੂ ਲਈ ਵਰਤਦੇ ਫੁਰਮਾਇਆ ਕਿ-ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥੧॥ ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜ ਪਾਈਐ॥੧॥ਰਹਾਉ॥ ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥੨॥ ਕਰਮ ਕਰਤ ਬਧੇ ਅਹੰਮੇਵ॥ ਮਿਲ ਪਾਥਰ ਕੀ ਕਰਹੀ ਸੇਵ॥੩॥ ਕਹੁ ਕਬੀਰ ਭਗਤਿ ਕਰਿ ਪਾਇਆ ਭੋਲੇ ਭਾਇ ਮਿਲੇ ਰਘੁਰਾਇਆ॥੪॥(ਕਬੀਰ-੩੨੪) ਭਾਵ ਲੋਕ ਵਿਖਾਵੇ ਲਈ ਜਪ, ਤਪ, ਵਰਤ, ਪੂਜਾ ਕਰਨੀ ਤੇ ਲੋਕਾਂ ਵਿੱਚ ਚਤਰ ਬਣਕੇ ਵਿਖਾਉਣਾ ਇਨ੍ਹਾਂ ਕਰਮਾਂ ਨਾਲ ਚਤੁਰਭੁਜ-ਸੰਸਾਰ ਦੀ ਪਾਲਣਾ ਕਰਨ ਵਾਲਾ ਕਰਤਾ ਨਹੀਂ ਪਾਇਆ ਜਾ ਸਕਦਾ। ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ ਕਿ-ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥(ਜਪੁ) ਭਾਵ ਕਰਮਕਾਂਡੀ ਲੱਖਾਂ ਸਿਆਣਪਾਂ ਜਿੰਦਗੀ ਦੇ ਸਾਥ ਨਹੀਂ ਚਲਦੀਆਂ। ਗੁਰੂ ਅਰਜਨ ਸਾਹਿਬ ਦਾ ਵੀ ਕਥਨ ਹੈ ਕਿ-ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥੩॥ ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ॥ ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ॥੪॥(ਮ:੫-੩੯੬) ਹੇ ਭਾਈ ਮਾਲਕ ਨਾਲ ਸੁਖਾਂ ਦੀ ਖਾਤਰ ਚਲਾਕੀਆਂ ਕੰਮ ਨਹੀਂ ਆਉਂਦੀਆਂ ਸਗੋਂ ਮਾਲਕ ਦੀ ਖੁਸ਼ੀ ਨਾਲ ਹੀ ਸੁਖ ਮਿਲਦਾ ਹੈ।

ਜੇ ਮਿਥੇ ਲੱਖਾਂ ਹੀ ਧਰਮ-ਕਰਮ ਕੀਤੇ ਜਾਣ ਤਾਂ ਵੀ ਦੁੱਖਾਂ ਨੂੰ ਬੰਧ ਨਹੀਂ ਪੈਂਦਾ ਮੈਂ ਤਾਂ ਪ੍ਰਮੇਸ਼ਰ ਦੇ ਨਾਮ (ਨਿਯਮ) ਨੂੰ ਹੀ ਆਸਰਾ ਬਣਾ ਹੋਰ ਸਾਰੀ ਕਰਮਕਾਂਡੀ ਦੌੜ-ਭੱਜ ਛੱਡ ਦਿੱਤੀ ਮੇਰੇ ਲਈ ਇਹ ਹੀ ਅਸਲ ਸੁਖ ਹੈ। ਅਸਲ ਸੁਖ ਜੀਵਨ ਮਨੋਰਥ ਨੂੰ ਸਮਝ ਉਸ ਅਨੁਸਾਰ ਕੁਦਰਤੀ ਜਿੰਦਗੀ ਜੀਣਾ ਹੈ ਜੋ ਚਲਾਕੀਆਂ ਨਾਲ ਨਹੀਂ ਮਿਲਦਾ। ਕੋਈ ਮੰਨਿਆ ਗਿਆ ਮਿਥਿਹਾਸਕ ਵਿਸ਼ਨੂੰ ਦੇਵਤਾ ਸੰਸਾਰ ਦੀ ਪਾਲਣਾ ਨਹੀਂ ਕਰਦਾ ਸਗੋਂ ਜਗਤ ਨੂੰ ਪਾਲਣ-ਹਾਰ ਸੰਸਾਰ ਦਾ ਕਰਤਾ ਕਰਤਾਰ ਹੀ ਚਤਰਭੁਜ ਹੈ।

# ਕੀ ਸਾਡੇ ਮਾਤਾ-ਪਿਤਾ ਦੋ ਹਨ? ਮਦਰ-ਫਾਦਰ ਡੇ ਕਿਵੇਂ ਮਨਾਈਏ?

ਹਾਂ ਸਾਡੇ ਮਾਤਾ-ਪਿਤਾ ਦੋ ਹਨ, ਇੱਕ ਨਿਰੰਕਾਰੀ ਅਤੇ ਦੂਜੇ ਸੰਸਾਰੀ। ਸਮੁੱਚੇ ਸੰਸਾਰ ਦੇ ਜੀਵਾਂ ਨੂੰ ਪੈਦਾ ਕਰਨ ਵਾਲਾ, ਸਾਡਾ ਸਭ ਦਾ ਮਾਈ-ਬਾਪ ਕਰਤਾਰ ਹੈ ਜਿਸ ਨੇ ਕੁਦਰਤ ਰਚ ਕੇ, ਸਭ ਜੀਵ ਜੰਤ ਪੈਦਾ ਕੀਤੇ ਹਨ। ਭਗਤਾਂ, ਸਿੱਖ ਗੁਰੂਆਂ, ਭੱਟਾਂ ਅਤੇ ਬਾਣੀਕਾਰ ਗੁਰਸਿੱਖਾਂ ਨੇ "ਸ਼ਬਦ ਗੁਰੂ ਗ੍ਰੰਥ" ਵਿਖੇ ਦਰਸਾਇਆ ਹੈ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ....॥(੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥ (੪੫) ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ (੧੦੩) ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ (੨੫੦) ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ॥ (੫੫੨) ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ॥ (੭੮੩) ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥ ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ॥ (੧੩੯੭) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (੮) ਮਾਤਾ ਮਤਿ ਪਿਤਾ ਸੰਤੋਖੁ॥ (੧੫੧) ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥(੧੬੭)

ਉਪ੍ਰੋਕਤ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਰੂਹਾਨੀ ਤੌਰ ਤੇ ਮਾਤਾ-ਪਿਤਾ ਪ੍ਰਮਾਤਮਾਂ ਤੇ ਗਿਆਨ ਦਾਤਾ ਗੁਰੂ ਪਿਤਾ ਹੈ। ਪਾਣੀ ਵੀ ਕੁਦਰਤੀ ਪਿਤਾ, ਮਤਿ ਮਾਤਾ ਅਤੇ ਸੰਤੋਖ ਪਿਤਾ ਹੈ। ਜਨਮ ਮਰਨ ਰਹਿਤ ਕਰਤਾਰ ਦਾ ਤਾਂ ਮਦਰ-ਫਾਦਰ ਡੇ ਦੱਸਿਆ ਹੀ ਨਹੀਂ ਜਾ ਸਕਦਾ-ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ (੨੮੪) ਉਸ ਦਾ ਮਦਰ-ਫਾਦਰ ਡੇ ਤਾਂ ਹਰ ਵੇਲੇ ਹੈ-ਸਾਹਿਬੁ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ॥ (੬੬੦) ਭਾਵ ਉਸ ਰੂਹਾਨੀ ਮਾਤਾ ਪਿਤਾ ਪ੍ਰਮੇਸ਼ਵਰ ਨੂੰ ਤਾਂ ਜੀਵ ਨੇ ਹਰ ਵੇਲੇ ਯਾਦ ਕਰਨਾ ਹੈ। ਦੂਜਾ ਮਾਤ-ਪਿਤ ਪਾਣੀ ਹੈ-ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (੪੭੨) ਪਾਣੀ ਪਿਤਾ ਦਾ ਫਾਦਰ ਡੇ ਵੀ ਐਵਰੀ ਡੇ ਹੈ। ਤੀਜਾ ਮਾਤਾ ਪਿਤਾ ਗੁਰੂ ਹੈ ਜੋ ਗਿਆਨ ਦਾਤਾ ਹੋਣ ਕਰਕੇ ਸਾਨੂੰ ਹਰ ਵੇਲੇ ਗਿਆਨ ਦਿੰਦਾ ਹੈ। ਚੌਥਾ ਪਿਤਾ ਸੰਤੋਖ ਅਤੇ ਮਾਤਾ ਸ੍ਰੇਸ਼ਟ ਮਤਿ ਹੈ। ਸੰਤੋਖ ਅਤੇ ਚੰਗੀ ਮਤਿ ਵੀ ਸਾਨੂੰ ਹਰ ਰੋਜ ਚਾਹੀਦੀ ਹੈ। ਇਸ ਕਰਕੇ ਰੂਹਾਨੀ ਤੌਰ ਤੇ ਮਦਰ-ਫਾਦਰ ਡੇ ਤਾਂ ਰੋਜਾਨਾ ਹੀ ਹੈ। ਉਹ ਪ੍ਰਮਾਤਮਾਂ ਕਦੋਂ, ਕਿਹੜੀ ਤਰੀਕ ਅਤੇ ਕਿਹੜੇ ਦਿਨ ਜਨਮਿਆਂ ਸੀ? ਕੋਈ ਨਹੀਂ ਦੱਸ ਸਕਦਾ-ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ (ਜਪੁਜੀ)

ਹੁਣ ਆਪਾਂ ਦੁਨਿਆਵੀ ਮਾਂ ਬਾਪ ਦੀ ਗੱਲ ਕਰਦੇ ਹਾਂ ਜਿਨ੍ਹਾਂ ਦਾ ਜਨਮ ਅਤੇ ਮਰਨ ਵੀ ਹੈ। ਦੇਖੋ ਮਦਰ ਅਤੇ ਫਾਦਰ ਡੇ ਜਿਆਦਾ ਤਰ ਅਮਰੀਕਾ ਕਨੇਡਾ ਆਦਿਕ ਬਾਹਰਲੇ ਮੁਲਕ ਮਨਾਉਂਦੇ ਹਨ। ਭਾਰਤ ਵਿੱਚ ਇਹ ਦਿਨ ਪਹਿਲਾਂ ਨਹੀਂ ਸੀ ਮਨਾਏ ਜਾਂਦੇ, ਅੱਜ ਪੱਛਮੀ ਲੋਕਾਂ ਦੀ ਰੀਸ ਕਰਕੇ ਓਥੇ ਵੀ ਮਨਾਏ ਜਾ ਰਹੇ ਹਨ। ਗੋਰੇ-ਗੋਰੀਆਂ ਮਦਰ-ਫਾਦਰ ਡੇ 'ਤੇ ਆਪਣੇ ਮਾਤਾ-ਪਿਤਾ ਜੀਆਂ ਨੂੰ ਗਿਫਟਾਂ ਦਿੰਦੇ, ਖੁਸ਼ੀ ਦੇ ਉਹਾਰ ਕਰਦੇ ਅਤੇ ਸਟੋਰਾਂ 'ਤੇ ਇਨ੍ਹੀਂ ਦਿਨੀਂ ਸੇਲਾਂ ਲੱਗਦੀਆਂ ਹਨ। ਪਛਮ ਵਿੱਚ ਜਦ ਬੱਚੇ ੧੮ ਸਾਲ ਦੇ ਹੋ ਜਾਂਣ ਤਾਂ ਕਰੀਬ ਮਾਂ ਬਾਪ ਨਾਲੋਂ ਜੁਦਾ ਹੋ, ਆਪਣੀ ਮਨ ਮਰਜੀ ਕਰਦੇ ਨੇ ਫਿਰ ਮਾਂ ਬਾਪ ਵੀ ਉਨ੍ਹਾਂ ਨੂੰ ਘਰੋਂ ਕੱਢ ਦਿੰਦੇ ਹਨ। ਬੁਡੇਪੇ ਵੇਲੇ ਮਾਂ ਬਾਪ ਦੀ ਸੰਭਾਲ ਵਿਦੇਸ਼ੀ ਬੱਚੇ ਨਹੀਂ ਕਰਦੇ, ਉਨ੍ਹਾਂ ਨੂੰ ਸਰਕਾਰਾਂ ਤੇ ਹੀ ਨਿਰਭਰ ਹੋਣਾਂ ਪੈਂਦਾ ਹੈ। ਜੇ ਬੱਚੇ ਨੂੰ ਗਲਤੀ ਕਰਦੇ ਦੇਖ, ਮਾਂ ਬਾਪ ਡਾਂਟਣ ਤਾਂ ਬੱਚੇ ਝੱਟ ੯੧੧ ਫੋਨ ਘੁੰਮਾ ਕੇ, ਪੁਲੀਸ ਨੂੰ ਫੜਾ ਦਿੰਦੇ ਹਨ। ਬੱਚੀਆਂ ਅਤੇ ਬੱਚੇ ੧੦-੧੨ ਸਾਲ ਦੀ ਉਮਰ ਵਿੱਚ ਬੁਵਾਏ ਫਰੈਂਡ ਬਣਾ ਲੈਂਦੇ ਹਨ। ਸਕੂਲਾਂ ਵਿਖੇ ਅਧਿਆਪਕ ਖੁਦ ਬੱਚੇ ਬੱਚੀਆਂ ਨੂੰ ਨਿਰੋਧ ਦਿੰਦੇ ਹਨ। ਗੱਲ ਕੀ ਬੱਚੇ ਮਾਂ ਬਾਪ ਨੂੰ ਵਿਸਾਰ ਕੇ ਆਪ ਹੁਦਰੇ ਹੋ ਜਾਂਦੇ ਹਨ।

ਜਰਾ ਸੋਚੋ! ਫਿਰ ਸਾਲ ਬਾਅਦ ਮਦਰ-ਫਾਦਰ ਡੇ ਮਨਾਇਆ ਕੀ ਅਰਥ ਰੱਖਦਾ ਹੈ? ਸੋ ਸਾਡਾ ਦੁਨੀਆਵੀ ਮਾਂ ਬਾਪ ਦਾ, ਮਦਰ-ਫਾਦਰ ਡੇ ਮਨਾਇਆ ਤਾਂ ਹੀ ਸਫਲਾ ਹੈ ਜੇ ਅਸੀਂ ਜਿੰਦੇ ਮਾਂ ਬਾਪ ਦੇ ਆਗਿਆਕਾਰ ਰਹਿ ਕੇ, ਬੁਢੇਪੇ ਵੇਲੇ ਉਨ੍ਹਾਂ ਦੀ ਸੇਵਾ ਕਰੀਏ ਨਾਂ ਕਿ ਘਰੋਂ ਹੀ ਕੱਢ ਦੇਈਏ। ਸਾਨੂੰ ਮਾਤਾ-ਪਿਤਾ ਨਾਲ ਫਾਲਤੂ ਝਗੜਾ ਵੀ ਨਹੀਂ ਕਰਨਾਂ ਚਾਹੀਦਾ-ਜਿਨ ਕੇ ਜਨੇ ਬਡੀਰੇ ਤੁਮ ਹੋ ਤਿਨ ਸਿਉਂ ਝਗਰਤ ਪਾਪ॥(੧੨੦੦) ਮਾਂ ਬਾਪ ਨੂੰ ਛੱਡ ਕੇ ਤੀਰਥ ਇਸ਼ਨਾਨ ਕਰਨੇ, ਹੱਟੇ-ਕੱਟੇ ਸਾਧਾਂ-ਸੰਤਾਂ ਦੇ ਡੇਰਿਆਂ ਤੇ ਅੰਨ੍ਹੇਵਾਹ ਦਾਨ-ਪੁੰਨ ਅਤੇ ਇਕੋਤਰੀਆਂ ਦੇ ਪਾਠ ਕਰਾਈ ਜਾਣੇ, ਨਸ਼ਿਆਂ ਅਤੇ ਵਿਸ਼ੇ ਵਿਕਾਰਾਂ ਵਿੱਚ ਪੈਸਾ ਰੋੜੀ ਜਾਣਾ, ਆਪਣੀ ਚਾਦਰ ਦੇਖ ਕੇ ਪੈਰ ਨਾ ਪਸਾਰਨੇ, ਵੱਡਿਆਂ ਦੀ ਰੀਸ ਕਰਕੇ ਆਪਣਾ ਝੁੱਗਾ ਚੌੜ ਕਰੀ ਜਾਣਾ ਚੰਗੀ ਗੱਲ ਨਹੀਂ। ਜੇ ਅਸੀਂ ਬੁਰੇ ਕਰਮ ਕਰਦੇ ਹੋਏ ਦੇਖਾਂ-ਦੇਖੀ ਮਦਰ-ਫਾਦਰ ਡੇ ਵੀ ਮਨਾਈ ਜਾਂਦੇ ਹਾਂ ਤਾਂ ਇਹ ਇਵੇਂ ਹੈ ਕਿ-ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥੨॥(੭੮੯)

ਸਾਡਾ ਰੂਹਾਨੀ ਮਾਤਾ-ਪਿਤਾ ਕਰਤਾਰ ਅਤੇ ਸਰੀਰਕ ਜਨਮ ਦੇਣ ਵਾਲੇ ਦੁਨੀ-ਆਵੀ ਮਾਂ-ਬਾਪ ਹਨ। ਸਾਨੂੰ ਮਾਤਾ-ਪਿਤਾ ਦੇ ਹਰ ਵੇਲੇ ਆਗਿਆਕਾਰ ਰਹਿ ਕੇ, ਦੁਖ-ਸੁਖ ਅਤੇ ਬਢੇਪੇ ਵੇਲੇ ਉਨ੍ਹਾਂ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ। ਸਾਡੇ ਬਜੁਰਗ ਬਿਰਧ ਘਰਾਂ ਵਿੱਚ ਨਹੀਂ ਰੁਲਣੇ ਚਾਹੀਦੇ। ਚੇਤੇ ਰੱਖੋ ਇਹ ਦਿਨ ਸਾਡੇ ਤੇ ਵੀ ਆਉਣੇ ਹਨ। ਜਦੋਂ ਇਨਸਾਨ ਦੀ ਉਮਰ ਵਡੇਰੀ ਹੋ ਜਾਂਦੀ ਹੈ ਤਾਂ ਉਸ ਦਾ ਸਰੀਰਕ ਬਲ ਵੀ ਘਟ ਜਾਂਦੈ ਉਸ ਵੇਲੇ ਉਸਨੂੰ ਸਹਾਰੇ ਦੀ ਲੋੜ ਹੁੰਦੀ ਹੈ।

ਧਿਆਨ ਦਿਓ ਜਿਨ੍ਹਾਂ ਬੱਚਿਆਂ ਦੀ ਖਾਤਰ ਮਾਂ-ਬਾਪ ਨੇ ਅਉਖੇ ਵੇਲੇ ਤੰਗੀਆਂ-ਤੁਰਸ਼ੀਆਂ ਕੱਟ ਕੇ, ਬੱਚਿਆਂ ਨੂੰ ਪਾਲਿਆਂ-ਪਲੋਸਿਆ ਅਤੇ ਪੜ੍ਹਾ-ਲਿਖਾ ਕੇ ਪੈਰਾਂ ਤੇ ਖੜੇ ਕੀਤਾ ਹੁੰਦੈ ਉਹ ਦਿਨ ਬੱਚਿਆਂ ਨੂੰ ਯਾਦ ਕਰਕੇ, ਮਾਂ-ਬਾਪ ਦੇ ਧੰਨਵਾਦੀ ਹੁੰਦੇ ਹੋਏ, ਉਨ੍ਹਾਂ ਨੂੰ ਬਣਦਾ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ। ਭਾਵੇਂ ਜਮਾਨਾ ਬਦਲਣ ਕਰਕੇ, ਸਾਡੇ ਵਿਚਾਰ ਮਾਂ-ਬਾਪ ਨਾਲ ਨਹੀਂ ਵੀ ਮਿਲਦੇ, ਫਿਰ ਵੀ ਸਿਆਣਪ ਤੋਂ ਕੰਮ ਲੈਂਦੇ ਮਾਂ-ਬਾਪ ਦਾ ਤ੍ਰਿਸਕਾਰ ਨਹੀਂ ਕਰਨਾ ਚਾਹੀਦਾ। ਬੁੱਢੇ ਮਾਂ ਬਾਪ ਤੋਂ ਨੌਕਰਾਂ ਵਾਲਾ ਕੰਮ ਨਹੀਂ ਲੈਣਾ ਚਾਹੀਦਾ ਅਤੇ ਨਾਂ ਹੀ ਉਨ੍ਹਾਂ ਨੂੰ ਹਰ ਵੇਲੇ ਬੱਚਿਆਂ ਦੇ ਖਿਡਾਵੇ ਬਣਾਈ ਰੱਖਣਾ ਚਾਹੀਦਾ ਹੈ। ਸਗੋਂ ਮਾਂ-ਬਾਪ ਦੀ ਸੇਵਾ ਹੀ ਰੱਬ ਦੀ ਸੇਵਾ ਹੈ। ਮਾਂ-ਬਾਪ ਵਿੱਚੋਂ ਸਾਨੂੰ ਰੱਬ ਦੇ ਦਰਸ਼ਨ ਕਰਨੇ ਅਤੇ ਉਨ੍ਹਾਂ ਦੀਆਂ ਅਸੀਸਾਂ ਲੈਣੀਆਂ ਚਾਹੀਦੀਆਂ ਹਨ-ਪੂਤਾ ਮਾਤਾ ਕੀ ਅਸੀਸ॥(੪੯੬) ਇਸ ਦੇ ਉਲਟ ਅਸੀਂ ਭੇਖੀ ਡੇਰੇਦਾਰ ਸਾਧਾਂ ਨੂੰ ਤਾਂ ਮਹਿੰਗੇ ਤੋਂ ਮਹਿਗੇ ਕਪੜੇ, ਕਾਰਾਂ ਅਤੇ ਕੋਠੀਆਂ ਦਾਨ ਕਰਦੇ, ਗੌਣ ਵਾਲਿਆਂ ਅਤੇ ਫਿਲਮਾਂ ਦੇਖਣ ਉੱਤੇ ਬਿਨਾਂ ਸੋਚੇ ਖਰਚ ਕਰੀ ਜਾਂਦੇ ਹਾਂ ਪਰ ਮਾਂ-ਬਾਪ ਨੂੰ ਪਿਆਰ ਨਾਲ ਰੋਟੀ-ਕਪੜਾ ਵੀ ਨਹੀਂ ਦਿੰਦੇ, ਫਿਰ ਸਾਡੇ ਮਦਰ-ਫਾਦਰ ਡੇ ਮਨਾਏ ਕੀ ਅਰਥ ਰੱਖਦੇ ਹਨ? ਜਿਵੇਂ ਸਾਡੇ ਸਰੀਰ ਨੂੰ ਹਰਰੋਜ ਅੰਨ, ਪਾਣੀ, ਕਪੜੇ ਅਤੇ ਸਿਰ ਲੁਕਾਵੇ ਦੀ ਲੋੜ ਹੈ ਇਵੇਂ ਹੀ ਮਾਂ-ਬਾਪ ਨੂੰ ਬੁਢੇਪੇ ਵੇਲੇ ਹਰ ਰੋਜ ਦੇਖ-ਭਾਲ ਦੀ ਜਰੂਰਤ ਹੈ। ਸੋ ਆਓ ਆਦਰ ਮਾਨ ਨਾਲ ਮਾਂ-ਬਾਪ ਦੀ ਸੇਵਾ ਕਰਕੇ, ਹਰ ਰੋਜ ਮਦਰ-ਫਾਦਰ ਡੇ ਮਨਾਈਏ ਨਾਂ ਕਿ ਜਗਤ ਕੀ ਭੇਡਾ ਚਾਲ ਮਗਰ ਲੱਗ ਕੇ, ਹਰ ਸਾਲ ਬਾਅਦ ਲੋਕ ਦਿਖਾਵੇ ਹੀ ਕਰੀ ਜਾਈਏ।

-ਅਵਤਾਰ ਸਿੰਘ ਮਿਸ਼ਨਰੀ

# ਭਾਰਤ ਤੇ ਚੀਨ ਪਿੱਛੇ ਹਟਣ ਲਈ ਸਹਿਮਤ

**ਨਵੀਂ ਦਿੱਲੀ-** ਭਾਰਤ ਅਤੇ ਚੀਨ ਦੇ ਫੌਜੀ ਕਮਾਂਡਰਾਂ ਦਰਮਿਆਨ ਬੀਤੇ ਦਿਨ ਹੋਈ ਮੀਟਿੰਗ ਦੌਰਾਨ ਦੋਵਾਂ ਮੁਲਕਾਂ ਦੀਆਂ ਫੌਜਾਂ ਪੂਰਬੀ ਲੱਦਾਖ ਵਿੱਚ ਤਲਖ਼ੀ ਵਾਲੇ ਖੇਤਰਾਂ ਵਿੱਚੋਂ ਪਿੱਛੇ ਹਟਣ 'ਤੇ ਸਹਿਮਤ ਹੋ ਗਈਆਂ ਹਨ। ਅਧਿਕਾਰਤ ਸੂਤਰਾਂ ਨੇ ਕਿਹਾ 11 ਘੰਟਿਆਂ ਦੇ ਕਰੀਬ ਚੱਲੀ ਗੱਲਬਾਤ 'ਸੁਹਿਰਦ, ਸਕਾਰਾਤਮਕ ਅਤੇ ਉਸਾਰੂ ਮਾਹੌਲ' ਵਿੱਚ ਹੋਈ ਤੇ ਇਸ ਦੌਰਾਨ ਫੈਸਲਾ ਹੋਇਆ ਕਿ ਦੋਵੇਂ ਧਿਰਾਂ ਪੂਰਬੀ ਲੱਦਾਖ ਵਿੱਚ ਟਕਰਾਅ ਵਾਲੇ ਸਾਰੇ ਟਿਕਾਣਿਆਂ ਤੋਂ ਪਿੱਛੇ ਹਟਣ ਦੇ ਤੌਰ ਤਰੀਕਿਆਂ ਨੂੰ ਅਮਲੀ ਰੂਪ ਦੇਣਗੀਆਂ।



ਸੋਮਵਾਰ ਨੂੰ 14ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਹਰਿੰਦਰ ਸਿੰਘ ਅਤੇ ਤਿੱਬਤ ਮਿਲਟਰੀ ਜ਼ਿਲ੍ਹਾ ਕਮਾਂਡਰ ਮੇਜਰ ਜਨਰਲ ਲੂ ਲਿਨ ਨੇ ਪਿਛਲੇ ਹਫਤੇ ਭਾਰਤ ਅਤੇ ਚੀਨੀ ਫੌਜ ਵਿਚਾਲੇ ਗਲਵਾਨ ਵਾਦੀ ਵਿਚ ਹੋਈ ਹਿੰਸਕ ਝੜਪ ਮਗਰੋਂ ਤਣਾਅ ਘੱਟ ਕਰਨ ਦੇ ਉਦੇਸ਼ ਨਾਲ ਤਕਰੀਬਨ 11 ਘੰਟਿਆਂ ਤਕ ਗੱਲਬਾਤ ਕੀਤੀ ਸੀ। ਸੂਤਰਾਂ ਮੁਤਾਬਕ ਦੋਵਾਂ ਧਿਰਾਂ ਵਿਚਾਲੇ 'ਟਕਰਾਅ ਤੋਂ ਪਿੱਛੇ ਹਟਣ ਲਈ ਆਪਸੀ ਸਮਝੌਤਾ ਹੋਇਆ ਹੈ।' ਉਧਰ ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਪੇਈਚਿੰਗ ਵਿੱਚ ਕਿਹਾ ਕਿ ਦੋਵੇਂ ਧਿਰਾਂ ਬਕਾਇਆ ਮੁੱਦਿਆਂ 'ਤੇ ਲੰਮੀ ਵਿਚਾਰ ਚਰਚਾ ਮਗਰੋਂ ਅਸਲ ਕੰਟਰੋਲ ਰੇਖਾ 'ਤੇ ਸਿਖਰ 'ਤੇ ਪੁੱਜੀ ਤਲਖੀ ਨੂੰ ਘਟਾਉਣ ਲਈ ਲੋੜੀਂਦੀ ਪੇਸ਼ਕਦਮੀ ਲਈ ਸਹਿਮਤ ਹੋ ਗਈਆਂ ਹਨ। ਇਸ ਪੂਰੇ ਮਾਮਲੇ ਦੀ ਜਾਣਕਾਰੀ ਰੱਖਦੇ ਲੋਕਾਂ ਨੇ ਕਿਹਾ ਕਿ ਲੈਫਟੀਨੈਂਟ ਜਨਰਲ ਪੱਧਰ ਦੀ ਗੱਲਬਾਤ ਦੌਰਾਨ ਭਾਰਤੀ ਵਫ਼ਦ ਨੇ ਗਲਵਾਨ ਘਾਟੀ ਵਿੱਚ ਭਾਰਤੀ ਸਲਾਮਤੀ ਦਸਤਿਆਂ 'ਤੇ ਕੀਤੇ ਹਮਲੇ ਨੂੰ ਚੀਨੀ ਫੌਜੀਆਂ ਦੀ 'ਸੋਚੀ ਸਮਝੀ ਸਾਜ਼ਿਸ਼' ਦੱਸਦਿਆਂ ਜ਼ੋਰਦਾਰ ਵਿਰੋਧ ਕੀਤਾ। ਭਾਰਤੀ ਵਫ਼ਦ ਨੇ ਦੋਵਾਂ ਧਿਰਾਂ ਵੱਲੋਂ ਐੱਲਏਸੀ ਤੋਂ ਫੌਜਾਂ ਪਿੱਛੇ ਹਟਾਉਣ ਦੀ ਸਲਾਹ ਵੀ ਦਿੱਤੀ। ਸੂਤਰਾਂ ਨੇ ਕਿਹਾ ਕਿ ਜ਼ਮੀਨੀ ਕਮਾਂਡਰ ਅਗਲੇ ਕੁਝ ਹਫ਼ਤਿਆਂ 'ਚ ਲੜੀਵਾਰ ਮੀਟਿੰਗਾਂ ਕਰਕੇ ਫੌਜਾਂ ਨੂੰ ਪਿੱਛੇ ਹਟਾਉਣ ਸਬੰਧੀ ਵਿਸਥਾਰਤ ਖਰੜੇ ਨੂੰ ਅੰਤਿਮ ਰੂਪ ਦੇਣਗੇ। ਗਲਵਾਨ ਘਾਟੀ ਝੜਪ ਮਗਰੋਂ ਦੋਵੇਂ ਧਿਰਾਂ ਕਸ਼ੀਦਗੀ ਨੂੰ ਘਟਾਉਣ ਲਈ ਮੇਜਰ ਜਨਰਲ ਪੱਧਰ ਦੀ ਘੱਟੋ-ਘੱਟ ਤਿੰਨ ਗੇੜਾਂ ਦੀ ਗੱਲਬਾਤ ਕਰ ਚੁੱਕੀਆਂ ਹਨ। ਲੈਫਟੀਨੈਂਟ ਜਨਰਲ ਪੱਧਰ ਦੇ ਪਹਿਲੇ ਗੇੜ ਦੀ ਗੱਲਬਾਤ 6 ਜੂਨ ਨੂੰ ਹੋਈ ਸੀ, ਜਿਸ ਵਿੱਚ ਦੋਵਾਂ ਧਿਰਾਂ ਨੇ ਪੂਰਬੀ ਲੱਦਾਖ ਵਿੱਚ ਐੱਲਏਸੀ ਦੇ ਨਾਲ ਗਲਵਾਨ ਘਾਟੀ ਸਮੇਤ ਚਾਰ ਵੱਖ ਵੱਖ ਥਾਈਂ ਜਾਰੀ ਟਕਰਾਅ ਨੂੰ ਘਟਾਉਣ ਲਈ ਇਕ ਕਰਾਰ ਨੂੰ ਅੰਤਿਮ ਰੂਪ ਦਿੱਤਾ ਸੀ। ਪਰ 15 ਜੂਨ ਨੂੰ ਗਲਵਾਨ ਘਾਟੀ ਵਿੱਚ ਹੋਈ ਹਿੰਸਕ ਝੜਪ ਮਗਰੋਂ ਦੋਵਾਂ ਧਿਰਾਂ ਨੇ ਐੱਲਏਸੀ ਦੇ ਨਾਲ ਲਗਦੇ ਬਹੁਤੇ ਖੇਤਰਾਂ 'ਚ ਫੌਜੀ ਨਫ਼ਰੀ ਵਧਾ ਦਿੱਤੀ ਸੀ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮੈਰਿਕਨ ਸੀਨੀਅਰ ਸਿਟੀਜ਼ਨਸ ਗਰੁੱਪ, ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋ ਆਨਲਾਈਨ ਮੀਟਿੰਗ ਸ਼ੁਰੂ


ਫਾਇਲ ਚਿੱਤਰ


ਫਾਇਲ ਚਿੱਤਰ

ਕਰੋਨਾ ਵਾਇਰਸ ਦੇ ਚਲਦਿਆਂ ਜਿੱਥੇ ਹਰ ਵਿਅਕਤੀ ਘਰ ਵਿਚ ਹੀ ਰਹਿਣ ਲਈ ਮਜਬੂਰ ਹੈ ਅਤੇ ਕਿਸੇ ਬਾਹਰੀ ਕੰਮਕਾਜ ਵਿਚ ਹਿੱਸਾ ਨਹੀਂ ਲੈ ਸਕਦਾ, ਨੂੰ ਵੇਖਦੇ ਹੋਏ ਸ੍ਰੀ ਸੁਖਚੈਨ ਸਿੰਘ ਬਿੰਦਰਾ ਚੇਅਰਮੈਨ ਅਤੇ ਸ੍ਰੀ ਅਜੈਬ ਸਿੰਘ ਧਾਲੀਵਾਲ ਦੇ ਸਾਂਝੇ ਯਤਨਾਂ ਸਦਕਾ ਸੰਭਵ ਹੋ ਸਕਿਆ ਹੈ ਕਿ ਅਸੀਂ ਸਾਰੇ ਮੈਂਬਰ ਦੋ ਗਰੁੱਪ ਬਣਾ ਕੇ ਵਟਸਐਪ (ਆਨਲਾਈਨ) ਗੱਲਬਾਤ ਕਰ ਰਹੇ ਹਾਂ। ਪਿਛਲੇ ਹਫਤੇ 4 ਜੂਨ 2020 ਦਿਨ ਵੀਰਵਾਰ ਨੂੰ ਇਹ ਪਹਿਲੀ ਆਨਲਾਈਨ ਮੀਟਿੰਗ ਕੀਤੀ ਗਈ, ਜਿਸ ਵਿਚ ਡਾ. ਫਿਰਦੌਸ ਸ਼ੇਖ ਨੂੰ ਇਸ ਵਿਚ ਗੈਸਟ ਸਪੀਕਰ ਦੇ ਤੌਰ 'ਤੇ ਬੁਲਾਇਆ ਗਿਆ, ਜਿਹਨਾਂ ਨੇ ਇਮਿਊਨ ਸਿਸਟਮ, ਚੰਗੀ ਖੁਰਾਕ ਖਾਣ ਅਤੇ ਚੰਗੀ ਸੋਚ ਸਬੰਧੀ ਮੈਂਬਰਾਂ ਨੂੰ ਵਧੀਆ ਤਰੀਕੇ ਨਾਲ ਦੱਸਿਆ। ਕਰੋਨਾ ਤੋਂ ਬਚਣ ਲਈ ਵੱਖ-ਵੱਖ ਵਿਚਾਰ ਪੇਸ਼ ਕੀਤੇ।

ਇਹ ਮੀਟਿੰਗ ਹਰ ਹਫਤੇ ਵੀਰਵਾਰ ਨੂੰ ਕਰਨ ਦਾ ਵਿਚਾਰ ਪਾਸ ਕੀਤਾ ਗਿਆ।

**ਰਿਪੋਰਟ- ਬਿੱਕਰ ਸਿੰਘ ਮਾਨ**

# ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰੈਜਨੋ, ਕੈਲੇਫੋਰਨੀਆ ਵਲੋਂ ਪਾਸ ਕੀਤਾ ਗਿਆ ਸ਼ੋਕ ਮਤਾ

**ਫਰੈਜਨੋ-** ਕਰੋਨਾ ਵਾਇਰਸ ਦੇ ਪ੍ਰਕੋਪ ਦੇ ਚਲਦਿਆ ਕਿਸੇ ਵੀ ਤਰਾਂ ਦੀ ਇਕੱਤਰਤਾ ਤੇ ਲਗੀਆ ਪਾਬੰਦੀਆ ਕਾਰਣ ਇਕ ਲੰਬੇ ਸਮੇਂ ਤੋਂ ਬਾਅਦ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰੈਜਨੋ ਦੀ ਐਗਜੈਕਟਿਵ ਕਮੇਟੀ ਦੀ ਅਜ ਇਕ ਵਰਚੂਅਲ ਮੀਟਿੰਗ ਹੋਈ। ਇਸ ਮੀਟਿੰਗ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਮਾਸਟਰ ਗੁਰਮੀਤ ਸਿੰਘ ਢੱਡਾ ਅਤੇ ਉਪ ਪ੍ਰਧਾਨ ਸਾਥੀ ਨੌਨਿਹਾਲ ਸਿੰਘ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਦਾ ਇਜਹਾਰ ਕੀਤਾ ਗਿਆ। ਫੋਰਮ ਨੋਟ ਕਰਦਾ ਹੈ ਕਿ ਇਹ ਦੋਵੇਂ ਸਾਥੀ ਕਾਫੀ ਲੰਬੇ ਅਰਸੇ ਤੋਂ ਦੇਸ਼ ਭਗਤਾਂ ਦੀ ਇਸ ਸਿਰਮੌਰ ਸੰਸਥਾ ਦੇ ਅਣਥੱਕ ਅਤੇ ਸਿਰਕੱਢ ਸੇਵਾਦਾਰ ਸਨ। ਇਨਾਂ ਦੋਨਾ ਸਾਥੀਆ ਦਾ ਥੋੜੇ ਸਮੇਂ ਵਿਚ ਅਗੜ ਪਿਛੇ ਤੁਰ ਜਾਣਾ, ਦੇਸ਼ ਭਗਤ ਯਾਦਗਾਰ ਕਮੇਟੀ ਲਈ ਇਕ ਨਾ ਪੂਰਿਆ ਜਾਣ ਵਾਲਾ ਘਾਟਾ ਹੈ।ਫੋਰਮ ਉਨਾਂ ਦੀਆ ਲੋਕ ਸੇਵਾਵਾਂ ਪ੍ਰਤੀ ਸਿਰ ਝੁਕਾਉਦਾ ਹੈ ਅਤੇ ਉਨਾਂ ਦੀ ਮੌਤ ਤੇ ਸ਼ੋਕ ਦਾ ਇਜਹਾਰ ਕਰਦਾ ਹੈ। ਸਾਡਾ ਵਿਸ਼ਵਾਸ ਹੈ ਕਿ ਗਦਰੀ ਬਾਬਿਆ ਦੇ ਮਹਾਨ ਕਾਰਜ ਨੂੰ ਪ੍ਰਣਾਈ ਹੋਈ ਇਹ ਸਿਰਮੌਰ ਸੰਸਥਾ ਗਦਰੀ ਬਾਬਿਆਂ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਉਨਾਂ ਦੇ ਉਦੇਸ਼ਾ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਪਹਿਲਾਂ ਨਾਲੋ ਵੀ ਵੱਧ ਦ੍ਰਿੜਤਾ ਅਤੇ ਸ਼ਿਦਤ ਨਾਲ ਜਾਰੀ ਰੱਖੇਗੀ ਅਤੇ ਲੋਕਾਈ ਦੇ ਹੱਕਾਂ ਤੇ ਪਹਿਰਾ ਦਿੰਦੀ ਰਹੇਗੀ।

ਇਸ ਦੇ ਨਾਲ ਹੀ ਇਕ ਹੋਰ ਮਤੇ ਰਾਹੀ ਪਿਛਲੇ ਸਮੇਂ ਵਿਚ ਵਿਛੋੜਾ ਦੇ ਗਏ ਸਾਹਿਤਕਾਰਾਂ ਨੂੰ ਸ਼ਰਧਾਜਲੀ ਭੇਂਟ ਕੀਤੀ ਗਈ ਜਿਨਾਂ ਵਿਚ ਆਪਣੇ ਨਾਵਲਾਂ ਨਾਲ ਪੰਜਾਬੀ ਸਹਿਤ ਨੂੰ ਅਤੇ ਪੰਜਾਬੀਅਤ ਨੂੰ ਤਰਾਸ਼ਣ ਵਾਲੇ ਸਾਹਤ ਦੇ ਸੂਰਜ ਸ੍ਰ ਜਸਵੰਤ ਸਿੰਘ ਕੰਵਲ ਅਤੇ 'ਇਹ ਹਮਾਰਾ ਜੀਵਣਾ' ਵਰਗੀ ਮਹਾਨ ਰਚਨਾ ਕਰਨ ਵਾਲੇ ਦਲੀਪ ਕੌਰ ਟਿਵਾਣਾ ਸ਼ਾਮਲ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਸ਼ੈਕਸਪੀਅਰ ਦੇ ਨਾਟਕਾ ਦਾ ਪੰਜਾਬੀ ਅਨੁਵਾਦ ਕਰਨ ਵਾਲੇ ਸਿਰੜੀ ਸਾਹਿਤਕਾਰ ਸ੍ਰ ਸੁਰਜੀਤ ਸਿੰਘ ਹਾਂਸ ਨੂੰ ਵੀ ਯਾਦ ਕੀਤਾ ਗਿਆ। ਇਨਾਂ ਸਾਹਿਤਕਾਰਾ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਅਤੇ ਪੰਜਾਬ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਇਸ ਦੇ ਨਾਲ ਹੀ ਹਾਕੀ ਦੀ ਖੇਡ ਵਿਚ ਭਾਰਤ ਨੂੰ ਤਿੰਨ ਉਲਪਿੰਕ ਗੋਲਡ ਮੈਡਲ ਦਵਾਉਣ ਵਾਲੇ ਸ੍ਰ ਬਲਵੀਰ ਸਿੰਘ ਉਲੰਪੀਅਨ ਦੀ ਮੌਤ ਤੇ ਸ਼ੋਕ ਜਾਹਿਰ ਕਰਦਿਆਂ ਹਾਕੀ ਦੀ ਖੇਡ ਪ੍ਰਤੀ ਉਨਾਂ ਦੀ ਲਗਨ ਅਤੇ ਸਮੁਚੇ ਖੇਡ ਜਗਤ ਲਈ ਉਨਾਂ ਦੀਆਂ ਸਵੇਵਾਂ ਨੂੰ ਯਾਦ ਕੀਤਾ ਗਿਆ। ਫੋਰਮ ਦੀ ਇਸ ਮੀਟਿੰਗ ਵਿਚ ਸੰਸਾਰ ਵਿਆਪੀ ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਚਲਦਿਆ ਕਸ਼ਟ ਭੋਗਣ ਵਾਲੇ ਅਤੇ ਜਾਨਾਂ ਗਵਾਉਣ ਵਾਲੇ ਲੋਕਾਂ ਅਤੇ ਉਨਾਂ ਦੇ ਪਰਿਵਾਰਾਂ ਨਾਲ ਵੀ ਹਮਦਰਦੀ ਜਤਾਈ।

# ਨਿਊਜ਼ੀਲੈਂਡ ਸਰਕਾਰ ਦੀ ਬੇਨਤੀ ਉਤੇ 'ਏਅਰ ਇੰਡੀਆਂ' ਦੀਆਂ ਤਿੰਨ ਫਲਾਈਟਾਂ ਅੱਗੇ ਪਈਆਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਜਿਵੇਂ ਕਿ ਕੱਲ੍ਹ ਦੀਆਂ ਖਬਰਾਂ ਸਨ ਕਿ ਨਿਊਜ਼ੀਲੈਂਡ ਸਰਕਾਰ ਦੇ ਕੋਲ ਐਨੇ ਕੁ ਵਤਨ ਵਾਪਿਸੀ ਵਾਲੇ ਕੀਵੀ ਆ ਗਏ ਹਨ ਕਿ ਉਨ੍ਹਾਂ ਕੋਲ ਹੁਣ 14 ਦਿਨਾਂ ਵਾਸਤੇ ਏਕਾਂਤਵਾਸ ਕਰਨ ਲਈ ਪ੍ਰਬੰਧਕੀ ਹੋਟਲ ਖਾਲੀ ਨਹੀਂ ਹਨ। ਇਸ ਕਰਕੇ ਨਿਊਜ਼ੀਲੈਂਡ ਸਰਕਾਰ ਦੀ ਤਰਫ ਤੋਂ ਬੇਨਤੀ ਕਰਨ ਉਤੇ ਭਾਰਤ ਤੋਂ ਆਉਣ ਵਾਲੀਆਂ ਤਿੰਨ ਫਲਾਈਟਾਂ ਅੱਗੇ ਵਧਾ ਦਿੱਤੀਆਂ ਗਈਆਂ ਹਨ। ਹੁਣ 26 ਜੂਨ ਵਾਲੀ ਫਲਾਈਟ 28 ਨੂੰ, 28 ਜੂਨ ਵਾਲੀ 1 ਜੁਲਾਈ ਨੂੰ ਅਤੇ 30 ਜੂਨ ਵਾਲੀ 3 ਜੁਲਾਈ ਨੂੰ ਔਕਲੈਂਡ ਆਵੇਗੀ। ਨਿਊਜ਼ੀਲੈਂਡ ਆਉਣ ਵਾਲੀਆਂ ਫਲਾਈਟਾਂ ਅਤੇ ਵਾਪਿਸ ਜਾਣ ਵਾਲੀਆਂ ਫਲਾਈਟਾਂ ਦਾ ਵੇਰਵਾ ਇਸ ਤਰ੍ਹਾਂ ਹੈ।



ਦਿੱਲ ਅਤੇ ਮੁੰਬਈ ਤੋਂ ਔਕਲੈਂਡ

23-Jun-20 AI 1316 MUMBAI 14:00 AUCKLAND 12:00 24-Jun-20

27-Jun-20 AI 1316 DELHI 19:30 AUCKLAND 16:30 28-Jun-20

30-Jun-20 AI 1316 DELHI 19:30 AUCKLAND 16:30 1-Jul-20

2-Jul-20 AI 1316 MUMBAI 18:30 AUCKLAND 16:30 3-Jul-20

ਔਕਲੈਂਡ ਤੋਂ ਮੁੰਬਈ ਅਤੇ ਦਿੱਲੀ

22-Jun-20 AI 1317 AUCKLAND 18:30 MUMBAI 3:45 23-Jun-20

24-Jun-20 AI 1317 AUCKLAND 14:00 DELHI 23:30 24-Jun-20

28-Jun-20 AI 1317 AUCKLAND 18:30 DELHI 4:00 29-Jun-20

1-Jul-20 AI 1317 AUCKLAND 18:30 DELHI 4:00 2-Jul-20

3-Jul-20 AI 1317 AUCKLAND 18:30 DELHI 4:00 4-Jul-20


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਬੁੱਧਿਸਟ ਇੰਟਰਨੈਸ਼ਨਲ ਨੈਟਵਰਕ ਵੱਲੋਂ ਸੰਘ ਮਿਤਰਾ ਬੁੱਧ ਵਿਹਾਰ ਵਿਖੇ ਬੋਧੀਆਂ ਵੱਲੋਂ ਧਰਨਾ





**ਜਲੰਧਰ–** ਬੁੱਧਿਸਟ ਇੰਟਰਨੈਸ਼ਨਲ ਨੈਟਵਰਕ ਫਗਵਾੜਾ ਵੱਲੋਂ ਸੰਘ ਮਿਤਰਾ ਬੁੱਧ ਵਿਹਾਰ ਫਗਵਾੜਾ ਵਿਖੇ ਬੋਧੀਆਂ ਵੱਲੋਂ ਧਰਨਾ ਅਤੇ ਮੁਜ਼ਾਹਰਾ ਕੀਤਾ ਗਿਆ, ਜਿਸ ਵਿਚ ਫਗਵਾੜਾ, ਜਲੰਧਰ, ਲੁਧਿਆਣਾ ਅਤੇ ਹੁਸ਼ਿਆਰਪੁਰ ਦੇ ਬੋਧੀਆਂ ਨੇ ਮੁਜ਼ਾਹਰੇ ਵਿਚ ਹਿੱਸਾ ਲਿਆ। ਮੁਜ਼ਾਹਰਾਕਾਰੀ ਬੋਧੀਆਂ ਨੇ ਰਾਸ਼ਟਰਪਤੀ ਸਾਹਿਬ ਤੋਂ ਮੰਗ ਕੀਤੀ ਕਿ ਅਯੁੱਧਿਆ (ਸਾਕੇਤ) ਉਤਰ ਪ੍ਰਦੇਸ਼ ਵਿਚ ਜੋ ਬੁੱਧ ਦੇ ਅਵਸ਼ੇਸ਼ ਬੁੱਧ ਸਤੂਪ, ਬੁੱਧ ਦੇ ਬੁੱਤ, ਬੱਧ ਵਿਹਾਰ ਅਸ਼ੋਕ ਚੱਕਰ ਅਤੇ ਬੁੱਧ ਨਾਲ ਸਬੰਧਤ ਇਤਿਹਾਸਕ ਚੀਜ਼ਾਂ ਨੂੰ ਨਸ਼ਟ ਹੋਣ ਤੋਂ ਬਚਾਇਆ ਜਾਵੇ ਅਤੇ ਉਹਨਾਂ ਦੀ ਸੁਰੱਖਿਆ ਕੀਤੀ ਜਾਵੇ।

ਉਹਨਾਂ ਮਾਣਯੋਗ ਰਾਸ਼ਟਰਪਤੀ ਦੇ ਨਾਂ ਇਕ ਮੰਗ ਪੱਤਰ ਫਗਵਾੜਾ ਦੇ ਐਸ. ਡੀ. ਐਮ. ਰਾਹੀਂ ਭੇਜ ਕੇ ਮੰਗ ਕੀਤੀ ਹੈ ਕਿ ਬੁੱਧ ਦੇ ਅਵਸ਼ੇਸ਼ਾਂ ਨੂੰ ਸੰਭਾਲਣ ਲਈ ਪੁਰਾਤਤਵ ਵਿਭਾਗ, ਭਾਰਤ ਸਰਕਾਰ ਨੂੰ ਹਦਾਇਤ ਕੀਤੀ ਜਾਵੇ ਕਿ ਇਹਨਾਂ ਇਤਿਹਾਸਕ ਵਸਤਾਂ ਨੂੰ 'ਪੁਰਾਣੇ ਮੋਨੂਮੈਂਟਸ ਦੀ ਸੰਭਾਲ ਕਾਨੂੰਨ 1958 ਸੈਕਸ਼ਨ 30 ਦੇ ਤਹਿਤ ਸਾਂਭਿਆ ਜਾਵੇ ਅਤੇ ਇਹਨਾਂ ਵਸਤਾਂ ਦੀ ਸੰਭਾਲ ਕੀਤੀ ਜਾਵੇ।

ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ, ਧਨੀ ਰਾਮ ਬੋਧ, ਸੰਨੀ, ਅਸ਼ਵਨੀ ਕੁਮਾਰ, ਸਟੀਫਨ ਕੁਮਾਰ, ਸੰਜੂ ਹੀਰ, ਬੰਤ ਸਿਘ, ਵਿਸ਼ਾਲ ਕੁਮਾਰ, ਸਟੀਫਨ ਕੁਮਾਰ, ਸੰਜੂ ਹੀਰ, ਬੰਤ ਸਿੰਘ, ਵਿਸ਼ਾਲ ਕੁਮਾਰ, ਹਰੀ ਓਮ, ਬਲਜਿੰਦਰ ਰਾਮ, ਸਤੀਸ਼ ਹੀਰ, ਦਵਿੰਦਰ ਕੁਮਾਰ, ਸੁਰਿੰਦਰ ਕੁਮਾਰ, ਕੇ. ਐਸ. ਨੂਰ, ਨੈਨਦੀਪ, ਸਰਪੰਚ ਰਜਿੰਦਰਸਿੰਘ ਫੌਜੀ, ਦੀਪੂ ਤੇ ਹੋਰ ਹਾਜ਼ਰ ਸਨ।

# ਰਾਸ਼ਟਰਪਤੀ ਟਰੰਪ ਨੇ ਵਿਦੇਸ਼ੀਆਂ ਦੇ ਆਰਜੀ ਵਰਕ ਵੀਜ਼ੇ ਉਪਰ ਲਾਈ ਰੋਕ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਆਦੇਸ਼ ਜਾਰੀ ਕੀਤਾ ਹੈ ਜਿਸ ਤਹਿਤ 2020 ਦੇ ਅੰਤ ਤੱਕ ਵਿਦੇਸ਼ੀਆਂ ਦੇ ਆਰਜੀ ਵੀਜ਼ੇ ਉਪਰ ਰੋਕ ਲੱਗ ਜਾਵੇਗੀ। ਇਹ ਆਦੇਸ਼ ਕਈ ਤਰਾਂ ਦੀਆਂ ਨੌਕਰੀਆਂ ਦੇ 'ਵਰਕ ਵੀਜ਼ੇ' ਉਪਰ ਲਾਗੂ ਹੋਵੇਗਾ। ਟਰੰਪ ਪ੍ਰਸ਼ਾਸ਼ਨ ਦਾ ਕਹਿਣਾ ਹੈ ਕਿ ਇਸ ਆਦੇਸ਼ ਨਾਲ 5,25,000 ਨੌਕਰੀਆਂ ਪੈਦਾ ਹੋਣਗੀਆਂ ਜੋ ਅਮਰੀਕਨਾਂ ਨੂੰ ਦਿੱਤੀਆਂ ਜਾਣਗੀਆਂ। ਇਸ ਤੋਂ ਪਹਿਲਾਂ ਅਪ੍ਰੈਲ ਵਿਚ ਟਰੰਪ ਨੇ ਅਮਰੀਕਾ ਲਈ ਇਮੀਗ੍ਰੇਸ਼ਨ ਮੁਲਤਵੀ ਕਰ ਦਿੱਤੀ ਸੀ। ਉਸ ਸਮੇਂ ਟਰੰਪ ਨੇ ਕਿਹਾ ਸੀ ਕਿ ਕੋਰੋਨਾਵਾਇਰਸ ਦੇ ਮੱਦੇਨਜ਼ਰ ਅਮਰੀਕਨਾਂ ਲਈ ਨੌਕਰੀਆਂ ਰਾਖਵੀਆਂ ਰਖਣ ਦੇ ਮਕਸਦ ਨਾਲ ਇਮੀਗ੍ਰੇਸ਼ਨ ਮੁਲਤਵੀ ਕੀਤੀ ਗਈ ਹੈ। ਰਾਸ਼ਟਰਪਤੀ ਨੇ ਵਿਦੇਸ਼ੀ ਸ਼ਹਿਰੀਆਂ ਲਈ ਜੋ ਅਮਰੀਕਾ ਵਿਚ ਰਹਿਣਾ ਚਹੁੰਦੇ ਹਨ ਲਈ ਗਰੀਨ ਕਾਰਡ ਜਾਰੀ ਕਰਨ ਦਾ ਅਮਲ ਵੀ 60 ਦਿਨਾਂ ਲਈ ਰੋਕ ਦਿੱਤਾ ਸੀ। ਇਹ ਸਮਾਂ ਸੋਮਵਾਰ ਖਤਮ ਹੋ ਗਿਆ ਹੈ। ਨਵਾਂ ਆਦੇਸ਼ ਐਚ 1 ਬੀ ਵੀਜ਼ਾ 'ਤੇ ਲਾਗੂ ਹੋਵੇਗਾ ਜੋ ਉੱਚ ਕੁਸ਼ਲ ਵਰਕਰਾਂ ਵਿਸ਼ੇਸ਼ ਤੌਰ 'ਤੇ ਉੱਚ ਟੈਕ- ਇੰਡਸਟਰੀ ਵਾਸਤੇ ਹੁੰਦਾ ਹੈ। ਵਿਦੇਸ਼ੀਆਂ ਨੂੰ ਐਚ 2 ਬੀ ਵੀਜ਼ਾ ਵੀ ਨਹੀਂ ਮਿਲ ਸਕੇਗਾ ਜੋ ਉਸਾਰੀ ਦੇ ਕੰਮਾਂਕਾਰਾਂ ਲਈ ਆਉਣ ਵਾਲੇ ਸੀਜ਼ਨਲ ਵਿਦੇਸ਼ੀ ਕਾਮਿਆਂ ਨੂੰ ਦਿੱਤਾ ਜਾਂਦਾ ਹੈ। ਨਵੇਂ ਆਦੇਸ਼ ਨਾਲ ਐਚ-4 ਵੀਜ਼ਾ ਵੀ ਪ੍ਰਭਾਵਿਤ ਹੋਵੇਗਾ ਜੋ ਐਚ 1 ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ (ਪਤਨੀ-ਪਤੀ) ਨੂੰ ਦਿੱਤਾ ਜਾਂਦਾ ਹੈ। ਐਲ-1 ਵੀਜ਼ਾ ਜੋ ਵੱਡੀਆਂ ਕਾਰਪੋਰੇਸ਼ਨਾਂ ਲਈ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਦਿੱਤਾ ਜਾਂਦਾ ਹੈ ਤੇ ਜੇ- ਵੀਜ਼ਾ ਜੋ ਸਕਾਲਰਾਂ ਤੇ ਪ੍ਰੋਫੈਸਰਾਂ ਨੂੰ ਦਿੱਤਾ ਜਾਂਦਾ ਹੈ ਵੀ ਇਸ ਨਵੇਂ ਆਦੇਸ਼ ਕਾਰਨ ਨਹੀਂ ਮਿਲ ਸਕਣਗੇ। ਇਸ ਤੋਂ ਇਲਾਵਾ ਟਰੰਪ ਨੇ ਆਪਣੇ ਸਹਾਇਕਾਂ ਨੂੰ ਕਿਹਾ ਹੈ ਕਿ ਉਹ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਮਿਆਦੀ ਸੁਧਾਰਾਂ ਲਈ ਕੰਮ ਸ਼ੁਰੂ ਕਰ ਦੇਣ। ਐਚ-1 ਬੀ ਵੀਜ਼ਾ ਦੇਣ ਦਾ ਢੰਗ ਤਰੀਕਾ ਬਦਲਣ ਲਈ ਕਿਹਾ ਗਿਆ ਹੈ ਜੋ ਇਸ ਸਮੇ ਲਾਟਰੀ ਪ੍ਰਣਾਲੀ ਰਾਹੀਂ ਦਿੱਤਾ ਜਾਂਦਾ ਹੈ। ਹੁਣ ਇਹ ਵੀਜ਼ਾ ਉਨਾਂ ਲੋਕਾਂ ਨੂੰ ਦਿੱਤਾ ਜਾਵੇਗਾ ਜੋ ਸਭ ਤੋਂ ਵਧ ਕਮਾਈ ਕਰਦੇ ਹੋਣਗੇ। ਰਾਸ਼ਟਰਪਤੀ ਦੇ ਨਵੇਂ ਆਦੇਸ਼ ਦੀ ਇਮੀਗ੍ਰੇਸ਼ਨ ਨਾਲ ਜੁੜੀਆਂ ਸੰਸਥਾਵਾਂ ਨੇ ਅਲੋਚਨਾ ਕੀਤੀ ਹੈ। ਇਨਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਆਪਣਾ ਰਾਜਸੀ ਪੱਤਾ ਖੇਡ ਰਹੇ ਹਨ। ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੇ ਡਾਇਰੈਕਟਰ ਬੈਥ ਵਰਲਿਨ ਨੇ ਕਿਹਾ ਹੈ ਕਿ 'ਵਿਦੇਸ਼ੀ ਵਰਕਰ ਅਮਰੀਕਨ ਵਰਕ ਫੋਰਸ ਦਾ ਮਹੱਤਵ ਪੂਰਨ ਹਿੱਸਾ ਹੈ। ਜਿਉਂ ਹੀ ਕੋਰੋਨਾਵਾਇਰਸ ਤੋਂ ਛੁਟਕਾਰਾ ਮਿਲ ਜਾਵੇਗਾ ਰਾਸ਼ਟਰ ਦੇ ਪੁਨਰ ਨਿਰਮਾਣ ਲਈ ਹਰ ਤਰਾਂ ਦੀ ਸਨਅਤ ਵਿਚ ਵਿਦੇਸ਼ੀ ਵਰਕਰਾਂ ਦੀ ਲੋੜ ਪਵੇਗੀ।''ਬਿਨਾਂ ਸ਼ੱਕ ਹਜਾਰਾਂ ਭਾਰਤੀ ਲੋਕ ਟਰੰਪ ਵਲੋਂ ਜਾਰੀ ਕੀਤੀ ਇਸ ਵੀਜਾ ਪ੍ਰਣਾਲੀ ਤੋਂ ਪ੍ਰਭਾਵਿਤ ਹੋਣਗੇ।

# ਸਿਆਟਲ ਵਿਚ ਪਿਤਾ ਦਿਵਸ ਮਨਾਇਆ ਗਿਆ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪਿਤਾ ਦਿਵਸ ਸੰਸਾਰ ਦੇ ਕੋਨੇ-ਕੋਨੇ 'ਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਪਰਿਵਾਰ ਵਿਚ ਪਿਤਾ ਦੀ ਲੋੜ ਦੀ ਪੂਰਤੀ ਕਰਦਾ ਹੈ। ਕਰੋਨਾ ਵਾਇਰਸ ਦੇ ਚਲਦਿਆਂ ਪਰਿਵਾਰਾਂ ਸਮੇਤ ਗੁਰਦੁਆਰੇ ਪਹੁੰਚ ਕੇ ਨਤਮਸਤਕ ਹੋਏ ਅਤੇ ਪਿਤਾ ਦੀ ਸਿਹਤਯਾਬੀ ਵਾਸਤੇ ਪਰਿਵਾਰਾਂ ਨੇ ਅਰਦਾਸਾਂ ਕੀਤੀਆਂ। ਕਈ ਬੱਚਿਆਂ ਨੇ ਆਪਣੇ ਪਿਤਾ ਨੂੰ ਰੈਸਟੋਰੈਂਟਾਂ ਵਿਚ ਲਿਜਾ ਕੇ ਖਾਣਾ ਖੁਆਇਆ ਅਤੇ ਸੁਖ-ਸ਼ਾਂਤੀ ਦੀ ਕਾਮਨਾ ਕੀਤੀ। ਕਰੋਨਾ ਮਹਾਂਮਾਰੀ ਮੌਕੇ ਬਹੁਤੇ ਪਰਿਵਾਰਾਂ ਨੇ ਘਰਾਂ ਵਿਚ ਵੰਨ ਸੁਵੰਨੇ ਖਾਣੇ ਤਿਆਰ ਕਰਕੇ ਪਿਤਾ ਦਿਵਸ ਮਨਾਇਆ। ਗਗਨਦੀਪ ਨੇ ਪਿਤਾ ਦਾ ਸਥਾਨ ਬੋਹੜ ਦੀ ਸੰਘਣੀ ਛਾਂ ਵਰਗਾ ਦੱਸਿਆ। ਪਿਤਾ ਹਮੇਸ਼ਾ ਆਪਣੇ ਬੱਚਿਆਂ ਦੀ ਸੁੱਖ-ਸ਼ਾਤੀ ਤੇ ਤਰੱਕੀ ਚਾਹੁੰਦਾ ਹੈ ਅਤੇ ਸਾਰੀ ਉਮਰ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਲਈ ਮਿਹਨਤ ਕਰਦਾ ਹੈ।

# ਸਕੂਲੀ ਬੱਚਿਆਂ ਨੇ ਫੁੱਟਪਾਥ 'ਤੇ ਰੰਗ-ਬਿਰੰਗਾ ਲਿਖਿਆ ਥੈਂਕਸ-ਵੀ ਲਵ ਯੂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਕਰੋਨਾ ਲਾਕਡਾਊਨ ਕਰਕੇ ਲੰਬਾ ਸਮਾਂ ਲੋਕਾਂ ਦੇ ਕਾਰੋਬਾਰ ਬੰਦ ਰਹੇ, ਲੋਕ ਘਰਾਂ ਵਿਚ ਰਹਿਣ ਲਈ ਮਜ਼ਬੂਰ ਹੋਏ। ਸਰਕਾਰ ਨੇ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਲੀਆਂ ਦੁਕਾਨਾਂ ਦੁਕਾਨਾਂ ਨੂੰ ਖੁੱਲ੍ਹਾ ਰੱਖਣ ਦੀ ਆਗਿਆ 'ਇੰਸ਼ੈਂਸ਼ੀਅਲ' ਸ਼੍ਰੇਣੀ ਅਧੀਨ ਦਿੱਤੀ। ਇਸੇ ਸ਼੍ਰੇਣੀ ਅਧੀਨ ਸ. ਖੜਗ ਸਿੰਘ ਸਿੱਧੂ ਹੋਰਾਂ ਦੀ ਏਵਰਗਲੇਡ ਮੈਨੁਕਾਓ ਵਿਖੇ 4 ਸੁਕੇਅਰ ਦੁਕਾਨ ਇਲਾਕੇ ਦੇ ਵਿਚ ਪੂਰਾ ਸਮਾਂ ਲੋਕਾਂ ਦੀ ਸਰਵਿਸ ਵਿਚ ਖੁੱਲ੍ਹੀ ਰਹੀ। ਦੁਕਾਨ ਦੇ ਸਟਾਫ ਨੇ ਵੀ ਇਸ ਮੌਕੇ ਲੋਕਾਂ ਦੀ ਸਹਾਇਤਾ ਕਰਦਿਆਂ ਪੂਰਾ ਸਾਮਾਨ ਮੁਹੱਈਆ ਕਰਵਾਇਆ। ਅੱਜ ਇਸੇ ਰੋਡ ਉਤੇ ਸਥਿਤ ਏਵਰਗਲੇਡ ਸਕੂਲ ਦੇ ਬੱਚੇ ਅਚਨਚੇਤ ਆਪਣੇ ਅਧਿਆਪਕਾਂ ਦੇ ਨਾਲ ਦੁਕਾਨ ਦੇ ਸਾਹਮਣੇ ਪਹੁੰਚੇ ਅਤੇ ਦੁਕਾਨ ਨੂੰ ਆਉਂਦੇ ਪੂਰੇ ਫੁੱਟਪਾਥ ਉਤੇ ਰੰਗ-ਬਿਰੰਗੇ ਰੰਗਾਂ ਦੇ ਨਾਲ ਥੈਂਕਸ, ਵੀ ਲਵ ਯੂ, ਵੀ ਆਰ ਟੂਗੈਦਰ ਅਤੇ ਹੋਰ ਬਹੁਤ ਕੁਝ ਸ਼ੁਕਰਾਨੇ ਵਜੋਂ ਲਿਖ ਦਿੱਤਾ। ਬੱਚਿਆਂ ਨੇ ਆਪਣੇ ਨਾਂਅ ਲਿਖੇ ਅਤੇ ਦੁਕਾਨ ਦੇ ਸਟਾਫ ਨੂੰ ਫੁੱਲਾਂ ਦਾ ਗੁਲਦਸਤਾ ਦਿੱਤਾ। ਇਨ੍ਹਾਂ ਬੱਚਿਆਂ ਦਾ ਇਸ ਤਰ੍ਹਾਂ ਦਾ ਪਿਆਰ ਵਿਖਾਉਣਾ ਪ੍ਰਤੱਖ ਹੈ ਕਿ ਤੁਹਾਡਾ ਆਪਣੇ ਇਲਾਕੇ ਵਿਚ ਕਿੰਨਾ ਚੰਗਾ ਰਸੂਖ ਹੈ। ਦੁਕਾਨਾਂ ਦੇ ਬੂਹੇ ਖੁੱਲ੍ਹੇ ਹੋਣੇ ਸਥਾਨਕ ਲੋਕਾਂ ਦੇ ਚੁੱਲ੍ਹੇ ਚੱਲਣ ਬਰਾਬਰ ਹੈ ਅਤੇ ਅਜਿਹੀ ਖੁਸ਼ੀ ਖਰੀਦਿਆਂ ਨਹੀਂ ਮਿਲ ਸਕਦੀ। ਸ. ਖੜਗ ਸਿੰਘ ਦੇ ਸਮੂਹ ਸਟਾਫ ਨੂੰ ਵਧਾਈ।




# ਸੰਤ ਜੋਗਿੰਦਰ ਪਾਲ ਜੌਹਰੀ ਨਹੀ ਰਹੇ

ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ. ਭਾਰਤ ਦੇ ਕੌਮੀ ਪ੍ਰਚਾਰਕ ਸੰਤ ਜੋਗਿੰਦਰ ਪਾਲ ਜੌਹਰੀ ਦਾ ਬੀਤੀ ਰਾਤ ਹਰਿਆਣਾ ਦੇ ਜ਼ਿਲ੍ਹਾ ਜਗਾਧਾਰੀ ਦੇ ਇਕ ਪਿੰਡ 'ਚ ਦਿਲ ਦੀ ਧੜਕਣ ਬੰਦ ਹੋਣ ਕਾਰਨ ਦੇਹਾਂਤ ਹੋ ਗਿਆ। ਇਹ ਜਾਣਕਾਰੀ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਦਿੰਦਿਆਂ ਦੱਸਿਆ ਕਿ 62 ਸਾਲਾ ਸੰਤ ਜੌਹਰੀ ਜੀ ਅੱਜ ਕੱਲ੍ਹ ਹਰਿਆਣਾ ਪ੍ਰਦੇਸ਼ ਅੰਦਰ ਸਾਥੀਆਂ ਸਮੇਤ ਪ੍ਰਚਾਰ ਲਈ ਗਏ ਸਨ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਸੰਗਤਾਂ ਦੇ ਦਰਸ਼ਨਾਂ ਦੇ ਲਈ ਪੀ.ਜੀ.ਆਈ ਚੰਡੀਗੜ੍ਹ ਤੋਂ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਰੱਖਿਆ ਗਿਆ ਹੈ।



# ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਨੇ ਸਰਬ ਸੰਮਤੀ ਨਾਲ ਨਵੀਂ ਕਮੇਟੀ ਦੀ ਕੀਤੀ ਚੋਣ- ਸ. ਅਵਤਾਰ ਸਿੰਘ ਤਾਰੀ ਬਣੇ ਪ੍ਰਧਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–**ਨਿਊਜ਼ੀਲੈਂਡ ਦੇ ਵਿਚ ਪੰਜਾਬੀ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰ ਰਹੀ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਜਿੱਥੇ ਆਉਣ ਵਾਲੇ ਲੋਕਲ ਕਬੱਡੀ ਸੀਜ਼ਨ (4 ਅਕਤੂਬਰ ਤੋਂ ਟੂਰਨਾਮੈਂਟ ਸ਼ੁਰੂ) ਦੀਆਂ ਤਿਆਰੀਆਂ ਵਿਚ ਜੁੱਟੀ ਹੈ ਉਥੇ ਨਵੀਂ ਚੁਣੀ ਗਈ ਕਮੇਟੀ ਨੇ ਵੀ ਵਾਅਦਾ ਕਰ ਦਿੱਤਾ ਹੈ ਕਿ 'ਵਿਊ ਆਰ ਰੈਡੀ'। ਪਿਛਲੇ ਦਿਨੀਂ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੀ ਸਾਲਾਨਾ ਮੀਟਿੰਗ ਹੋਈ ਜਿਸ ਦੇ ਵਿਚ ਪਿਛਲੇ ਸਾਲ ਦੀਆਂ ਗਤੀਵਿਧੀਆਂ ਉਤੇ ਚਰਚਾ ਹੋਈ। ਸਕੱਤਰ ਸ. ਤੀਰਥ ਸਿੰਘ ਅਟਵਾਲ ਨੇ ਪਿਛਲੇ ਸਾਲ ਦੀ ਰਿਪੋਰਟ ਪੇਸ਼ ਕੀਤੀ। ਇਸ ਤੋਂ ਬਾਅਦ ਸਰਬ ਸੰਮਤੀ ਦੇ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਜੋ 31 ਜੁਲਾਈ ਨੂੰ ਆਪਣਾ ਕਾਰਜ ਭਾਰ ਸੰਭਾਲ ਲਵੇਗੀ। ਨਵੀਂ ਚੁਣੀ ਗਈ ਫੈਡਰੇਸ਼ਨ ਟੀਮ ਦੇ ਵਿਚ ਸ. ਅਵਤਾਰ ਸਿੰਘ ਤਾਰੀ ਪ੍ਰਧਾਨ, ਜੱਸੀ ਬਰਾੜ ਉਪ ਪ੍ਰਧਾਨ, ਤੀਰਥ ਸਿੰਘ ਅਟਵਾਲ ਸਕੱਤਰ, ਮਨਜੀਤ ਸਿੰਘ ਸਹਿ ਸਕੱਤਰ, ਜਗਦੇਵ ਸਿੰਘ ਜੱਗੀ ਡਾਇਰੈਕਟਰ, ਜੱਸਾ ਬੋਲੀਨਾ ਚੇਅਰਮੈਨ, ਹਰਪ੍ਰੀਤ ਸਿੰਘ ਰਾਇਸਰ ਸਪੋਕਸਪਰਸਨ ਅਤੇ ਰਾਜਾ ਬੁੱਟਰ ਨੂੰ ਖਜ਼ਾਨਚੀ ਚੁਣਿਆ ਗਿਆ। ਮੀਟਿੰਗ ਦੇ ਅੰਤ ਵਿਚ ਮੌਜੂਦਾ ਪ੍ਰਧਾਨ ਜੱਸਾ ਬੋਲੀਨਾ ਨੇ ਆਏ ਸਾਰੇ ਮੈਂਬਰਜ਼ ਅਤੇ ਪਿਛਲੇ ਸਾਲ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਨਿਊਜ਼ੀਲੈਂਡ ਦੇ ਵਿਚ ਹੋਣ ਵਾਲੇ ਕਬੱਡੀ ਟੂਰਨਾਮੈਂਟਾਂ ਦੇ ਵਿਚ ਨਿਰਧਾਰਤ ਨਿਯਮਾਂ ਨੂੰ ਲਾਗੂ ਕਰਵਾਉਣ ਵਿਚ ਆਪਣਾ ਸਹਿਯੋਗ ਕਰਦੀ ਹੈ।




‘ਦੇਸ਼ ਦੁਆਬਾ’
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।



BERKSHIRE HATHAWAY Home Services
Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828




## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਬੋਲਣ ਅਤੇ ਸੁਣਨ ਤੋਂ ਅਸਮੱਰਥ ਲੜਕੀ ਨੂੰ ਪਰਿਵਾਰ ਨਾਲ ਮਿਲਾਉਣ ਲਈ ਨੰਗਲ ਵਿੱਚ ਪਹੁੰਚੇ ਟੀਮ ਦੇ ਮੈਂਬਰ



ਬੋਲਣ ਅਤੇ ਸੁਣਨ ਤੋਂ ਅਸਮੱਰਥ ਇੱਕ ਲੜਕੀ ਪਿਛਲੇ ਲੱਗਭੱਗ ਚਾਰ ਮਹੀਨਿਆਂ ਤੋਂ ਅਪਣੇ ਪਰਿਵਾਰ ਨੂੰ ਲੱਭਣ ਦੀ ਕੋਸਿਸ ਵਿੱਚ ਲੱਗੀ ਹੋਈ ਹੈ ਪਰੰਤੂ ਅਜੇ ਤੱਕ ਉਸਨੂੰ ਹੁਣ ਤੱਕ ਕੋਈ ਸਫਲਤਾ ਨਹੀਂ ਮਿਲੀ ਹੈ। ਇਸ ਮੰਤਬ ਨੂੰ ਲੈਕੇ ਬਾਲ ਭਲਾਈ ਕਮੇਟੀ ਮੈਂਬਰ ਕੁਲਦੀਪ ਚੰਦ, ਪਰਕਾਸ਼ ਮੈਮੋਰੀਅਲ ਡੀਫ ਐਂਡ ਡੰਵ ਵੈਲਫੇਅਰ ਸੋਸਾਇਟੀ ਰੂਪਨਗਰ ਤੋਂ ਮੈਡਮ ਮੀਨੂੰ,ਚਾਇਲਡਲਾਇਨ ਤੋਂ ਮੈਡਮ ਅਮਨ ਅੱਜ ਇਸ ਲੜਕੀ ਨੂੰ ਨੰਗਲ ਵਿੱਚ ਲੈਕੇ ਪਹੁੰਚੇ ਅਤੇ ਲੜਕੀ ਦੇ ਪਰਿਵਾਰ ਨੂੰ ਲੱਭਣ ਦੀ ਕੋਸਿਸ ਕੀਤੀ। ਬਾਲ ਭਲਾਈ ਕਮੇਟੀ ਮੈਂਬਰ ਕੁਲਦੀਪ ਚੰਦ ਨੇ ਦੱਸਿਆ ਕਿ 14 ਫਰਵਰੀ ਨੂੰ ਨੰਗਲ ਪੁਲਿਸ ਨੂੰ ਇਹ ਲੜਕੀ ਟਰੱਕ ਯੂਨੀਅਨ ਚੌਂਕ ਲਾਗੇ ਮਿਲੀ ਸੀ ਜਿਸਨੂੰ ਪੁਲਿਸ ਨੇ ਬਾਲ ਭਲਾਈ ਕਮੇਟੀ ਦੈ ਸਪੁਰੱਦ ਕਰ ਦਿੱਤਾ ਸੀ ਅਤੇ ਸਰਕਾਰ ਵਲੋਂ ਮੰਨਜੂਰਸੁਦਾ ਚਾਇਲਡ ਕੇਅਰ ਇਸੰਟੀਚਿਊਟ ਪਰਕਾਸ਼ ਮੈਮੋਰੀਅਲ ਡੀਫ ਐਂਡ ਡੰਵ ਵੈਲਫੇਅਰ ਸੋਸਾਇਟੀ ਰੂਪਨਗਰ ਵਿੱਚ ਰਹਿਣ ਲਈ ਸੈਲਟਰ ਦੇ ਦਿੱਤਾ ਸੀ। ਉਸਤੋਂ ਬਾਦ ਲਗਾਤਾਰ ਇਸਦੇ ਪਰਿਵਾਰ ਨੂੰ ਲੱਭਣ ਦੀ ਕੋਸਿਸ ਕੀਤੀ ਜਾ ਰਹੀ ਹੈ। ਚਾਇਲਡ ਕੇਅਰ ਇਸੰਟੀਚਿਊਟ ਪਰਕਾਸ਼ ਮੈਮੋਰੀਅਲ ਡੀਫ ਐਂਡ ਡੰਵ ਵੈਲਫੇਅਰ ਸੋਸਾਇਟੀ ਰੂਪਨਗਰ ਦੇ ਮੈਡਮ ਮਿਨੂੰ ਨੇ ਦੱਸਿਆ ਕਿ ਇਹ ਲੜਕੀ ਜੋਕਿ ਬੋਲਣ ਅਤੇ ਸੁਣਨ ਤੋਂ ਅਸਮੱਰਥ ਹੈ ਅਤੇ ਅਨਪੜ੍ਹ ਹੈ ਸਿਰਫ ਇਸਾਰਿਆਂ ਨਾਲ ਹੀ ਜਾਣਕਾਰੀ ਦੇਣ ਕਾਬਿਲ ਹੈ ਅਤੇ ਇਸਾਰਿਆਂ ਦੀ ਭਾਸਾ ਤੋਂ ਹੀ ਪਤਾ ਚੱਲਿਆ ਹੈ ਕਿ ਇਸਦਾ ਸਬੰਧ ਨੰਗਲ ਇਲਾਕੇ ਨਾਨ ਹੈ ਅਤੇ ਇਹ ਰੇਲਵੇ ਸਟੇਸਨ ਬਾਰੇ ਕੁੱਝ ਦੱਸਦੀ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਅੱਜ ਇਸ ਲੜਕੀ ਨੂੰ ਨੰਗਲ ਲਿਆਂਦਾ ਗਿਆ ਹੈ ਅਤੇ ਉਸ ਵੱਲੋਂ ਦੱਸੀਆਂ ਗਈਆਂ ਵੱਖ ਵੱਖ ਥਾਵਾਂ ਬਰਾਰੀ, ਕਥੇੜਾ, ਰੇਲਵੇ ਰੋਡ, ਜਵਾਹਰ ਮਾਰਕੀਟ ਆਦਿ ਵਿੱਚ ਲਿਜਾਕੇ ਇਸਦੇ ਪਰਿਵਾਰ ਨੂੰ ਲੱਭਣ ਦੀ ਕੋਸਿਸ ਕੀਤੀ ਗਈ ਹੈ। ਉਨ੍ਹਾਂ ਨੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਲੜਕੀ ਦੇ ਪਰਿਵਾਰ ਬਾਰੇ ਜੇਕਰ ਕਿਸੇ ਕੋਲ ਵੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ ਜਾਂ ਬਾਲ ਭਲਾਈ ਕਮੇਟੀ ਨੂੰ ਦੱਸਿਆ ਜਾਵੇ ਤਾਂ ਜੋ ਇਸ ਲੜਕੀ ਨੂੰ ਪਰਿਵਾਰ ਨਾਲ ਮਿਲਾਇਆ ਜਾ ਸਕੇ।

**– ਕੁਲਦੀਪ ਚੰਦ**

# ਪੁਲਿਸ ’ਤੇ ਗੋਲੀ: ਅਪਰਾਧੀਆਂ ਦੇ ਵਧਦੇ ਹੌਸਲੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਨਿਊਜ਼ੀਲੈਂਡ ਦੇ ਵਿਚ ਅਪਰਾਧੀਆਂ ਦੇ ਹੌਸਲੇ ਹੁਣ ਐਨੇ ਖੁੱਲ੍ਹ ਗਏ ਹਨ ਕਿ ਉਹ ਟ੍ਰੈਫਿਕ ਚੈਕਿੰਗ ਦੌਰਾਨ ਰੁਕਣ ਨਾਲੋਂ ਪੁਲਿਸ ਅਫਸਰਾਂ ਉਤੇ ਗੋਲੀ ਚਲਾਉਣ ਨੂੰ ਆਪਣੀ ਸ਼ੇਖੀ ਸਮਝਣ ਲੱਗੇ ਹਨ। ਅੱਜ ਸਵੇਰੇ 10.40 ’ਤੇ ਵੈਸਟ ਔਕਲੈਂਡ ਦੇ ਮੈਸੀ ਖੇਤਰ ਦੇ ਵਿਚ ਨਿਊਜ਼ੀਲੈਂਡ ਪੁਲਿਸ ਦੀ ਰੂਟੀਨ ਟ੍ਰੈਫਿਕ ਚੈਕਿੰਗ ਦੌਰਾਨ ਇਕ ਹਮਲਾਵਾਰ ਨੇ ਦੋ ਪੁਲਿਸ ਅਫਸਰਾਂ ਦੇ ਉਤੇ ਗੋਲੀਬਾਰੀ ਕਰ ਦਿੱਤੀ। ਇਕ ਪੁਲਿਸ ਅਫਸਰ ਦੀ ਥੋੜ੍ਹੀ ਦੇਰ ਬਾਅਦ ਸ਼ਹੀਦ ਹੋ ਗਿਆ ਜਦ ਕਿ ਦੂਜਾ ਜ਼ਖਮੀ ਹੋ ਗਿਆ।



ਹਮਲਾਵਰ ਨੇ ਆਪਣੀ ਕਾਰ ਇਕ ਰਾਹਗੀਰ ਦੇ ਉਤੇ ਵੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ 2009 ਦੇ ਵਿਚ ਇਸੀ ਤਰ੍ਹਾਂ ਨੇਪੀਅਰ ਵਿਖੇ ਪੁਲਿਸ ਅਫਸਰ ਮਾਰਿਆ ਗਿਆ ਸੀ ਅਤੇ ਹੁਣ ਇਹ ਘਟਨਾ 11 ਸਾਲ ਬਾਅਦ ਦੁਬਾਰਾ ਹੋਈ ਹੈ। ਹਮਲਾਵਰ ਮੌਕੇ ਤੋਂ ਫਰਾਰ ਹੋ ਗਿਆ ਅਤੇ ਭਾਰੀ ਪੁਲਿਸ ਫੋਰਸ ਉਸਨੂੰ ਲੱਭਣ ਲਈ ਲੱਗੀ ਹੋਈ ਹੈ। ਨੇੜੇ ਦੇ ਸਕੂਲਾਂ ਨੂੰ ਗੇਟ ਬੰਦ ਰੱਖਣ ਲਈ ਕਿਹਾ ਗਿਆ ਹੈ। ਪੁਲਿਸ ਨੇ ਲੋਕਾਂ ਨੂੰ ਡਨਬੱਕ ਰੋਡ, ਵਾਇਮੂਮਾ ਰੋਡ, ਹੈਵਲਿਟ ਰੋਡ ’ਤੇ ਟ੍ਰਾਇੰਗਲ ਰੋਡ ਤੋਂ ਪਰ੍ਹੇ ਰਹਿਣ ਲਈ ਕਿਹਾ ਹੈ। ਮੌਕੇ ਦੇ ਇਕ ਗਵਾਹ ਨੇ ਦੱਸਿਆ ਕਿ ਪੁਲਿਸ ਅਫਸਰ ਤੜ੍ਹਪ ਰਿਹਾ ਸੀ ਉਸਨੇ ਗੱਡੀ ਰੋਕ ਕੇ ਉਸਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸਨੂੰ ਗੁਆਂਢੀਆ ਅਤੇ ਦੂਜੇ ਪੁਲਿਸ ਅਫਸਰਾਂ ਵੱਲੋਂ ਰੋਕ ਦਿੱਤਾ ਗਿਆ। ਤਿੰਨ ਐਂਬੂਲੈਂਸ ਗੱਡੀਆਂ ਅਤੇ ਭਾਰੀ ਫੋਰਸ ਉਥੇ ਤੁਰੰਤ ਪਹੁੰਚ ਗਈ ਸੀ।

# ਵਾਇਕਾਟੋ ਸ਼ਹੀਦੇ-ਆਜ਼ਮ-ਭਗਤ ਸਿੰਘ ਸਪੋਰਟਸ ਐਂਡ ਕਲਚਰਲ ਟਰੱਸਟ ਹਮਿਲਟਨ ਦਾ ਸਲਾਨਾ ਇਜਲਾਸ ਤੇ ਨਵੀ ਕਮੇਟੀ ਦੀ ਚੋਣ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਜਜ਼ਬਾ ਹੋਵੇ ਤਾਂ ਦੇਸ਼-ਵਿਦੇਸ਼ ਦਾ ਫਰਕ ਨਹੀਂ ਪੈਂਦਾ ਇਹ ਖੁਦ-ਬਖੁਦ ਸਮਾਜਿਕ ਕਾਰਜਾਂ ਲਈ ਆਪਣੇ ਆਪ ਨੂੰ ਅੱਗੇ ਕਰ ਦਿੰਦਾ ਹੈ। ਨਿ-ਊਜ਼ੀਲੈਂਡ ਦੇ ਵਿਚ ਵੀ ਅਨੇਕਾਂ ਅਜਿਹੇ ਟ੍ਰਸਟ ਅਤੇ ਸੰਸਥਾਵਾਂ ਹਨ ਜਿਹੜੇ ਦੇਸ਼-ਭਗਤੀ, ਖੇਡਾਂ ਅਤੇ ਵਿਰਸੇ ਨਾਲ ਨਵੀਂ-ਪੁਰਾਣੀ ਪੀੜ੍ਹੀ ਨੂੰ ਜੋੜਨ ਦਾ ਕੰਮ ਕਰਦੀਆਂ ਹਨ। ਵਾਇਕਾਟੋ ਸ਼ਹੀਦੇ-ਆਜ਼ਮ ਭਗਤ ਸਿੰਘ ਸਪੋਰਟਸ ਐਂਡ ਕਲਚਰਲ ਟ੍ਰਸਟ ਹਮਿਲਟਨ ਵੀ ਆਪਣੀ ਚਾਲੇ ਵਧੀਆ ਕਾਰਗੁਜ਼ਾਰੀ ਵਿਖਾ ਰਿਹਾ ਹੈ। ਅੱਜ ਟ੍ਰਸਟ ਦਾ ਸਲਾਨਾ ਇਜਲਾਸ ਸੰਪੰਨ ਹੋਇਆ ਜਿਸ ਦੇ ਵਿਚ ਅਪ੍ਰੈਲ 2019 ਤੋਂ ਮਾਰਚ 2020 ਤੱਕ ਦੇ ਵਿਤੀ ਸਾਲ ਦੀਆਂ ਸਰਗਰਮੀਆਂ ਦਾ ਲੇਖਾ-ਜੋਖਾ ਕੀਤਾ ਗਿਆ। ਪਿਛਲੇ ਸਾਲ ਦੇ ਵਿਚ ਕੀਤੇ ਗਏ ਕਾਰਜ ਜਿਨ੍ਹਾਂ ਵਿਚ ਦਸਤਾਰ ਸਿੱਖਲਾਈ ਕੈਂਪ, ਸਿਟੀ ਕੌਂਸਲ ਨਾਲ ਮਿਲਕੇ ਬੂਟੇ ਲਾਉਣੇ, ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸਮਾਗਮ, ਦੋ ਵਾਰ ਖੂਨਦਾਨ ਕੈਂਪ, ਗਿੱਧੇ-ਭੰਗੜੇ ਦੀਆ ਫ੍ਰੀ ਕਲਾਸਾਂ ਹਰ ਬੁੱਧਵਾਰ, ਬੱਚਿਆ ਨੂੰ ਫ੍ਰੀ ਹਾਕੀ ਦੀ ਟਰੇਨਿੰਗ ਹਰ ਹਫ਼ਤੇ ਪੰਜਾਬ ਕਲੱਬ ਨਾਲ ਮਿਲਕੇ, ਪਹਿਲਾ ਕ੍ਰਿਕਟ ਅਤੇ ਬੱਚਿਆਂ ਦਾ ਹਾਕੀ ਟੂਰਨਾਮੈਂਟ, ਚੌਥਾ ਫੈਮਲੀ ਸਪੋਰਟਸ ਟੂਰਨਾਮੈਂਟ, ਇੰਡੀਆ ਵਿਚ ਧਾਰਾ 371 ਖਤਮ ਕਰਨ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਅਤੇ ਹੋਰ ਅਨੇਕਾਂ ਕਾਰਦਾਂ ਦੀ ਸਫਲਤਾ ਉਤੇ ਸਾਰੇ ਟਰੱਸਟੀ ਮੈਂਬਰਜ ਵੱਲੋਂ ਤਸੱਲੀ ਦਾ ਪ੍ਰਗਟਾਅ ਕੀਤਾ ਗਿਆ। ਮੈਂਬਰਾਂ ਦੇ ਸਹਿਯੋਗ ਨਾਲ ਸੁਖਜੀਤ ਰੱਤੂ, ਜਰਨੈਲ ਸਿੰਘ ਰਾਹੋਂ ਅਤੇ ਰਵਿੰਦਰ ਸਿੰਘ ਪੁਆਰ ਨੇ ਇਨ੍ਹਾਂ ਕਾਰਜਾਂ ਵਿਚ ਵਧੀਆ ਭੂਮਿਕਾ ਨਿਭਾਈ ਸੀ, ਜਿਸ ਕਰਕੇ ਟ੍ਰਸਟ ਨੇ ਇਨ੍ਹਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਪਰੰਤ ਨਵੀਂ ਕਮੇਟੀ ਦੀ ਚੋਣ ਸਰਬ ਸੰਮਤੀ ਦੇ ਨਾਲ ਕਰ ਲਈ ਗਈ ਜਿਸ ਦੇ ਵਿਚ ਸ. ਜਰੈਨਲ ਸਿੰਘ ਰਾਹੋਂ ਨੂੰ ਪ੍ਰਧਾਨ, ਕਮਲਜੀਤ ਕੋਰ ਸੰਘੇੜਾ ਉਪ ਪ੍ਰਧਾਨ, ਵਰਿੰਦਰ ਸਿੰਘ ਸਿੱਧੂ ਸਕੱਤਰ, ਅਤੇ ਗੁਰਵਿੰਦਰ ਸਿੰਘ ਬੁੱਟਰ ਖਜ਼ਾਨਚੀ ਨੂੰ ਚੁਣਿਆ ਗਿਆ। ਇਸ ਮੌਕੇ ਟਰੱਸਟ ਮੈਂਬਰ ਰਵਿੰਦਰ ਸਿੰਘ ਪੁਆਰ, ਹਰਪ੍ਰੀਤ ਕੌਰ, ਖੁਸ਼ਮੀਤ ਕੌਰ ਸਿੱਧੂ, ਸੁਖਜੀਤ ਰੱਤੂ, ਗੁਰਦੀਪ ਕੌਰ, ਰਾਜਵੀਰ ਸਿੰਘ ਵੀ ਹਾਜ਼ਰ ਸਨ। ਵਰਨਣਯੋਗ ਹੈ ਕਿ ਲਾਕ ਡਾਊਨ ਦੌਰਾਨ ਵੀ ਟ੍ਰਸਟ ਵੱਲੋਂ ਲੋੜਵੰਦਾਂ ਨੂੰ 1800 ਫ੍ਰੀ ਫੂਡ ਬੈਗ ਵੰਡੇ ਗਏ ਸਨ।

# ਐਨ ਆਰ ਆਈ ਕੁਲਵਿੰਦਰ ਸਿੰਘ ਰਾਓ ਨੇ ਕਲੱਬ ਨੂੰ ਦਿੱਤੀ ਮਾਲੀ ਮਦਦ

ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ ਸਪੋਰਟਸ ਕਲੱਬ ਪਿੰਡ ਦੀਵਾਲਾ ਵੱਲੋਂ ਪਿੰਡ ਵਿਚ ਨਵੇਂ ਤਿਆਰ ਕਰਵਾਏ ਜਾ ਰਹੇ ਖੇਡ ਗਰਾਊਂਡ ਦੇ ਲਈ ਐਨ ਆਰ ਆਈ ਕੁਲਵਿੰਦਰ ਸਿੰਘ ਰਾਓ ਅਮਰੀਕਾ ਵਾਲਿਆਂ ਨੇ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਸਮਾਜ ਸੇਵੀ ਤਸਵਿੰਦਰ ਸਿੰਘ ਬੜੈਚ ਰਾਹੀਂ ਕਲੱਬ ਦੇ ਖਜ਼ਾਨਚੀ ਹਰਦੀਪ ਸਿੰਘ ਫੌਜੀ ਨੂੰ ਸੌਂਪੀ।ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਬੜੈਚ ਨੇ ਦਾਨੀ ਸੱਜਣ ਕੁਲਵਿੰਦਰ ਸਿੰਘ ਰਾਓ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰੇਕ ਇਨਸਾਨ ਨੂੰ ਰਾਓ ਸਾਹਿਬ ਤੋਂ ਸੇਧ ਲੈਣੀ ਚਾਹੀਦੀ ਹੈ ਤੇ ਆਪਣਾ ਬਣਦਾ ਯੋਗਦਾਨ ਲੋਕ ਭਲਾਈ ਦੇ ਕੰਮਾਂ ਵਿਚ ਪਾਉਣਾ ਚਾਹੀਦਾ ਹੈ। ਇਸ ਮੌਕੇ ਮੀਤ ਪ੍ਰਧਾਨ ਸੁਖਪ੍ਰੀਤ ਸਿੰਘ ਫੌਜੀ, ਪ੍ਰਧਾਨ ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਤਸਵਿੰਦਰ ਸਿੰਘ ਬੜੈਚ, ਹਰਦੀਪ ਸਿੰਘ ਦੀਪੀ ਆਦਿ ਹਾਜ਼ਿਰ ਸਨ।



# ਲੋਹੀਆਂ ਦੇ ਬਾਜ਼ਾਰ ਪੂਰਨ ਤੌਰ ’ਤੇ ਰਹੇ ਬੰਦ



**ਲੋਹੀਆਂ ਖਾਸ –** ਕੋਰੋਨਾ ਮਹਾਂਮਾਰੀ ਦੇ ਪ੍ਰਭਾਵ ਨੂੰ ਥੋੜਾ ਠੱਲਣ ਲਈ ਪੰਜਾਬ ਸਰਕਾਰ ਵਲੋਂ ਬਹੁਤ ਜਰੂਰੀ ਵਸਤਾਂ ਦੀਆਂ ਦੁਕਾਨਾਂ ਨੂੰ ਛੱਡ ਕੇ ਐਤਵਾਰ ਨੂੰ ਬਾਕੀ ਦੁਕਾਨਾਂ ਬੰਦ ਕਰਨ ਦੇ ਹੁਕਮ ਦਿੱਤੇ ਗਏ ਸਨ, ਜਿਨ੍ਹਾਂ ਮੁਤਾਬਕ ਲੋਹੀਆਂ ਦੇ ਕਰੀਬ ਸਾਰੇ ਬਜ਼ਾਰ ਬੰਦ ਰਹੇ।

ਬਹੁਤ ਜਰੂਰੀ ਵਸਤਾਂ ਦੀਆਂ ਦੁਕਾਨਾਂ ’ਚ ਦੁੱਧ ਲਈ ਹਲਵਾਈ, ਰੈਸਟੋਰੈਂਟ, ਮੈਡੀਕਲ ਸਟੋਰ, ਸ਼ਰਾਬ ਦੇ ਠੇਕੇ ਖੁੱਲੇ ਸਨ, ਪਰ ਆਵਾਜਾਈ ਨਾ ਹੋਣ ਕਾਰਨ ਗ੍ਰਾਹਕ ਕਿਧਰੇ ਨਜ਼ਰ ਨਹੀਂ ਆ ਰਹੇ ਸਨ ਤੇ ਇਨ੍ਹਾਂ ਦੁਕਾਨਦਾਰਾਂ ’ਚ ਬਹੁਤਾ ਉਤਸ਼ਾਹ ਨਹੀਂ ਸੀ ।

ਦੱਸਣਯੋਗ ਹੈ ਕਿ ਲੋਹੀਆਂ ਵਪਾਰ ਮੰਡਲ ਦੇ ਪ੍ਰਧਾਨ ਅਵਤਾਰ ਸਿੰਘ ਚੰਦੀ ਦੀ ਅਗਵਾਈ ਹੇਠ ਬੀਤੇ ਦਿਨੀਂ ਹੋਈ ਦੁਕਾਨਦ-ਾਰਾਂ ਦੀ ਮੀਟਿੰਗ ਵਿੱਚ ਕੋਰੋਨਾ ਦੇ ਵਧਦੇ ਪ੍ਰਭਾਵ ਨੂੰ ਲੈ ਕੇ ਚਿੰਤਾ ਜ਼ਾਹਿਰ ਕਰਦਿਆਂ ਪਹਿਲਾਂ ਹੀ ਐਤਵਾਰ ਨੂੰ ਸਮੂਹ ਦੁਕਾਨਾਂ ਬੰਦ ਰੱਖਣ ਦਾ ਫੈਸਲਾ ਲੈ ਲਿਆ ਗਿਆ ਸੀ, ਪਰ ਅਗਲੇ ਦਿਨ ਹੀ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਏ ਹੁਕਮਾਂ ਨਾਲ ਐਤਵਾਰ ਨੂੰ ਪੂਰਨ ਬੰਦ ਰੱਖਣ ’ਤੇ ਪੱਕੀ ਮੋਹਰ ਲੱਗ ਗਈ ਸੀ ।

# ਭਾਰਤ ਤੋਂ ਵਾਪਿਸ ਪਹੁੰਚੇ ਕਰੋਨਾ ਰੋਗੀਆਂ ਦੀ ਗਿਣਤੀ ਹੋਈ 7

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਵਿਚ ਕਰੋਨਾ ਕੇਸਾਂ ਦੀ ਗਿਣਤੀ ਮੁੜ ਵਧਣ ਲੱਗੀ ਹੈ। ਅੱਜ ਦੋ ਨਵੇਂ ਕੇਸ ਆ ਗਏ ਹਨ ਜਿਸ ਨੂੰ ਮਿਲਾ ਕੇ ਕੁਲ ਗਿਣਤੀ ਹੁਣ 7 ਹੋ ਗਈ ਹੈ।

ਇਹ ਦੋਵੇਂ ਕੇਸ 15 ਜੂਨ ਨੂੰ ਇਥੇ ਪਹੁੰਚੀ ਏਅਰ ਇੰਡੀਆ ਦੀ ਫਲਾਈਟ ਨਾਲ ਸਬੰਧਿਤ ਹਨ। ਇਸਦੇ ਵਿਚ ਇਕ 2 ਸਾਲਾ ਬੱਚਾ ਸ਼ਾਮਿਲ ਹੈ ਅਤੇ ਇਕ 59 ਸਾਲਾ ਮਹਿਲਾ ਜੋ ਕਿ ਦਿੱਲੀ ਤੋਂ ਇਥੇ ਆਈ ਸੀ। ਇਸਦੇ ਪਤੀ ਦਾ ਵੀ ਟੈਸਟ ਕੀਤਾ ਗਿਆ ਹੈ ਅਤੇ ਰਿਪੋਰਟ ਆਉਣੀ ਬਾਕੀ ਹੈ।

2 ਸਾਲਾ ਬੱਚਾ ਓਹੀ ਹੈ ਜਿਸਦੇ ਮਾਂ-ਪਿਓ ਬੀਤੇ ਕੱਲ੍ਹ ਪਾਜ਼ੇਟਿਵ ਪਾਏ ਗਏ ਸਨ। 0-9 ਸਾਲ ਦੇ ਬੱਚਿਆਂ ਦੇ ਵਿਚ ਹੁਣ ਤੱਕ 36 ਬੱਚੇ ਕਰੋਨਾ ਪਾਜ਼ੇਟਿਵ ਪਾਏ ਗਏ ਸਨ ਜੋ ਕਿ ਸਾਰੇ ਠੀਕ ਹੋ ਗਏ ਹਨ।

# ਵਿਦੇਸ਼ਾਂ ਤੋਂ ਆਏ 27 ਵਿਅਕਤੀਆਂ ’ਚੋਂ 11 ਦੀ ਆਈ ਰਿਪੋਰਟ, ਬਾਕੀਆਂ ’ਚ ਸਹਿਮ

**ਲੋਹੀਆਂ ਖਾਸ–** ਵਿਦੇਸ਼ਾਂ ਤੋਂ ਆਏ ਜ਼ਿਲ੍ਹੇ ਜਲੰਧਰ ਨਾਲ ਸਬੰਧਤ 27 ਵਿਅਕਤੀ ਜਿਹਨਾਂ ਨੂੰ ਲੋਹੀਆਂ ਦੇ ਰਾਧਾ ਸੁਆਮੀ ਸਤਿਸੰਗ ਘਰ ਪਿੰਡ ਮਾਣਕ ਵਿਖੇ ਬਣਾਏ ਗਏ ਇਕਾਂਤਵਾਸ ਵਿਚ ਰੱਖਿਆ ਹੋਇਆ ਹੈ, ਦੇ ਲਏ ਗਏ ਕੋ-ਰੋਨਾ ਸੈਂਪਲਾਂ ਵਿਚੋਂ 3 ਨੌਜਵਾਨਾਂ ਦੀ ਰਿਪੋਰਟ ਪਾਜੇਟਿਵ, 8 ਦੀ ਨੈਗੇਟਿਵ ਆਉਣ ਨਾਲ ਬਾਕੀ 16 ਨੌਜਵਾਨਾਂ ’ਚ ਸਹਿਮ ਪਾਇਆ ਜਾ ਰਿਹਾ ਹੈ। ਇਸਦੀ ਪੁਸ਼ਟੀ ਸਿਵਲ ਹਸਪਤਾਲ ਲੋਹੀਆਂ ਦੇ ਐਸ. ਐਮ. ਓ. ਡਾ. ਦਵਿੰਦਰ ਸਮਰਾ ਅਤੇ ਡਾ. ਤਰੁਨ ਸਭਰਵਾਲ ਨੇ ਕੀਤੀ। ਉਹਨਾਂ ਦੱਸਿਆ ਕਿ ਕੋਰੋਨਾ ਪੀੜਤ ਮਰੀਜ਼ਾਂ ਨੂੰ ਮੈਰੀਟੋਰੀਅਸ ਸਕੂਲ, ਆਦਰਸ਼ ਨਗਰ ਜਲੰਧਰ ਵਿਖੇ ਬਣਾਏ ਗਏ ਕੁਆਰੰਟਾਈਨ ਸੈਂਟਰ ਵਿਖੇ ਲਿਜਾਇਆ ਗਿਆ ਹੈ, ਜਦਕਿ ਨੈਗੇਟਿਵ ਆਏ 8 ਨੌਜਵਾਨਾਂ ਨੂੰ ਆਪੋ ਆਪਣੇ ਘਰ ਭੇਜ ਦਿੱਤਾ ਹੈ।

**–ਗੁਰਪਾਲ ਸਿੰਘ ਸ਼ਤਾਬਗੜ੍ਹ**



ਤਸਵੀਰਾਂ ਅਤੇ ਵੇਰਵਾ– ਗੁਰਪਾਲ ਸਿੰਘ ਸ਼ਤਾਬਗੜ੍ਹ


## ਲੜਕੀ ਦੀ ਲੋੜ

Boy 30 Years, 5’10”, Handsome Punjabi Hindu M.Sc. Plant Biotechnology, Bio-Medical Engineer Born and Educated in USA. Looking for beautiful, well-educated girl.

Please E-mail: cbob255@gmail.com your Bio-Data

Call us at Tel: 1-847-809-5340

## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ ਏ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।

ਸੰਪਰਕ ਕਰੋ: 1-718-709-1908

# ਸਵਾਮੀ ਵਿਵੇਕਾਨੰਦ ਸੁਸਾਇਟੀ ਵੱਲੋਂ ਕਈ ਅਹਿਮ ਮਸਲਿਆ ਤੇ ਵਿਸ਼ੇਸ਼ ਮੀਟਿੰਗ

**ਫਗਵਾੜਾ (ਬੀ.ਕੇ.ਰੱਤੂ)** ਬੀਤੇ ਸ਼ੁੱਕਰਵਾਰ ਸਵੇਰੇ ਸਵਾਮੀ ਵਿਵੇਕਾਨੰਦ ਵੈਲਫੇਅਰ ਸੁਸਾਇਟੀ,ਚਾਹਲ ਨਗਰ ਅਤੇ ਗਰੀਨ ਪਾਰਕ ਫਗਵਾੜਾ ਵੱਲੋਂ ਸਵਾਮੀ ਵਿਵੇਕਾਨੰਦ ਪਾਰਕ, ਸਿਵਲ ਹਸਪਤਾਲ ਰੋਡ ਫਗਵਾੜਾ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ ।। ਇਸ ਮੀਟਿੰਗ ਦਾ ਆਰੰਭ ਸੁਸਾਇਟੀ ਦੇ ਜਨਰਲ ਸੈਕਟਰੀ ਅਸ਼ੋਕ ਮੈਹਰਾ ਵੱਲੋਂ ਵਿਪਨ ਹਾਂਡਾ ਜੀ ਦੀ ਪ੍ਰਧਾਨਗੀ ਹੇਠ ਕੀਤਾ ਗਿਆ । ਮੀਟਿੰਗ ਵਿੱਚ ਪਹਿਲਾ ਵਿਚਾਰ ਵਟਾਂਦਰਾ ਲਦਾਖ਼ ਵਿੱਚ ਹੋਰੇ ਭਾਰਤ ਮਾਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕੀਤਾ ਗਿਆ । ਸੁਸਾਇਟੀ ਦੇ ਪੈਟਰੈਨ ਬਲਵਿੰਦਰ ਸੈਣੀ ਅਤੇ ਕੇਵਲ ਕ੍ਰਿਸ਼ਨ ਸ਼ਰਮਾਂ ਜੀ ਵੱਲੋਂ ਇਲਾਕੇ ਵਿੱਚ ਚੋਰੀ ਦੀਆਂ ਵੱਧ ਰਹੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਿਸ ਪ੍ਰਸ਼ਾਸਨ ਨੂੰ ਪੁਲਿਸ ਗਸ਼ਤ ਵਧਾਉਣ ਲਈ ਮੰਗ ਪੱਤਰ ਦੇਣ ਅਤੇ ਕਲੋਨੀ ਵਿੱਚ ਠੀਕਰੀ ਪੈਰਾ ਲਾਉਣ ਦੀ ਸਲਾਹ ਦਿੱਤੀ । ਉਹਨਾਂ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਆਪਣੇ ਮੋਬਾਇਲ ਫ਼ੋਨ, ਬੈਗ ਅਤੇ ਪਹਿਨੇ ਹੋਏ ਗਹਿਣਿਆ ਦਾ ਖਾਸ਼ ਧਿਆਨ ਰੱਖਣ ਅਤੇ ਕਿਸੇ ਵੀ ਸ਼ੱਕੀ ਵਿਅਕਤੀ ਜਾਂ ਵਹੀਕਲ ਦੀ ਸੂਚਨਾ ਤੁਰੰਤ ਪੁਲਿਸ ਪ੍ਰਸ਼ਾਸ਼ਨ ਨੂੰ ਜ਼ਰੂਰ ਦੇਣ ਅਤੇ ਇਲਾਕੇ ਨਿਵਾਸੀਆ ਨੂੰ ਵੀ ਸਾਵਧਾਨ ਕਰਨ।



ਸ਼ਰਮਾਂ ਜੀ ਨੇ ਦੱਸਿਆ ਕਿ ਨੋਟਿਸ ਕੀਤਾ ਗਿਆ ਹੈ ਕਿ ਚਾਹਲ ਨਗਰ ਇਲਾਕੇ ਵਿੱਚ ਸਿਵਲ ਹਸਪਤਾਲ ਦੇ ਇਰਦ ਗਿਰਦ ਕੁੱਝ ਸ਼ੱਕੀ ਲੋਕ ਕਈ ਦਿਨਾਂ ਤੋਂ ਘੁੰਮ ਰਹੇ ਹਨ ਜੋ ਕਿਸੇ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ। ਸੁਸਾਇਟੀ ਦੇ ਮੈਂਬਰ ਅਨਿਲ ਲੂਥਰਾ ਜੀ ਵੱਲੋਂ ਕੋਵਿਡ19 ਦੇ ਆਏ ਦਿਨ ਵੱਧ ਰਹੀ ਮਰੀਜ਼ਾਂ ਦੀ ਗਿਣਤੀ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਤਾਂ ਮੀਟਿੰਗ ਵਿੱਚ ਮੌਜੂਦ ਸਿਵਲ ਹਸਪਤਾਲ ਫਗਵਾੜਾ ਦੇ ਐਸ. ਐਮ . ਓ. ਡਾਕਟਰ ਕਮਲ ਕਿਸ਼ੋਰ ਵੱਲੋਂ ਕਰੋਨਾ ਤੋ ਬਚਣ ਲਈ ਫਗਵਾੜਾ ਹਸਪਤਾਲ ਵਿੱਚ ਕੀਤੇ ਪੁੱਖਤਾ ਪ੍ਰਬੰਧਾਂ ਵਾਰੇ ਜਾਣਕਾਰੀ ਦਿੱਤੀ ਗਈ ਅਤੇ ਹਰ ਤਰਾਂ ਦੀ ਮੱਦਦ ਦਾ ਭਰੋਸਾ ਦੁਆਇਆ ਗਿਆ। ਮੀਟਿੰਗ ਵਿੱਚ ਸ੍ਰੀ ਨੰਦਾ ਅਤੇ ਮਿਸਟਰ ਰਾਜੂ ਵੱਲੋਂ ਵੀ ਸਵਾਮੀ ਵਿਵੇਕਾਨੰਦ ਪਾਰਕ ਦੀ ਦੇਖ ਰੇਖ ਵਾਰੇ ਵਿਚਾਰ ਵਟਾਂਦਰਾਂ ਕੀਤਾ ਗਿਆ । ਵਿਪਨ ਹਾਂਡਾ ਜੀ ਨੇ ਦੱਸਿਆ ਕਿ ਸੁਸਾਇਟੀ ਨੂੰ ਪਾਰਕ ਦੀ ਦੇਖ ਰੇਖ ਲਈ ਹਰ ਮਹੀਨੇ ਨਗਰ ਨਿਗਮ ਵੱਲੋਂ ਮਿਲਣ ਵਾਲਾ ਭੱਤਾ ਵੀ ਇੱਕ ਸਾਲ ਤੋਂ ਨਹੀਂ ਆ ਰਿਹਾ ਤੇ ਮਾਲੀ ਦੀ ਤਨਖ਼ਾਹ ਸੁਸਾਇਟੀ ਵੱਲੋਂ ਹੀ ਦਿੱਤੀ ਜਾ ਰਹੀ ਹੈ। ਭੱਤੇ ਦਾ ਬਕਿਆ ਅਤੇ ਇਸਨੂੰ ਦੁਬਾਰਾ ਸ਼ੁਰੂ ਕਰਵਾਉਣ ਲਈ ਕਮਿਸ਼ਨਰ ਨਗਰ ਨਿਗਮ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਸੁਸਾਇਟੀ ਦੇ ਹਾਜ਼ਰ ਮੈਂਬਰਾਂ ਨੇ ਵਿਚਾਰ ਕਰਕੇ ਦਿਨ ਐਤਵਾਰ 21 ਜੂਨ ਨੂੰ ਸਵੇਰੇ 7 ਵਜੇ ਪਾਰਕ ਵਿੱਚ ਗਲਵਾਨ ਵੈਲੀ ਲਦਾਖ਼ ਬਾਰਡਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਛੋਟਾ ਜਿਹਾ ਸਮਾਗਮ ਕਰਨ ਦਾ ਮਤਾ ਪਾਸ ਕੀਤਾ।

ਸੁਸਾਇਟੀ ਮੈਂਬਰ ਸ਼ੋਸ਼ਲ ਡਿਸਟੈਂਸ ਅਤੇ ਮਾਸਕ ਪਾਉਣ ਦੇ ਸਰਕਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਐਤਵਾਰ 7 ਵਜੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿੰਟ ਦਾ ਮੋਨ ਰੱਖਣਗੇ ।

## ਬਸਪਾ ਪੰਜਾਬ ਦੀ ਮੀਟਿੰਗ ਹੋਈ

ਬਸਪਾ ਪੰਜਾਬ ਦੀ ਅਹਿਮ ਮੀਟਿੰਗ ਹੋਈ । ਮੀਟਿੰਗ ਵਿੱਚ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ (ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਸਾਂਸਦ) ਜੀ ਦੇ ਹੁਕਮਾਂ ਅਨੁਸਾਰ ਪੰਜਾਬ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਅਤੇ ਸ਼੍ਰੀ ਵਿਪੁਲ ਕੁਮਾਰ ਜੀ ਦੀ ਨਿਰਦੇਸ਼ਨਾ ਵਿਚ ਸੂਬਾ ਕਮੇਟੀ ਵਿੱਚ ਨਿਮਨ ਲਿਖ਼ਤ ਨਿਜੁਕਤੀਆ ਕੀਤੀਆਂ ਗਈਆਂ

ਨਵਨਿਜੁਕਤ ਸੂਬਾ ਜਨਰਲ ਸਕੱਤਰ ਦੇ ਨਾਮ

1. ਸ਼੍ਰੀ ਅਜੀਤ ਸਿੰਘ ਭੈਣੀ, ਰੂਪਨਗਰ
2. ਸ਼੍ਰੀ ਚਮਕੌਰ ਸਿੰਘ ਵੀਰ, ਸੰਗਰੂਰ
3. ਸ਼੍ਰੀ ਲਾਲ ਸਿੰਘ ਸੁਲਹਾਣੀ, ਫਿਰੋਜ਼ਪੁਰ
4. ਸ਼੍ਰੀ ਰਮੇਸ਼ ਕੌਲ, ਫਗਵਾੜਾ

ਸੂਬਾ ਸਕੱਤਰ ਨਿਜੁਕਤ ਕੀਤੇ

1. ਡਾਕਟਰ ਸੁਖਬੀਰ ਸਿੰਘ ਸਲਾਰਪੁਰ, ਜਲੰਧਰ
2. ਸ਼੍ਰੀ ਦਰਸ਼ਨ ਝਲੂਰ, ਬਰਨਾਲਾ

ਸ਼੍ਰੀ ਕੁਲਦੀਪ ਸਿੰਘ , ਜਿਹਨਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਓਹਨਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸਰਧਾਂਜਲੀ ਦਿੱਤੀ ਗਈ। ਇਸ ਮੌਕੇ ਸ਼੍ਰੀ ਕੁਲਦੀਪ ਸਿੰਘ ਦੇ ਪਰਿਵਾਰ ਨੂੰ ਪਾਰਟੀ ਵੱਲੋ ਪੰਜਾਹ ਹਜ਼ਾਰ ਤੋਂ ਜਿਆਦਾ ਰੁਪਏ ਦੀ ਸਹਾਇਤਾ ਕੀਤੀ ਗਈ। ਇਸ ਤੋਂ ਪਹਿਲਾਂ ਵੀ ਪਾਰਟੀ ਨੇ ਇਲਾਜ਼, ਦਵਾਈਆਂ, ਸੰਸਕਾਰ ਉਪਰ ਵੱਖ ਵੱਖ ਸਮਿਆਂ ਉਪਰ ਲਗਭਗ ਇੰਨੀ ਹੀ ਸਹਾਇਤਾ ਕੀਤੀ ਗਈ ਸੀ। ਪਾਰਟੀ ਵੱਲੋਂ ਭਵਿੱਖ ਵਿਚ ਵੀ ਪਰਿਵਾਰ ਦੀ ਸਮਰੱਥਾ ਅਨੁਸਾਰ ਸਹਾਇਤਾ ਕਰਨ ਦਾ ਭਰੋਸਾ ਦਿੱਤਾ।

**ਜਸਵੀਰ ਸਿੰਘ ਗੜ੍ਹੀ**
**ਸੂਬਾ ਪ੍ਰਧਾਨ, ਬਸਪਾ ਪੰਜਾਬ**

## ਦੇਸ਼ ਵਿੱਚ ਕਰਾਂਤੀ ਲਿਆਉਣ ਦਾ ਤਮਾਸ਼ਾ ਕਰਨ ਵਾਲੇ ਅੰਨਾ ਹਜ਼ਾਰੇ ਤੇ ਬਾਬਾ ਰਾਮ ਦੇਵ ਕਿੱਥੇ ਹਨ-ਮਲਕੀਤ ਚੁੰਬਰ

**ਫਗਵਾੜਾ ਨਕੋਦਰ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ ਵਿਧਾਨਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਦੇਸ਼ ਵਾਸੀਆਂ ਨੂੰ ਧੋਖੇ ਵਿੱਚ ਰੱਖ ਕੇ ਦਿੱਲੀ ਦੀ ਰਾਮ ਲੀਲਾ ਮੈਦਾਨ ਵਿੱਚ ਗਰੀਬੀ ਤੋਂ ਮੁਕਤ ਭਾਰਤ ਕਾਲਾ ਧਨ ਵਾਪਸ ਲਿਆਉਣ ਅਤੇ ਫੌਜ ਦੇ ਸਨਮਾਨ ਨੂੰ ਉਚਾ ਚੁੱਕਣ ਲਈ



ਵੱਡੇ ਵੱਡੇ ਗੱਪ ਮਾਰਨ ਵਾਲੇ ਕਿੱਤੇ ਨਜ਼ਰ ਨਹੀਂ ਆ ਰਹੇ ਗਰੀਬ ਸੜਕਾਂ ਉੱਤੇ ਰੁਲਦੇ ਹੋਏ ਆਪਣੀ ਜਾਨ ਗੁਆ ਰਹੇ ਦੇਸ਼ ਮਹਿੰਗਾਈ ਨਾਲ ਤੜਫ ਰਿਹਾ ਹੈ ਕਿਸਾਨ ਸਰਕਾਰੀ ਮੁਲਾਜ਼ਮ ਸੜਕਾਂ ਉੱਤੇ ਰੁਲਦੇ ਹਨ ਮੇਰੇ ਦੇਸ਼ ਦੇ ਰਖਵਾਲੇ ਫੌਜ ਦੇ ਜਵਾਨ ਆਏ ਦਿਨ ਬਾਡਰ ਉੱਤੇ ਆਪਣੀ ਸ਼ਹੀਦੀ ਦੇ ਰਹੇ ਹਨ ਇਹ ਦੋਨੋਂ ਕਿਤੇ ਵੀ ਨਜ਼ਰ ਨਹੀਂ ਆਉਦੇ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਸਭ ਕਾ ਸਾਥ ਸਭ ਕਾ ਵਿਕਾਸ ਤਾ ਨਹੀਂ ਕਰ ਸਕਿਆ ਪਰ ਇੱਕ ਸਿਰ ਬਦਲੇ ਦੱਸ ਲੈ ਕੇ ਆਉਣ ਵਾਲੇ ਦੇ ਸਮੇਂ ਵਿੱਚ ਕਿੰਨੇ ਮਾਂਵਾਂ ਦੇ ਪੁੱਤ ਸ਼ਹੀਦ ਹੋ ਗਏ ਉਨ੍ਹਾਂ ਸ਼ਹੀਦਾਂ ਦੇ ਬਦਲੇ ਕਿੰਨੇ ਸਿਰ ਲੈ ਕੇ ਆਏ ਇਹ ਸਰਕਾਰ ਦੱਸੇ ਜਿਹੜਾ ਇਹ ਸੁਆਲ ਪੁੱਛੇ ਉਸ ਨੂੰ ਦੇਸ਼ ਵਿਰੋਧੀ ਕਹਿਣ ਗੇ ਪਾਕਿਸਤਾਨ ਚਲੇ ਜਾਉ ਕਹਿਣ ਲੱਗ ਜਾਣਗੇ ਗੱਲ ਗੱਲ ਉੱਤੇ ਭੁੱਖ ਹੜਤਾਲ ਤੇ ਬੈਠਣ ਵਾਲੇ ਅੰਨਾ ਹਜ਼ਾਰੇ ਜੀ ਇਸ ਤਰਾਂ ਲੱਗਦਾ ਜਿਸ ਤਰਾ ਦੇਸ਼ ਵਿੱਚ ਰਹਿੰਦੇ ਹੀ ਨਹੀਂ ਹਨ ਸੜਕਾਂ ਉੱਤੇ ਰੁਲਦੇ ਗਰੀਬਾਂ ਦੀ ਅਵਾਜ਼ ਉਨਾ ਨੂੰ ਕਿਉ ਨਹੀ ਸੁਣਦੀ ਫੌਜ ਦੇ ਜਵਾਨਾਂ ਦੀ ਸ਼ਹਾਦਤ ਵੀ ਦਿਖਾਈ ਨਹੀਂ ਦਿੰਦੀ ਪਟਰੋਲ ਡੀਜ਼ਲ ਹਰ ਰੋਜ਼ ਵੱਧ ਰਹੇ ਦਾਮ ਬਾਬਾ ਰਾਮਦੇਵ ਨੂੰ ਨਹੀਂ ਦਿਸਦੇ ਜਿਹੜੇ ਲੋਕਾਂ ਸਸਤਾ ਪਟਰੋਲ ਡੀਜ਼ਲ ਦੇ ਖਾਬ ਦਿਖਾਏ ਸਨ ਅੱਜ ਜਿਸ ਮਹਿੰਗਾਈ ਦੇ ਦੌਰ ਵਿੱਚ ਭਾਰਤ ਦੇ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ ਉਸ ਲਈ ਬਾਬਾ ਰਾਮਦੇਵ ਅਤੇ ਅੰਨਾ ਹਜ਼ਾਰੇ ਦੋਸ਼ੀ ਹੈ

## ਨਾਰੀ ਟਾਕਸ ਵੇਬਿਨਾਰ ਰਾਹੀ ਸੂਬੇ ਦੀਆਂ ਪ੍ਰਭਾਵਸ਼ਾਲੀ ਮਹਿਲਾਵਾਂ ਨੇ ਪੋਸਟ ਕੋਵਿਡ-19 ਬਾਰੇ ਚਰਚਾ ਕੀਤੀ

**ਚੰਡੀਗੜ੍ਹ (ਜਵੰਦਾ):** ਨਾਰੀ ਟਾਕਸ ਵੇਬਿਨਾਰ ਰਾਹੀ ਪੋਸਟ ਕੋਵਿਡ- 19 'ਚ 'ਬਦਲਦੇ ਔਰਤ ਪਰਿਦ੍ਰਿਸ਼' ਵਿਸ਼ਾ 'ਤੇ ਮਹਿਲਾਵਾਂ ਨੇ ਆਪਣੇ ਵਿਚਾਰ। ਇਸ ਪੈਨਲ 'ਚ 8 ਨਾਮੀ ਤੇ ਪ੍ਰਭਾਵਸ਼ਾਲੀ ਮਹਿਲਾਵਾਂ ਸ਼ਾਮਿਲ ਸਨ, ਜੋ ਕਿ ਰਾਜਨੀਤੀ, ਪੱਤਰਕਾਰਤਾ, ਮੀਡਿਆ ਅਤੇ ਮਨੋਰੰਜਨ ਆਦਿ ਵੱਖ-ਵੱਖ ਖੇਤਰਾਂ 'ਚ ਮੋਹਰੀ ਰਹੀਆਂ ਹਨ। ਨਾਰੀ ਟਾਕਸ ਦੀ ਸ਼ੁਰੂਆਤ ਸੋਨਾਲੀ ਬਾਂਸਲ ਨੇ ਕੀਤੀ ਜੋ ਕਿ ਚੰਡੀਗੜ੍ਹ ਦੇ ਬੇਲਸਲੇ ਕਾਲਜ, ਯੂ ਏ.ਐੱਸ.ਏ ਦੀ ਸਾਬਕਾ ਵਿਦਿਆਰਥੀ ਹੈ। ਸੋਨਾਲੀ ਬਾਂਸਲ ਅਨੁਸਾਰ ਔਰਤਾਂ ਨੂੰ ਇੱਕ ਮੰਚ ਤੇ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਔਰਤਾਂ ਬਿਨਾ ਕਿਸੇ ਰੁਕਾਵਟ ਆਪਣੀਆਂ ਮੁਸ਼ਕਲਾਂ ਬਾਂਰੇ ਦੱਸ ਸਕਣ ਤੇ ਉਨ੍ਹਾਂ ਦੇ ਮਾਮਲਿਆਂ ਤੇ ਅਸਾਨੀ ਨਾਲ ਫ਼ੈਸਲਾ ਲਏ ਜਾ




ਸਕਣ। ਵੇਬਿਨਾਰ ਦੀ ਸ਼ੁਰੂਆਤ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੋਂ ਕੀਤੀ ਗਈ, ਜਿਨ੍ਹਾਂ ਦੇ ਬਾਅਦ ਐਨ. ਆਰ. ਬੀ.ਬੇਰਿੰਗਸ ਦੀ ਵਾਇਸ ਚੇਅਰਮੈਨ ਤੇ ਐਮ.ਡੀ ਹਰਸ਼ਬੀਨਾ ਝਵੇਰੀ, ਮੈਕਸ ਹਸਪਤਾਂਲ ਵਿੱਚ ਓ. ਬੀ. ਜੀ .ਐਨ ਦੀ ਐਸੋਸੀਏਟ ਡਾਇਰੈਕਟਰ ਡਾ. ਸੀਮਾ ਵਧਵਾ, ਲੇਖਕ ਤੇ ਸੰਪਾਦਕ ਸ਼ੇਫਾਲੀ ਵੈਦ, ਫਾਇਨੈਸ਼ਅਲ ਕੰਸਲਟੈਂਟ ਰੇਨੁਕਾ ਜੈਨ, ਟਾਮ ਮੀਡਿਆ ਦੀ ਆਰਟਿਸਟਕ ਡਾਇਰੈਕਟਰ ਮਧੁਵੰਤੀ ਐਮ, ਆਈ.ਆਰ.ਐਸ ਅਧਿਕਾਰੀ ਡਾ. ਰਾਜਿੰਦਰ ਕੌਰ ਅਤੇ ਐਮਰਜੈਂਸੀ ਕੇਅਰ ਡਾ. ਮੋਨਿਕਾ ਲੰਗੇਹ ਵਰਗੀਆਂ ਮਸ਼ਹੂਰ ਸ਼ਖਸ਼ੀਅਤਾਂ ਨੇ ਮਹਾਮਾਰੀ ਦੇ ਪ੍ਰਬਾਂਵ ਤੇ ਚਰਚਾ ਕੀਤੀ ਤੇ ਭਵਿੱਖ 'ਚ ਇਸ ਤੋਂ ਬਚਣ ਲਈ ਬਿਹਤਰ ਸੁਝਾਅ ਵੀ ਦਿੱਤੇ।

## ਪਿਛਲੇ ਸਾਲ ਦੇ ਮੁਕਾਬਲੇ ਐਨ. ਆਈ. ਆਰ. ਐਫ਼-2020 ਰੈਂਕਿੰਗ ਲਈ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦਾ ਸ਼ਾਨਦਾਰ ਪ੍ਰਦਰਸ਼ਨ

ਦੇਸ਼ ਦੀਆਂ ਵਿਦਿਅਕ ਸੰਸਥਾਵਾਂ ਦੀ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਹਰ ਸਾਲ ਰੈਂਕਿੰਗ ਜਾਰੀ ਕਰਨ ਵਾਲੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵੱਲੋਂ ਸਾਲ 2020 ਐਨ.ਆਈ.ਆਰ.ਐਫ਼ (ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ) ਰੈਂਕਿੰਗ ਲਈ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਨੇ ਪਿਛਲੇ ਸਾਲ ਦੇ ਮੁਕਾਬਲੇ ਚੰਗੀ ਕਾਰਗੁਜ਼ਾਰੀ ਵਿਖਾਉਂਦੇ ਹੋਏ ਇੰਜੀਨੀਅਰਿੰਗ ਦੇ ਖੇਤਰ 'ਚ 117ਵੇਂ ਰੈਂਕ ਤੋਂ ਵੱਡੀ ਪੁਲਾਂਘ ਪੁਟਦਿਆਂ 84ਵਾਂ ਰੈਂਕ ਅਤੇ ਮੈਨੇਜਮੈਂਟ ਖੇਤਰ 'ਚ ਸਾਲ 2019 ਦੇ ਮੁਕਾਬਲੇ 64ਵੇਂ ਰੈਂਕ ਤੋਂ 51ਵਾਂ ਸਥਾਨ ਹਾਸਲ ਕਰਕੇ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ. ਚਾਂਸਲਰ ਡਾ. ਆਰ. ਐਸ ਬਾਵਾ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਡਾ. ਬਾਵਾ ਨੇ ਦੱਸਿਆ ਕਿ ਸਾਲ 2020 ਦੀ ਐਨ.ਆਈ. ਆਰ.ਐਫ਼ ਰੈਂਕਿੰਗ ਲਈ ਸ਼ਾਨਦਾਰ ਪ੍ਰਦਰਸ਼ਨ ਵਿਖਾਉਂਦਿਆਂ ਚੰਡੀਗੜ੍ਹ ਯੂਨੀਵਰਸਿਟੀ ਜਿਥੇ ਦੇਸ਼ ਦੀਆਂ 100 ਵਿਦਿਅਕ ਸੰਸਥਾਵਾਂ ਦੀ ਸੂਚੀ 'ਚ ਸ਼ਾਮਲ ਹੋਈ ਹੈ ਉਥੇ ਹੀ ਉੱਤਰ ਭਾਰਤ 'ਚ ਦੀਆਂ ਚੋਟੀ ਦੀਆਂ ਯੂਨੀਵਰਸਿਟੀ 'ਚੋਂ ਸ਼ੁਮਾਰ ਹੋ ਗਈ ਹੈ।

ਡਾ. ਬਾਵਾ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਮੰਤਰਾਲੇ ਵੱਲੋਂ ਆਧੁਨਿਕ ਅਦਾਕਮਿਕ ਮਾਡਲ, ਟੀਚਿੰਗ, ਲਰਨਿੰਗ, ਖੋਜ ਕਾਰਜ, ਵਿੱਦਿਅਕ ਪ੍ਰਬੰਧ, ਉਦਯੋਗਿਕ ਅਤੇ ਅੰਤਰਰਾਸ਼ਟਰੀ ਗਠਜੋੜ, ਵਿਦਿਆਰਥੀ ਪਲੇਸਮੈਂਟਾਂ ਅਤੇ ਗ੍ਰੈਜੂਏਸ਼ਨ ਨਤੀਜਿਆਂ ਦੇ ਵਿਆਪਕ ਮੁਲਾਕਣ ਦੇ ਆਧਾਰ 'ਤੇ ਇਹ ਰੈਂਕਿੰਗ ਜਾਰੀ ਕੀਤੀ ਗਈ ਹੈ। ਡਾ. ਬਾਵਾ ਨੇ ਦੱਸਿਆ ਕਿ ਸਾਲ 2020 ਲਈ ਐਨ.ਆਈ.ਆਰ.ਐਫ਼ ਰੈਂਕਿੰਗ ਮਾਨਯੋਗ ਮਨੁੱਖੀ ਸਰੋਤ ਵਿਕਾਸ ਮੰਤਰੀ ਡਾ. ਰਮੇਸ਼ ਪੋਖਰੀਆਲ ਨਿਸ਼ਾਂਕ ਵੱਲੋਂ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਦੇਸ਼ ਦੀਆਂ ਕੁੱਲ 3771 ਵਿੱਦਿਅਕ ਸੰਸਥਾਵਾਂ ਨੇ ਐਨ.ਆਈ.ਆਰ.ਐਫ਼ ਰੈਂਕਿੰਗ ਲਈ ਅਪਲਾਈ ਕੀਤਾ ਸੀ। ਉਨ੍ਹਾਂ ਦੱਸਿਆ ਕਿ ਸੱਭਿਆਚਾਰਕ ਵਿਭਿੰਨਤਾ ਵੀ 'ਵਰਸਿਟੀ ਦੀ ਵੱਡੀ ਪ੍ਰਾਪਤੀ ਸਮਝੀ ਗਈ ਹੈ ਜਿਸ ਤਹਿਤ 30 ਤੋਂ ਵੱਧ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਦੇਸ਼ ਦੇ 29 ਪ੍ਰਾਂਤਾਂ ਦੇ ਵਿਦਿਆਰਥੀ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਪੜ੍ਹਾਈ ਕਰ ਰਹੇ ਹਨ। ਜਿਸ ਸਦਕਾ ਚੰਡੀਗੜ੍ਹ ਯੂਨੀਵਰਸਿਟੀ ਇੰਜੀਨੀਅਰਿੰਗ ਦੇ ਖੇਤਰ 'ਚ ਉਤਰ ਭਾਰਤ ਦੀਆਂ ਪ੍ਰਾਈਵੇਟ ਯੂਨੀ-ਵਰਸਿਟੀਆਂ ਵਿਚੋਂ ਤੀਜੇ ਸਥਾਨ ਅਤੇ ਪੰਜਾਬ 'ਚ ਦੂਜੇ ਸਥਾਨ 'ਤੇ ਕਾਬਜ਼ ਹੋ ਗਈ ਹੈ ਜਦਕਿ ਦੇਸ਼ ਭਰ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿਚੋਂ 17ਵਾਂ ਰੈਂਕ ਪ੍ਰਾਪਤ ਕਰਨ 'ਚ ਕਾਮਯਾਬ ਰਹੀ ਹੈ। ਇਸੇ ਤਰ੍ਹਾਂ ਮੈਨੇਜਮੈਂਟ ਖੇਤਰ ਦੀ ਗੱਲ ਕਰਦਿਆਂ ਡਾ. ਬਾਵਾ ਨੇ ਦੱਸਿਆ ਕਿ 'ਵਰਸਿਟੀ ਨੇ ਮੈਨੇਜਮੈਂਟ 'ਚ ਪੰਜਾਬ ਪੱਧਰ 'ਤੇ ਦੂਜਾ ਸਥਾਨ ਅਤੇ ਉੱਤਰ ਭਾਰਤ ਦੀਆਂ ਵਿਦਿਅਕ ਸੰਸਥਾਵਾਂ ਵਿਚੋਂ 10ਵਾਂ ਸਥਾਨ ਹਾਸਲ ਕੀਤਾ ਹੈ ਜਦਕਿ ਦੇਸ਼ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿਚੋਂ 23ਵੇਂ ਸਥਾਨ 'ਤੇ ਕਾਬਜ਼ ਰਹਿਣ ਦਾ ਮਾਣ ਹਾਸਲ ਕੀਤਾ ਹੈ।




ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਸਾਲ 2012 ਵਿੱਚ ਸਥਾਪਿਤ ਹੋਈ ਚੰਡੀਗੜ੍ਹ ਯੂਨੀਵਰਸਿਟੀ ਕੇਵਲ ਅੱਠ ਸਾਲਾਂ ਦੇ ਅਰਸੇ 'ਚ ਹੀ ਆਪਣੇ ਮਿਆਰ ਦੇ ਅਧਾਰ 'ਤੇ ਦੇਸ਼ ਦੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਵਿਚੋਂ ਸ਼ੁਮਾਰ ਹੋ ਗਈ ਹੈ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਦਿੰਦਿਆਂ ਕਿਹਾ ਕਿ ਉਸਾਰੂ ਨੀਤੀਆਂ ਅਤੇ ਪ੍ਰਤੀਭਾਸ਼ਾਲੀ ਤੇ ਸਮਰੱਥ ਟੀਮ ਹੀ ਅੱਵਲ ਨਤੀਜੇ ਸਾਹਮਣੇ ਲਿਆ ਸਕਦੀ ਹੈ।ਇਸ ਮੌਕੇ ਉਨ੍ਹਾਂ ਸੀਯੂ ਦੇ ਅਧਿਆਪਕਾਂ ਅਤੇ ਹੋਰਨਾਂ ਕਰਮਚਾਰੀਆਂ ਨੂੰ ਆਪਣੇ ਸ਼ਾਨਦਾਰ ਕੰਮ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।ਸ. ਸੰਧੂ ਕਿਹਾ ਕਿ ਸਾਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਦੌਰਾਨ 'ਵਰਸਿਟੀ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਵਿਚੋਂ ਪਹਿਲੇ ਸਥਾਨ 'ਤੇ ਸ਼ੁਮਾਰ ਹੋ ਜਾਵੇਗੀ, ਜਿਸ ਲਈ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹੋਰ ਉਸਾਰੂ ਰਣਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।

# ਬਾਰਡਰ ਸੇ ਬਾਰਡਰ ਆਮਦ ਹੋ ਗਈ ਜਿਸ ਕਾ ਡਰ ਥਾ ਵੋਹੀ ਵਾਤ ਹੋ ਗਈ...

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੇ ਵਿਚ ਕਰੋਨਾ ਕੇਸਾਂ ਦੀ ਮੁੜ ਵਧ ਰਹੀ ਗਿਣਤੀ ਨੂੰ ਲੈ ਕੇ ਹਰ ਕੋਈ ਚਿੰਤਤ ਹੈ। ਹੁਣ ਤੱਕ ਲੌਕਡਾਊਨ ਦੌਰਾਨ ਚੱਲੀਆਂ ਵਿਸ਼ੇਸ਼ ਫਲਾਈਟਾਂ ਦੇ ਰਾਹੀਂ ਇੰਡੀਆ ਤੋਂ ਆਏ ਸੈਂਕੜੇ ਯਾਤਰੀ ਇਸ ਉਲਾਂਭੇ ਤੋਂ ਬਚੇ ਹੋਏ ਸਨ, ਉਨ੍ਹਾਂ ਦੇ ਕਾਰਨ ਇਕ ਵੀ ਕਰੋਨਾ ਦਾ ਕੇਸ ਇਥੇ ਨਹੀਂ ਪਹੁੰਚਿਆ। ਪਰ ਜਿਵੇਂ ਕਹਿੰਦੇ ਨੇ ਕਿ ਜਿਸ ਦਾ ਡਰ ਥਾ ਵੋਹੀ ਬਾਤ ਹੋ ਗਈ। ਅਜਿਹਾ ਉਲਾਂਭਾ ਅੱਜ ਆ ਹੀ ਗਿਆ। ਅੱਜ ਸਿਹਤ ਵਿਭਾਗ ਵੱਲੋਂ ਜਾਰੀ ਰਿਪੋਰਟ ਵਿਚ ਦੱਸਿਆ ਗਿਆ ਕਿ ਦੇਸ਼ ਦੇ ਵਿਚ ਹੁਣ 2 ਹੋਰ ਕਰੋਨਾ ਕੇਸ ਐਕਟਿਵ ਹੋ ਗਏ ਹਨ ਅਤੇ ਕੁੱਲ ਗਿਣਤੀ ਪੰਜ ਹੋ ਗਈ ਹੈ। ਅੱਜ ਦੋ ਨਵੇਂ ਕੇਸਾਂ ਵਿਚ ਵਾਧਾ ਕਰਨ ਵਾਲਾ ਇਹ ਭਾਰਤੀ ਨੌਜਵਾਨ ਜੋੜਾ 20 ਕੁ ਸਾਲਾਂ ਦੀ ਉਮਰ ਵਿਚ ਹੈ ਅਤੇ ਇਕ ਉਨ੍ਹਾਂ ਦਾ ਬੱਚਾ ਵੀ ਹੈ ਜਿਸ ਦਾ ਅਜੇ ਟੈਸਟ ਨਹੀਂ ਕੀਤਾ ਗਿਆ। ਇਹ ਜੋੜਾ ਏਅਰ ਇੰਡੀਆ ਦੀ ਇਤਿਹਾਸਕ ਕਹੀ ਗਈ ਫਲਾਈਟ ਜੋ ਕਿ ਨਾਨ ਸਟਾਪ ਅਤੇ ਪਹਿਲੀ ਵਾਰ ਦਿੱਲੀ ਤੋਂ ਔਕਲੈਂਡ 5 ਜੂਨ ਨੂੰ ਆਈ ਸੀ, ਦੇ ਵਿਚ ਸਫਰ ਕਰਕੇ ਇਥੇ ਪਹੁੰਚਿਆ ਸੀ। ਸਿਹਤ ਮਾਹਿਰ ਸਮਝਦੇ ਹਨ ਕਿ ਜਦੋਂ ਇਹ ਜੋੜਾ ਇੰਡੀਆ ਤੋਂ ਆਇਆ ਹੋਵੇਗਾ, ਹੋ ਸਕਦਾ ਹੈ ਆਖਰੀ ਸਮੇਂ ਦੇ ਵਿਚ ਉਨ੍ਹਾਂ ਨੂੰ ਕਰੋਨਾ ਵਾਇਰਸ ਹੋ ਗਿਆ ਹੋਵੇ, ਜਿਸ ਕਰਕੇ ਇਸਦਾ ਬਹੁਤ ਲੇਟ ਪਤਾ ਲੱਗਾ। 14 ਦਿਨ ਦੇ ਏਕਾਂਤਵਾਸ ਦੌਰਾਨ ਰੋਜ਼ਾਨਾ ਦੀ ਚੈਕਅਪ ਵਿਚ ਉਨ੍ਹਾਂ ਦੇ ਕੋਈ ਅਜਿਹੇ ਲੱਛਣ ਨਜ਼ਰ ਨਹੀਂ ਆਏ ਜਿਸ ਨਾਲ ਪ੍ਰਤੀਤ ਹੁੰਦਾ ਹੋਵੇ ਕਿ ਉਨ੍ਹਾਂ ਨੂੰ ਕਰੋਨਾ ਵਾਇਰਸ ਹੈ।

ਇਸ ਜੋੜੇ ਨੂੰ ਗ੍ਰੈਂਡ ਮਿਲੇਨੀਅਮ ਹੋਟਲ ਔਕਲੈਂਡ ਸਿਟੀ ਤੋਂ ਜੈਟ ਪਾਰਕ ਹੋਟਲ ਔਕਲੈਂਡ ਤਬਦੀਲ ਕੀਤਾ ਗਿਆ ਹੈ ਜਿਥੇ ਕੁਝ ਜਿਆਦਾ ਪ੍ਰਬੰਧ ਹੋਣਗੇ। ਹੁਣ ਗ੍ਰੈਂਡ ਮਿਲੇਨੀਅਮ ਹੋਟਲ ਦੇ ਵਿਚ ਸਾਰੇ ਠਹਿਰੇ ਸਾਰੇ ਯਾਤਰੀਆਂ (5 ਜੂਨ ਫਲਾਈਟ) ਦਾ ਟੈਸਟ ਕੀਤਾ ਜਾ ਰਿਹਾ ਹੈ।

11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ



ਡਾ. ਜੀ. ਸੀ. ਕੌਲ
91-94632-23223

ਕਿਸ਼ਤ ਤੀਜੀ

## ਗੋਲਮੇਜ਼ ਕਾਨਫਰੰਸਾਂ (1930, 31, 1932)

ਭਾਰਤ ਵਿਚ ਚੋਣ ਸੁਧਾਰਾਂ ਦੇ ਅਮਲ ਨੂੰ ਪ੍ਰਭਾਵੀ ਬਣਾਉਣ ਅਤੇ ਨਵੀਂ ਸੰਵਿਧਾਨਕ ਵਿਵਸਥਾ ਦੀ ਸਰੰਚਨਾ ਲਈ ਇਹ ਤਿੰਨ ਗੋਲਮੇਜ਼ ਕਾਨਫਰੰਸਾਂ ਲੰਡਨ ਵਿਖੇ ਹੋਈਆਂ। ਪਹਿਲੀ ਕਾਨਫਰੰਸ ਵਿਚ ਅਛੂਤਾਂ ਅਤੇ ਘੱਟ ਗਿਣਤੀਆਂ ਦੇ ਪ੍ਰਤੀਨਿਧਾਂ ਦੀ ਸ਼ਮੂਲੀਅਤ ਨੂੰ ਮੁੱਖ ਮੁੱਦਾ ਬਣਾਉਂਦਿਆਂ ਕਾਂਗਰਸ ਨੇ ਇਸ ਕਾਨਫਰੰਸ ਦੀ ਬਣਤਰ ’ਤੇ ਹੀ ਪ੍ਰਸ਼ਨਚਿੰਨ੍ਹ ਲਾਉਂਦਿਆਂ ਇਸ ਦਾ ਬਾਈਕਾਟ ਕਰ ਦਿੱਤਾ। 1931 ਵਿਚ ਹੋਈ ਦੂਸਰੀ ਗੋਲਮੇਜ਼ ਕਾਨਫਰੰਸ ਵਿਚ ਗਾਂਧੀ ਜੀ ਦੀ ਅਗਵਾਈ ਹੇਠ ਕਾਂਗਰਸ ਸ਼ਾਮਲ ਤਾਂ ਹੋਈ ਪਰ ਕਾਨਫਰੰਸ ਦੇ ਸ਼ੁਰੂ ਹੁੰਦਿਆਂ ਗਾਂਧੀ ਜੀ ਨੇ ਇਹ ਅੜਿੱਕਾ ਡਾਹ ਦਿੱਤਾ ਕਿ ਡਾ. ਅੰਬੇਡਕਰ ਭਾਰਤ ਦੇ ਸਮੁੱਚੇ ਅਛੂਤਾਂ ਦਾ ਨੁਮਾਇੰਦਾ ਨਹੀਂ ਹੈ, ਬਲਕਿ ਉਹ ਖੁਦ ਹਨ। ਗਾਂਧੀ ਜੀ ਨੇ ਡਾ. ਅੰਬੇਡਕਰ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਭਾਰਤ ਦੇ ਅਛੂਤਾਂ ਨੂੰ ਗੋਲਮੇਜ਼ ਕਾਨਫਰੰਸ ਵਿਚ ਆਪਣਾ ਪ੍ਰਤੀਨਿਧੀ ਚੁਣਨ ਲਈ ਕਿਹਾ ਜਾਵੇ ਤਾਂ ਸੌ ਪ੍ਰਤੀਸ਼ਤ ਵੋਟ ਉਸਨੂੰ (ਗਾਂਧੀ ਜੀ) ਪ੍ਰਾਪਤ ਹੋਣਗੇ। ਡਾ. ਅੰਬੇਡਕਰ ਸਾਹਿਬ ਨੇ ਗਾਂਧੀ ਜੀ ਦੀ ਇਸ ਚੁਣੌਤੀ ਨੂੰ ਸਵੀਕਾਰਦਿਆਂ ਭਾਰਤ ਦੀਆਂ ਅਛੂਤ ਜਥੇਬੰਦੀਆਂ ਨੂੰ ਲੰਡਨ ਵਿਖੇ ਟੈਲੀਗ੍ਰਾਮਜ਼ ਭੇਜ ਕੇ ਉਹਨਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

### ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਦੇ ਹੱਕ ਵਿਚ ਭੇਜੀਆਂ ਟੈਲੀਗ੍ਰਾਮ

ਭਾਰਤ ਵਿਚ ਅਛੂਤਾਂ ਦੇ ਅਧਿਕਾਰਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨੇ ਗਾਂਧੀ ਜੀ ਦੀ ਇਸ ਕੂਟਨੀਤਿਕ ਚਾਲ ਨੂੰ ਚੈਲੰਜ ਵਾਂਗ ਸਵੀਕਾਰ ਕੀਤਾ। ਭਾਰਤ ਦੇ ਹਰੇਕ ਪ੍ਰਾਂਤ ਦੇ ਅਛੂਤਾਂ ਵੱਲੋਂ ਬਾਬਾ ਸਾਹਿਬ ਨੂੰ ਅਛੂਤਾਂ ਦੇ ਨੇਤਾ ਵਜੋਂ ਮਾਨਤਾ ਦਿਵਾਉਣ ਲਈ ਤਾਰਾਂ ਭੇਜੀਆਂ ਗਈਆਂ। ਬਾਬੂ ਮੰਗੂ ਰਾਮ ਜੀ ਦੱਸਦੇ ਹੁੰਦੇ ਸਨ ਕਿ ਗਰੀਬੀ ਕਾਰਨ ਅਛੂਤਾਂ ਕੋਲ ਪੈਸਾ ਤਾਂ ਨਾਮਾਤਰ ਹੀ ਹੁੰਦਾ ਸੀ। ਲੰਡਨ ਵਿਖੇ ਸਮੁੰਦਰੀ ਤਾਰਾਂ ਭੇਜਣ ਲਈ ਲੋਕਾਂ ਦੇ ਘਰੋਂ ਆਟਾ ਇਕੱਠਾ ਕਰਕੇ ਵੇਚ ਕੇ ਇਸ ਮੁਹਿੰਮ ਦੀ ਪੂਰਤੀ ਕੀਤੀ ਗਈ। ਇਸ ਸਬੰਧੀ ਲਗਭਗ 30 ਸਾਲ ਬਾਬਾ ਸਾਹਿਬ ਦੀ ਸੇਵਾ ਤੇ ਸੰਪਰਕ ਵਿਚ ਰਹਿਣ ਵਾਲੇ ਸ਼ੰਕਰਾਨੰਦ ਸ਼ਾਸਤਰੀ ਜੀ ਯੁੱਗ ਪੁਰਸ਼ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਪੁਸਤਕ ਵਿਚ ਲਿਖਦੇ ਹਨ:

(ੳ) ਗਰੀਬ ਅਛੂਤਾਂ ਨੇ ਭਾਰਤ ਦੇ ਵਿਭਿੰਨ ਪ੍ਰਾਂਤਾਂ ਦੇ ਵਿਭਿੰਨ ਸਥਾਨਾਂ ਤੋਂ ਆਪਣੇ ਇਕ ਮਾਤਰ ਨੇਤਾ ਅਤੇ ਪ੍ਰਤੀਨਿਧ ਦੇ ਪੱਖ ਵਿਚ ਬਰਤਾਨੀਆ ਸਰਕਾਰ ਦੇ ਨਾਂ ਸਮੁੰਦਰੀ ਤਾਰ ਭੇਜੇ ਗਏ। (ਪੰਨਾ 137)

(ਅ) ਡਾ. ਅੰਬੇਡਕਰ ਦੇ ਪੱਖ ਵਿਚ ਅਛੂਤਾਂ ਦੇ ਤਾਰ ਆਉਂਦੇ ਦੇਖਕੇ, ਗਾਂਧੀ ਐਂਡ ਕੰਪਨੀ ਨੇ, ਬੰਬਈ ਵਿਚ ਬੈਠ ਕੇ ਹੀ, ਤਾਰਾਂ ਭੇਜਣ ਦੀ ਖਾਨਾਪੂਰਤੀ ਕੀਤੀ। (ਪੰਨਾ 137)

(ੲ) ਇਕ ਸਮੁੰਦਰੀ ਤਾਰ ਉੱਤੇ ਘੱਟੋ ਘੱਟ 50 ਰੁਪਏ ਖਰਚ ਆਉਂਦਾ ਸੀ। ਸਾਡੇ ਲੋਕ ਗਰੀਬ ਸਨ। ਉਹਨਾਂ ਲਈ 50 ਰੁਪਏ ਬਹੁਤ ਬੜੀ ਰਕਮ ਸੀ। ਉਹਨਾਂ ਨੇ ਇਹ ਪੈਸਾ ਆਪਣੇ ਲੋਕਾਂ ਦੇ ਘਰਾਂ ਤੋਂ ਆਟਾ ਮੰਗ ਕੇ ਅਤੇ ਉਸਨੂੰ ਵੇਚ ਕੇ ਇਕੱਠਾ ਕੀਤਾ। ਡਾ. ਅੰਬੇਡਕਰ ਨੂੰ ਆਗੂ ਅਤੇ ਅਛੂਤਾਂ ਦੇ ਪ੍ਰਤੀਨਿਧ ਵਜੋਂ ਮਾਨਤਾ ਦੇਣ ਵਾਲੇ ਸਮੁੰਦਰੀ ਤਾਰ ਭੇਜੇ। (ਪੰਨਾ 141)

(ਸ) ਅਜਿਹੇ ਤਾਰ ਦਿੱਲੀ, ਉਤਰ ਪ੍ਰਦੇਸ਼ (ਸਮਕਾਲੀਨ ਸੰਯੁਕਤ ਪ੍ਰਾਂਤ ਅਵਧ ਅਤੇ ਮਦਰਾਸ, ਪੰਜਾਬ, ਹਿਮਾਚਲ ਪ੍ਰਦੇਸ਼, ਮੱਧ ਭਾਰਤ, ਬੰਗਾਲ, ਬਿਹਾਰ ਆਦਿ ਪ੍ਰਾਂਤਾਂ ਦੇ ਸ਼ਹਿਰਾਂ ਅਤੇ ਕਸਬਿਆਂ ਦੇ ਨਾਂ ’ਤੇ ਭੇਜੇ ਗਏ। ਇਹਨਾਂ ਸਾਰੇ ਸਮੁੰਦਰੀ ਤਾਰਾਂ ਦੁਆਰਾ ਡਾ. ਅੰਬੇਡਕਰ ਨੂੰ ਇਕਮਾਤਰ ਪ੍ਰਤੀਨਿਧ ਵਜੋਂ ਸਵੀਕਾਰ ਕਰਾਇਆ ਗਿਆ। (ਪੰਨਾ 141)

(ਹ) ਕਾਂਗਰਸ ਨੇ ਆਪਣੇ ਧੰਨ-ਬਲ ਦੇ ਰਾਹੀਂ ਆਪਣੇ ਕੁਝ ਜਾਣੇ-ਪਹਿਚਾਣੇ ਅਛੂਤ ਕਾਰਜਕਰਤਾਵਾਂ ਦੇ ਨਾਂ ਲਿਖਕੇ ਪੂਨਾ ਤੋਂ ਹੀ ਸਾਰੇ ਤਾਰ ਭਿਜਵਾਏ ਸਨ। ਇਹਨਾਂ ਤਾਰਾਂ ਨੇ ਜੱਗ-ਜਾਹਿਰ ਕਰ ਦਿੱਤਾ ਕਿ ਗਾਂਧੀ ਜੀ ਦੇ ਪੱਖ ਵਿਚ ਆਏ ਸਾਰੇ ਤਾਰ ਨਕਲੀ ਹਨ।

ਇਸ ਪ੍ਰਕਾਰ ਦੂਸਰੀ ਗੋਲਮੇਜ਼ ਕਾਨਫਰੰਸ ਵਿਚ ਡਾ. ਅੰਬੇਡਕਰ ਜੀ ਨੂੰ ਭਾਰਤ ਦੇ ਸਮੁੱਚੇ ਅਛੂਤਾਂ ਦੇ ਪ੍ਰਤੀਨਿਧ ਵਜੋਂ ਮਾਨਤਾ ਮਿਲ ਗਈ ਅਤੇ ਨਕਲੀ ਪ੍ਰਤੀਨਿਧ ਗਾਂਧੀ ਜੀ ਨੂੰ ਸ਼ਰਮਸਾਰ ਹੋਣਾ ਪਿਆ। ਆਦਿ ਧਰਮ ਨੇ ਬਾਬਾ ਸਾਹਿਬ ਨੂੰ 1932 ਤੋਂ ਬਾਅਦ ਹਮੇਸ਼ਾ ਆਪਣੇ ਰਾਸ਼ਟਰੀ ਨੇਤਾ ਵਜੋਂ ਮਾਣ-ਸਨਮਾਨ ਦਿੱਤਾ। ਡਾ. ਅੰਬੇਡਕਰ ਸਾਹਿਬ ਨੇ ਵੀ ਪੰਜਾਬ ਦੇ ਅਛੂਤਾਂ ਲਈ ਬੇਮਿਸਾਲ ਕਾਰਜ ਕੀਤੇ, ਜਿਹਨਾਂ ਦਾ ਜ਼ਿਕਰ ਇਹਨਾਂ ਕਾਲਮਾਂ ਵਿਚ ਅੱਗੇ ਕੀਤਾ ਗਿਆ ਹੈ।

ਇਹਨਾਂ ਗੋਲਮੇਜ਼ ਕਾਨਫਰੰਸਾਂ ਵਿਚ ਸਰਬਸੰਮਤੀ ਨਾਲ ਕਾਇਮ ਕੀਤੀਆਂ ਸਬ ਕਮੇਟੀਆਂ ਵਿਚੋਂ ਬਹੁਤੀਆਂ ਸਬ-ਕਮੇਟੀਆਂ ਵਿਚ ਡਾ. ਅੰਬੇਡਕਰ ਸਾਹਿਬ ਨੂੰ ਸ਼ਾਮਲ ਕੀਤਾ ਗਿਆ। ਵਾਸਤਵ ਵਿਚ ਅੰਗਰੇਜ਼ ਉਹਨਾਂ ਨੂੰ ਮੌਲਿਕ ਚਿੰਤਕ ਮੰਨਦੇ ਸਨ। ਉਹ ਡਾ. ਅੰਬੇਡਕਰ ਜੀ ਦੀ ਨਿਰਛੱਲ, ਨਿਸੁਆਰਥ ਤੇ ਜੁਝਾਰੂ ਸ਼ਖਸੀਅਤ ਅਤੇ ਕਾਨੂੰਨੀ ਸੂਝ, ਵਿਦਵਤਾ ਤੇ ਦੂਰ-ਅੰਦੇਸ਼ੀ ਤੋਂ, ਉਸ ਵੇਲੇ ਤੋਂ ਹੀ ਬੇਹੱਦ ਪ੍ਰਭਾਵਿਤ ਸਨ, ਜਦੋਂ 27 ਜਨਵਰੀ 1919 ਨੂੰ ਸਾਊਥਬੋਰੋ ਕਮੇਟੀ ਦੇ ਸਾਹਮਣੇ ਅਛੂਤਾਂ ਨੂੰ ਹਿੰਦੂ ਨਾ ਮੰਨ ਕੇ ਆਪਣੇ ਘੱਟ ਗਿਣਤੀਆਂ ਵਜੋਂ ਵੱਖਰੇ ਅਧਿਕਾਰ ਦੇਣ ਦੀ ਗੱਲ ਕਹੀ ਸੀ। ਡਾ. ਅੰਬੇਡਕਰ ਨੇ ਇਸ ਕਮੇਟੀ ਅੱਗੇ ਗਵਾਹੀ ਦਿੰਦਿਆਂ 46 ਨੁਕਤਿਆਂ ਦਾ ਵਿਸਤ੍ਰਿਤ ਲਿਖਤੀ ਬਿਆਨ ਵੀ ਪ੍ਰਸਤੁਤ ਕੀਤਾ ਸੀ।

29 ਮਈ 1928 ਨੂੰ ਡਾ. ਅੰਬੇਡਕਰ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਵੱਲੋਂ ਸਾਇਮਨ ਕਮਿਸ਼ਨ ਨੂੰ 19 ਨੁਕਤਿਆਂ ਦਾ ਮੈਮੋਰੰਡਮ ਦਿੱਤਾ। 24 ਅਕਤੂਬਰ 1928 ਨੂੰ ਪੂਨਾ ਵਿਖੇ ਸਾਇਮਨ ਕਮਿਸ਼ਨ ਅੱਗੇ ਗਵਾਹੀ ਦਿੰਦਿਆਂ ਫਿਰ ਕਿਹਾ ਕਿ ਅਛੂਤ ਹਿੰਦੂ ਨਹੀਂ ਹਨ, ਉਨ੍ਹਾਂ ਨੂੰ ਤਾਂ ਹਿੰਦੂ ਮੰਦਰਾਂ ਵਿਚ ਵੜਨ ਤੱਕ ਨਹੀਂ ਦਿੱਤਾ ਜਾਂਦਾ, ਉਹਨਾਂ ਦੇ ਛੂਹ ਜਾਣ ’ਤੇ ਹੀ ਹਿੰਦੂ ਭਿੱਟੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਘੱਟ ਗਿਣਤੀ ਮੰਨ ਕੇ ਵੱਖਰੇ ਅਧਿਕਾਰ ਦਿੱਤੇ ਜਾਣ। ਕਮਿਸ਼ਨ ਨੇ ਡਾ. ਅੰਬੇਡਕਰ ਤੋਂ 295 ਪ੍ਰਸ਼ਨ ਪੁੱਛੇ, ਜਿਨ੍ਹਾਂ ਦੇ ਆਪ ਨੇ ਬਾਖੂਬੀ ਉਤਰ ਦਿੱਤੇ। ਇਸੇ ਤਰ੍ਹਾਂ ਗੋਲਮੇਜ਼ ਕਾਨਫਰੰਸਾਂ ਵਿਚ ਵਿਚਾਰ, ਚਰਚਾ ਸਮੇਂ ਵੀ ਆਪ ਛਾਏ ਰਹੇ, ਸਿੱਟੇ ਵਜੋਂ ਡਾ. ਅੰਬੇਡਕਰ ਨੂੰ ਬਹੁਤ ਸਾਰੀਆਂ ਸਬ ਕਮੇਟੀਆਂ ਦੇ ਮੈਂਬਰ ਬਣਾਇਆ ਗਿਆ, ਜਿਹਨਾਂ ਵਿਚੋਂ ਰਾਜਾਂ ਦੀ ਸੰਵਿਧਾਨ ਸਬੰਧੀ ਸਬ-ਕਮੇਟੀ, ਘੱਟ ਗਿਣਤੀਆਂ ਸਬੰਧੀ ਕਮੇਟੀ, ਵੋਟ ਅਧਿਕਾਰ ਸਬੰਧੀ ਕਮੇਟੀ, ਦੇਸ਼ ਦੀ ਸੁਰੱਖਿਆ ਸਬੰਧੀ ਸਬ ਕਮੇਟੀ ਸਮੇਤ ਸਰਕਾਰੀ ਸੇਵਾਵਾਂ ਅਤੇ ਭਾਰਤੀ ਸੰਵਿਧਾਨਕ ਸੁਧਾਰਾਂ ਸਬੰਧੀ ਸਬ ਕਮੇਟੀ ਆਦਿ ਪ੍ਰਮੁੱਖ ਹਨ।

ਇਹਨਾਂ ਗੋਲਮੇਜ਼ ਕਾਨਫਰੰਸਾਂ ਵਿਚ ਗਾਂਧੀ ਜੀ ਦੀ ਅਗਵਾਈ ਹੇਠ ਹਿੰਦੂਆਂ ਨੇ ਡਾ. ਅੰਬੇਡਕਰ ਵੱਲੋਂ ਚੁੱਕੇ ਹਰ ਮੁੱਦੇ ’ਤੇ ਅਛੂਤਾਂ ਨੂੰ ਦਿੱਤੇ ਜਾਣ ਵਾਲੇ ਅਧਿਕਾਰਾਂ ਦਾ ਵਿਰੋਧ ਕੀਤਾ। ਗਾਂਧੀ ਜੀ ਸਮੇਤ, ਹਿੰਦੂ ਮਹਾਂਸਭਾ ਦੇ ਡਾ. ਮੁੰਜੇ ਅਤੇ ਹੋਰ ਹਿੰਦੂ ਪ੍ਰਤੀਨਿਧਾਂ ਨੇ ਦੂਸਰੇ ਘੱਟ ਗਿਣਤੀ ਫਿਰਕਿਆਂ ਨੂੰ ਇਸ ਸ਼ਰਤ ਤੇ ਉਹਨਾਂ ਨੂੰ ਵਿਸ਼ੇਸ਼ ਅਧਿਕਾਰਾਂ ਪ੍ਰਤੀ ਸਹਿਯੋਗ ਦੇਣ ਲਈ ਸਹਿਮਤੀ ਪ੍ਰਗਟ ਕੀਤੀ, ਜੇਕਰ ਸਾਰੇ ਰਲ ਕੇ ਗੋਲਮੇਜ਼ ਕਾਨਫਰੰਸ ਵਿਚ ਅਛੂਤ ਅਧਿਕਾਰਾਂ ਦਾ ਵਿਰੋਧ ਕਰਨ। ਪਰ ਘੱਟ ਗਿਣਤੀ ਫਿਰਕੇ, ਵਿਸ਼ੇਸ਼ ਤੌਰ ਤੇ ਮੁਸਲਮਾਨ ਅਤੇ ਇਸਾਈ ਇਸ ਲਈ ਰਾਜ਼ੀ ਨਾ ਹੋਏ। ਸਿੱਟੇ ਵਜੋਂ ਇਹ ਕਾਨਫਰੰਸ ਇੰਗਲੈਂਡ ਦੇ ਪ੍ਰਧਾਨ ਮੰਤਰੀ ਰੈਮਜੇ ਮੈਕਡੋਨਲ ਨੂੰ ਅਛੂਤਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਸਬੰਧੀ ਸਾਲਸੀ ਫੈਸਲਾ ਦੇਣ ਲਈ ਬੇਨਤੀ ਕਰਨ ਉਪਰੰਤ ਸਮਾਪਤ ਹੋ ਗਈ।

**29 ਮਈ 1928 ਨੂੰ ਡਾ. ਅੰਬੇਡਕਰ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਵੱਲੋਂ ਸਾਇਮਨ ਕਮਿਸ਼ਨ ਨੂੰ 19 ਨੁਕਤਿਆਂ ਦਾ ਮੈਮੋਰੰਡਮ ਦਿੱਤਾ। 24 ਅਕਤੂਬਰ 1928 ਨੂੰ ਪੂਨਾ ਵਿਖੇ ਸਾਇਮਨ ਕਮਿਸ਼ਨ ਅੱਗੇ ਗਵਾਹੀ ਦਿੰਦਿਆਂ ਫਿਰ ਕਿਹਾ ਕਿ ਅਛੂਤ ਹਿੰਦੂ ਨਹੀਂ ਹਨ, ਉਨ੍ਹਾਂ ਨੂੰ ਤਾਂ ਹਿੰਦੂ ਮੰਦਰਾਂ ਵਿਚ ਵੜਨ ਤੱਕ ਨਹੀਂ ਦਿੱਤਾ ਜਾਂਦਾ, ਉਹਨਾਂ ਦੇ ਛੂਹ ਜਾਣ ’ਤੇ ਹੀ ਹਿੰਦੂ ਭਿੱਟੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਘੱਟ ਗਿਣਤੀ ਮੰਨ ਕੇ ਵੱਖਰੇ ਅਧਿਕਾਰ ਦਿੱਤੇ ਜਾਣ। ਕਮਿਸ਼ਨ ਨੇ ਡਾ. ਅੰਬੇਡਕਰ ਤੋਂ 295 ਪ੍ਰਸ਼ਨ ਪੁੱਛੇ, ਜਿਨ੍ਹਾਂ ਦੇ ਆਪ ਨੇ ਬਾਖੂਬੀ ਉਤਰ ਦਿੱਤੇ।**

### ਸਾਂਝੇ ਮੰਗ ਪੱਤਰ ਵਿਚ ਪੰਜਾਬ ਦੀ ਮੰਗ ਵੀ ਸ਼ਾਮਲ

ਦੂਸਰੀ ਗੋਲਮੇਜ਼ ਕਾਨਫਰੰਸ ਵਿਚ ਬੇਸ਼ੱਕ ਅਛੂਤਾਂ ਦੇ ਵਿਸ਼ੇਸ਼ ਅਧਿਕਾਰਾਂ ਸਬੰਧੀ ਕਿਸੇ ਨਿਰਣੇ ’ਤੇ ਤਾਂ ਪਹੁੰਚਿਆ ਨਹੀਂ ਜਾ ਸਕਿਆ ਪਰ ਘੱਟ-ਗਿਣਤੀਆਂ ਬਾਰੇ ਸਬ ਕਮੇਟੀ ਦੀ ਆਖਰੀ ਮੀਟਿੰਗ ਵਿਚ ਡਾ. ਅੰਬੇਡਕਰ ਸਾਹਿਬ ਦੇ ਯਤਨਾਂ ਸਦਕਾ ਮੁਸਲਮਾਨਾਂ, ਦਲਿਤ ਵਰਗਾਂ, ਭਾਰਤੀ ਇਸਾਈਆਂ, ਐਂਗਲੋ ਇੰਡੀਅਨਜ਼ ਅਤੇ ਯੂਰਪੀਨਾਂ ਦੁਆਰਾ ਆਪਸੀ ਸਮਝੌਤਾ ਕਰਕੇ ਬਰਤਾਨੀਆ ਸਰਕਾਰ ਨੂੰ 24 ਨੁਕਾਤੀ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਜ਼ਰੂਰੀ ਸਾਂਝੀਆਂ ਮੰਗਾਂ ਸਮੇਤ ਮੁਸਲਮਾਨਾਂ ਦੀਆਂ ਤਿੰਨ ਵਿਸ਼ੇਸ਼ ਮੰਗਾਂ, ਦਲਿਤ ਵਰਗਾਂ ਦੀਆਂ ਪੰਜ ਵਿਸ਼ੇਸ਼ ਮੰਗਾਂ ਸਮੇਤ ਐਂਗਲੋ ਇੰਡੀਅਨ ਦੀਆਂ ਤਿੰਨ ਅਤੇ ਯੂਰਪੀਨਾਂ ਦੀਆਂ ਦੋ ਵਿਸ਼ੇਸ਼ ਮੰਗਾਂ ਨੂੰ ਸ਼ਾਮਲ ਕੀਤਾ ਗਿਆ। ਦਲਿਤਾਂ ਦੀਆਂ ਇਹਨਾਂ ਵਿਸ਼ੇਸ਼ ਪੰਜ ਮੰਗਾਂ ਵਿਚ ਡਾ. ਅੰਬੇਡਕਰ ਵੱਲੋਂ ਪੰਜਾਬ ਵਿਚ ਜ਼ਮੀਨ ਖਰੀਦਣ ਦੇ ਅਧਿਕਾਰ ਦੀ ਮੰਗ ਵੀ ਸ਼ਾਮਲ ਕਰਵਾਈ ਗਈ। ਇਹ ਪੰਜ ਵਿਸ਼ੇਸ਼ ਮੰਗਾਂ ਹੇਠ ਲਿਖੇ ਅਨੁਸਾਰ ਸਨ:

(ੳ) ਜੇਕਰ ਕਿਸੇ ਪ੍ਰੰਪਰਾ ਜਾਂ ਪ੍ਰਚੱਲਿਤ ਰੂੜੀ (ਪ੍ਰਥਾ) ਦੇ ਕਾਰਨ ਕਿਸੇ ਵਿਅਕਤੀ ਨੂੰ ਸਜ਼ਾ ਦਿੱਤੀ ਜਾਂਦੀ ਹੈ ਜਾਂ ਅਯੋਗ ਠਹਿਰਾਇਆ ਜਾਂਦਾ ਹੈ ਜਾਂ ਛੂਆ-ਛਾਤ ਦੇ ਕਾਰਨ ਉਸ ਨਾਲ ਕੋਈ ਵਿਤਕਰਾ ਕੀਤਾ ਜਾਂਦਾ ਹੈ ਤਾਂ ਸੰਵਿਧਾਨ ਉਸ ਪ੍ਰਥਾ, ਪ੍ਰੰਪਰਾ ਜਾਂ ਰੂੜੀ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰੇ।

(ਅ) ਲੋਕ ਸੇਵਾਵਾਂ, ਪੁਲਿਸ ਅਤੇ ਸੈਨਾ ਵਿਚ ਭਰਤੀ ਦੇ ਮਾਮਲੇ ਵਿਚ ਉਦਾਰਤਾ ਵਾਲਾ ਵਰਤਾਵ ਕੀਤਾ ਜਾਵੇ।

(ੲ) ਪੰਜਾਬ ਦੇ ਦਲਿਤ ਵਰਗਾਂ ਨੂੰ ਜ਼ਮੀਨ ਮਾਲਕੀ ਦੇ ਹੱਕ ਅਰਥਾਤ ਪੰਜਾਬ ਇੰਤਕਾਲ ਇਰਾਜ਼ੀ ਐਕਟ ਦਾ ਲਾਭ ਪ੍ਰਾਪਤ ਹੋਵੇ।

(ਸ) ਕਿਸੇ ਵੀ ਕਾਰਜਕਾਰੀ ਅਧਿਕਾਰੀ ਦੁਆਰਾ ਦਲਿਤ ਵਰਗਾਂ ਦੇ ਹਿੱਤਾਂ ਵਿਰੁੱਧ ਕਾਰਵਾਈ ਜਾਂ ਉਹਨਾਂ ਦੇ ਹਿੱਤਾਂ ਦੀ ਬੇਧਿਆਨੀ ਹੋਣ ਤੇ ਗਵਰਨਰ ਜਨਰਲ ਨੂੰ ਅਪੀਲ ਕਰਨ ਦਾ ਅਧਿਕਾਰ ਹੋਵੇ।

(ਹ) ਰਾਜਾਂ ਵਿਚ ਦਲਿਤ ਵਰਗ ਦੀ ਪ੍ਰਤੀਨਿਧਤਾ ਇਸ ਮੰਗ ਪੱਤਰ ਨਾਲ ਜੋੜੇ ਗਏ ਅਨੁਬੰਧ ਅਨੁਸਾਰ ਹੋਵੇ।

ਇਸ ਮੰਗ ਪੱਤਰ ਨਾਲ ਜੋੜਿਆ ਗਿਆ ਅਨੁਬੰਧ 1931 ਦੀ ਮਰਦਮਸ਼ੁਮਾਰੀ ਅਤੇ ਸਾਇਮਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਸੀ, ਜਿਸ ਵਿਚ ਡਾ. ਅੰਬੇਡਕਰ ਨੇ ਦੂਸਰੇ ਰਾਜਾਂ ਤੋਂ ਇਲਾਵਾ ਪੰਜਾਬ ਵਿਧਾਨ ਮੰਡਲ ਵਿਚ ਦਲਿਤਾਂ ਲਈ 10 ਸੀਟਾਂ ਦੀ ਪ੍ਰਤੀਨਿਧਤਾ ਦੀ ਮੰਗ ਕੀਤੀ ਸੀ। ਇਸ ਸਾਂਝੇ ਮੰਗ-ਪੱਤਰ ਤੋਂ ਇਲਾਵਾ ਡਾ. ਅੰਬੇਡਕਰ ਅਤੇ ਦੂਸਰੇ ਦਲਿਤ ਡੈਲੀਗੇਟ ਸ੍ਰੀਨਿਵਾਸਨ ਨੇ ਇਕ ਵੱਖਰੇ ਸਹਾਇਕ ਮੰਗ ਪੱਤਰ ਰਾਹੀਂ ਅਛੂਤ ਵਰਗਾਂ ਨੂੰ ਆਬਾਦੀ ਦੇ ਅਨੁਪਾਤ ਅਨੁਸਾਰ ਕੇਂਦਰੀ ਅਸੈਂਬਲੀ ਅਤੇ ਰਾਜ ਵਿਧਾਨ ਸਭਾਵਾਂ ਵਿਚ ਵਿਸ਼ੇਸ਼ ਪ੍ਰਤੀਨਿਧਤਾ ਅਤੇ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਕੀਤੀ।

ਘੱਟ ਗਿਣਤੀ ਸਮਝੌਤਾ ਅਤੇ ਅਛੂਤਾਂ ਲਈ ਵੱਖਰੇ ਰਾਜਨੀਤਿਕ ਅਧਿਕਾਰਾਂ ਦੀਆਂ ਮੰਗਾਂ ਪ੍ਰਤੀ ਗਾਂਧੀ ਜੀ ਭੜਕੇ ਪਏ ਸਨ। ਉਹਨਾਂ ਦਾ ਸਪਸ਼ਟ ਮੱਤ ਸੀ ਕਿ ਜਿਹੜੇ ਲੋਕ ਅਛੂਤਾਂ ਲਈ ਵੱਖਰੇ ਰਾਜਨੀਤਿਕ ਅਧਿਕਾਰਾਂ ਦੀ ਮੰਗ ਕਰਦੇ ਹਨ, ਉਹ ਭਾਰਤ ਨੂੰ ਨਹੀਂ ਜਾਣਦੇ। ਇਸ ਲਈ ਮੈਂ ਆਪਣੇ ਪੂਰੇ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਮੈਨੂੰ ਇਕੱਲੇ ਨੂੰ ਹੀ ਇਸਦਾ ਵਿਰੋਧ ਕਰਨਾ ਪਿਆ, ਤਾਂ ਮੈਂ ਸਾਰੀ ਜ਼ਿੰਦਗੀ ਇਸਦਾ ਵਿਰੋਧ ਕਰਦਾ ਰਹਾਂਗਾ। (ਡਾ. ਅੰਬੇਡਕਰ ਭਾਸ਼ਣ ਅਤੇ ਲਿਖਤਾਂ, ਖੰਡ 5, ਪੰਨਾ 198)

ਗਾਂਧੀ ਜੀ ਆਪਣੀ ਜਾਨ ਦੇ ਕੇ ਵੀ ਅਛੂਤਾਂ ਦੀਆਂ ਇਨ੍ਹਾਂ ਮੰਗਾਂ ਦਾ ਵਿਰੋਧ ਕਰਨ ਲਈ ਬਜ਼ਿਦ ਸਨ। ਬੇਸ਼ੱਕ ਉਹ ਆਪ ਵੀ ਭਾਰਤੀ ਵਰਣ ਵਿਵਸਥਾ ਅਧੀਨ ਤੀਜੇ ਦਰਜੇ ਦੇ ਨਾਗਰਿਕ ਹੀ ਸਨ ਅਤੇ ਉਹਨਾਂ ਦਾ ਆਪਣਾ ਸਮਾਜ ਵੀ ਬ੍ਰਾਹਮਣਵਾਦੀ ਵਿਵਸਥਾ ਦਾ ਸਦੀਆਂ ਤੋਂ ਗੁਲਾਮ ਰਿਹਾ, ਪਰ ਉਹ ਗੁਲਾਮਾਂ ਦੇ ਗੁਲਾਮ ਅਛੂਤਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਦੇਣ ਦੇ ਬਿਲਕੁਲ ਵੀ ਹੱਕ ਵਿਚ ਨਹੀਂ ਸਨ। ਇਸ ਲਈ ਪਹਿਲੀ ਦਸੰਬਰ 1931 ਨੂੰ ਬਿਨਾਂ ਕਿਸੇ ਨਿਰਣੇ ਤੇ ਪਹੁੰਚਿਆਂ ਦੂਸਰੀ ਗੋਲਮੇਜ਼ ਕਾਨਫਰੰਸ ਮੁਲਤਵੀ ਹੋ ਗਈ।

### ਰੈਮਜ਼ੇ ਮੈਕਡੌਨਲ ਐਵਾਰਡ ਅਤੇ ਗਾਂਧੀ ਜੀ ਦੀ ਕੂਟਨੀਤੀ

ਭਾਰਤ ਵਿਚ ਵਾਪਸ ਆ ਕੇ ਗਾਂਧੀ ਜੀ ਆਰਾਮ ਨਾਲ ਨਹੀਂ ਬੈਠੇ। ਅਛੂਤਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾਣ ਦੀ ਚਿੰਤਾ ਨੇ ਉਨ੍ਹਾਂ ਦੀਆਂ ਰਾਤਾਂ ਦੀ ਨੀਂਦ ਹਰਾਮ ਕੀਤੀ ਹੋਈ ਸੀ। ਇਸ ਲਈ 11 ਮਾਰਚ 1932 ਨੂੰ ਗਾਂਧੀ ਜੀ ਨੇ, ਸਦੀਆਂ ਉਪਰੰਤ ਦਿੱਤੇ ਜਾਣ ਵਾਲੇ ਵਿਸ਼ੇਸ਼ ਰਾਜਨੀਤਿਕ ਅਧਿਕਾਰਾਂ ਵਿਰੁੱਧ, ਬਰਤਾਨੀਆ ਦੇ ਭਾਰਤ ਮੰਤਰੀ ’ਸਰ ਸੈਮੂਅਲ ਹੋਰ’ ਨੂੰ ਪੱਤਰ ਲਿਖ ਕੇ ਅਛੂਤਾਂ ਲਈ ਵੱਖਰੇ ਚੋਣ ਅਧਿਕਾਰਾਂ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਨਾਲ ਇਹ ਵੀ ਧਮਕੀ ਦਿੱਤੀ ਕਿ ਜੇਕਰ ਪ੍ਰਧਾਨ ਮੰਤਰੀ ਦੇ ਫੈਸਲੇ ਵਿਚ ਅਛੂਤਾਂ ਲਈ ਵੱਖਰੇ ਚੋਣ ਅਧਿਕਾਰ ਸਵੀਕਾਰ ਕੀਤੇ ਜਾਂਦੇ ਹਨ, ਤਾਂ ਉਹ ਮਰਨ ਵਰਤ ਰੱਖਣਗੇ।’ ਉਂਝ ਤਾਂ ਇਸ ਪੱਤਰ ਦੀ ਹਰ ਸੱਤਰ ਵੀ ਗਾਂਧੀ ਜੀ ਦੀਆਂ ਅਛੂਤ ਵਿਰੋਧੀ ਭਾਵਨਾਵਾਂ ਨੂੰ ਪ੍ਰਗਟ ਕਰਦੀ ਹੈ, ਪਰ ਹੇਠ ਲਿਖੀਆਂ ਸੱਤਰਾਂ ਵਾਚਣਯੋਗ ਹਨ, ਜਿਸ ਵਿਚ ਉਹ ਖੁਦ ਹੀ ਆਪਣੇ ਇਸ ਦਲਿਤ ਵਿਰੋਧੀ ਪਾਗਲਪਣ ਨੂੰ ਸਵੀਕਾਰ ਕਰਦੇ ਹਨ:

’’ਮੈਂ ਦੁੱਖ ਦੇ ਨਾਲ ਆਪਣੀ ਆਤਮਾ ਦੀ ਆਵਾਜ਼ ਦੱਸ ਰਿਹਾ ਹਾਂ। ... ਬਹੁਤ ਸਾਰੇ ਲੋਕ ਇਸ ਨੂੰ ਠੀਕ ਨਹੀਂ ਮੰਨਣਗੇ ਅਤੇ ਮੇਰੇ ਫੈਸਲੇ ਨੂੰ ਰਾਜਨੀਤੀ ਵਿਚ ਪਾਗਲਪਣ ਦਾ ਨਵਾਂ ਤਰੀਕਾ ਸਮਝਿਆ ਜਾਵੇਗਾ, ਪਰ ਇਹ ਕੋਈ ਚਾਲ ਨਹੀਂ ਹੈ, ਬਲਕਿ ਮੇਰੇ ਜੀਵਨ ਦੀ ਇਕ ਪਹੇਲੀ ਹੈ, ਬੁਝਾਰਤ ਹੈ। ਇਹ ਮੇਰੀ ਆਤਮਾ ਦੀ ਪੁਕਾਰ ਹੈ, ਜਿਸਨੂੰ ਮੈਂ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ... ਮੈਨੂੰ ਆਸ ਹੈ ਕਿ ਬਰਤਾਨੀਆ ਸਰਕਾਰ ਦਲਿਤਾਂ ਲਈ ਵੱਖਰੇ ਚੋਣ ਮਤਦਾਨ ਨੂੰ ਸਵੀਕਾਰ ਕਰਨ ਦੇ ਵਿਚਾਰ ਨੂੰ ਤਿਆਗ ਦੇਵੇਗੀ।’’

(ਡਾ. ਅੰਬੇਡਕਰ ਲਿਖਤਾਂ ਤੇ ਭਾਸ਼ਣ, ਖੰਡ 16, ਪੰਨਾ 85)

ਰੈਮਜ਼ੇ ਮੈਕਡੋਨਲ ਐਵਾਰਡ ਜਾਰੀ ਹੋਣ ਤੋਂ ਪਹਿਲਾਂ ਗੋਲਮੇਜ਼ ਕਾਨਫਰੰਸ ਦੀ ’ਵੋਟ ਦੇ ਅਧਿਕਾਰ ਸਬੰਧੀ ਸਬ ਕਮੇਟੀ’ ਦੀ ਸਿਫਾਰਸ਼ ’ਤੇ ਲਾਰਡ ਲੋਥੀਅਨ ਕਮੇਟੀ ਦਾ ਦਸੰਬਰ 1932 ਵਿਚ ਗਠਨ ਕੀਤਾ ਗਿਆ। ਭਾਰਤ ਦੇ ਸਾਰੇ ਪ੍ਰਾਂਤਾਂ ਦਾ ਦੌਰਾ ਕਰਨ ਉਪਰੰਤ ਇਸ ਕਮੇਟੀ ਨੇ ਜਨ-ਸਧਾਰਨ ਲਈ ਵੋਟ ਦੇ ਅਧਿਕਾਰ ਸਬੰਧੀ ਨਿਯਮਾਂ ਅਤੇ ਅਛੂਤਾਂ ਦੇ ਚੋਣ ਅਧਿਕਾਰ ਬਾਰੇ ਵਿਚਾਰ-ਚਰਚਾ ਕਰਨ ਉਪਰੰਤ ਬਰਤਾਨੀਆ ਸਰਕਾਰ ਨੂੰ ਆਪਣੀ ਰਿਪੋਰਟ ਸੌਂਪਣੀ ਸੀ। ਕਮੇਟੀ ਨੇ ਜਨਵਰੀ 1932 ਤੋਂ ਆਪਣਾ ਕੰਮ ਸ਼ੁਰੂ ਕੀਤਾ ਅਤੇ ਅਪ੍ਰੈਲ 1932 ਵਿਚ ਲਾਹੌਰ ਵਿਖੇ, ਡਾ. ਅੰਬੇਡਕਰ ਦੀ ਮੌਜੂਦਗੀ ਵਿਚ, ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਆਦਿ ਧਰਮ ਮੰਡਲ ਪੰਜਾਬ ਦੇ ਪ੍ਰਤੀਨਿਧ ਮੰਡਲ ਨੇ ਇਸ ਨਾਲ ਮੀਟਿੰਗ ਕੀਤੀ। ਇਸ ’ਲਾਰਡ ਲੋਥੀਅਨ ਕਮੇਟੀ ਅਤੇ ਆਦਿ ਧਰਮ ਮੰਡਲ’ ਸਿਰਲੇਖ ਅਧੀਨ ਵੱਖਰਿਆਂ, ਇਨ੍ਹਾਂ ਕਾਲਮਾਂ ਵਿਚ ਵਿਸਤ੍ਰਿਤ ਜ਼ਿਕਰ ਕੀਤਾ ਜਾਵੇਗਾ।

17 ਅਗਸਤ 1932 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ’ਰੈਮਜ਼ੇ ਮੈਕਡੌਨਲ ਐਵਾਰਡ’ ਦੀ ਘੋਸ਼ਣਾ ਕੀਤੀ, ਜਿਸਨੂੰ ਕਮਿਊਨਲ ਐਵਾਰਡ ਅਰਥਾਤ ਸੰਪ੍ਰਦਾਇਕ ਨਿਰਣੈ ਵੀ ਕਿਹਾ ਜਾਂਦਾ ਹੈ। ਇਸ ਐਵਾਰਡ ਅਧੀਨ ਮੁਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਯੂਰਪੀਅਨਾਂ ਸਮੇਤ ਅਛੂਤਾਂ ਨੂੰ ਵੱਖਰੇ ਚੋਣ ਅਧਿਕਾਰ ਪ੍ਰਦਾਨ ਕੀਤੇ ਗਏ। ਡਾ. ਅੰਬੇਡਕਰ ਦੁਆਰਾ 1919 ਤੋਂ ਲਗਾਤਾਰ ਅਛੂਤ ਅਧਿਕਾਰਾਂ ਲਈ ਕੀਤੀ ਜਾ ਰਹੀ ਜੱਦੋ-ਜਹਿਦ ਦੇ ਸਿੱਟੇ ਵਜੋਂ ਵੱਖਰੇ ਵਿਸ਼ੇਸ਼ ਚੋਣ ਅਧਿਕਾਰ, ਡਬਲ ਵੋਟ ਦਾ ਹੱਕ ਅਤੇ ਸੂਬਾਈ ਵਿਧਾਨ ਮੰਡਲਾਂ ਵਿਚ ਰਿਜ਼ਰਵ ਸੀਟਾਂ ਸਵੀਕਾਰ ਕੀਤੀਆਂ ਗਈਆਂ।

ਉਪਰੋਕਤ ਘੱਟ ਗਿਣਤੀਆਂ ਨੂੰ ਦਿੱਤੇ ਵੱਖਰੇ ਅਧਿਕਾਰਾਂ ਲਈ ਤਾਂ ਗਾਂਧੀ ਜੀ ਪੂਰੀ ਤਰ੍ਹਾਂ ਸਹਿਮਤ ਹੋ ਗਏ, ਪਰ ਅਛੂਤਾਂ ਨੂੰ ਮਿਲੇ ਵਿਸ਼ੇਸ਼ ਰਾਜਨੀਤਿਕ ਅਧਿਕਾਰਾਂ ਵਿਰੁੱਧ ਉਨ੍ਹਾਂ ਨੇ 20 ਸਤੰਬਰ 1932 ਨੂੰ ਪੂਨਾ ਦੀ ਯਰਵਦਾ ਜੇਲ੍ਹ, ਜਿੱਥੇ ਉਹ ਅਸਹਿਯੋਗ ਅੰਦੋਲਨ ਦੌਰਾਨ ਨਜ਼ਰਬੰਦ ਸਨ, ਵਿਖੇ ਮਰਨ ਵਰਤ ਰੱਖ ਲਿਆ। ਇਸ ਤੋਂ ਪਹਿਲਾਂ ਅਛੂਤਾਂ ਲਈ ਐਲਾਨੇ ਗਏ ਇਨ੍ਹਾਂ ਰਾਜਨੀਤਿਕ ਅਧਿਕਾਰ ਵਿਰੁੱਧ ਉਸਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ 18 ਅਗਸਤ 1932 ਅਤੇ 9 ਸਤੰਬਰ 1932 ਨੂੰ ਦੋ ਹੋਰ ਪੱਤਰ ਲਿਖ ਕੇ ਅਛੂਤਾਂ ਲਈ ਵੱਖਰੇ ਚੋਣ ਖੇਤਰਾਂ ਅਤੇ ਆਪਣੇ ਅਛੂਤ ਨੁਮਾਇੰਦੇ ਚੁਣਨ ਲਈ ਦੋਹਰੀ ਵੋਟ ਪ੍ਰਣਾਲੀ ਦਾ ਪੁਰਜ਼ੋਰ ਵਿਰੋਧ ਕੀਤਾ। ਉਹ ਹਰਗਿਜ਼ ਨਹੀਂ ਚਾਹੁੰਦੇ ਸਨ ਕਿ ਅਛੂਤ ਵਰਗ ਨਿਰੋਲ ਆਪਣੇ ਅਛੂਤ ਪ੍ਰਤੀਨਿਧ ਚੁਣ ਕੇ ਸੂਬਾਈ ਅਸੈਂ-ਬਲੀਆਂ ਵਿਚ ਭੇਜ ਕੇ ਅਛੂਤਾਂ ਦੇ ਮਸਲਿਆਂ ਨੂੰ ਉਭਾਰ ਸਕੇ।

ਗਾਂਧੀ ਜੀ ਦਾ ਇਹ ਦ੍ਰਿੜ੍ਹ ਮੱਤ ਸੀ ਕਿ ਅਛੂਤ ਹਮੇਸ਼ਾ ਹਿੰਦੂਆਂ ਦੇ ਗੁਲਾਮ ਬਣੇ ਰਹਿਣ, ਇਸ ਤੱਥ ਨੂੰ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੌਨਲ ਨੇ ਗਾਂਧੀ ਜੀ ਵੱਲੋਂ 18 ਅਗਸਤ ਨੂੰ, ਵੱਖਰੇ ਅਛੂਤ ਅਧਿਕਾਰਾਂ ਵਿਰੁੱਧ, ਉਹਨਾਂ ਨੂੰ ਲਿਖੇ ਗਏ ਜੁਆਬੀ ਪੱਤਰ ਵਿਚ ਸਪਸ਼ਟ ਕੀਤਾ ਹੈ।

18 ਅਗਸਤ ਨੂੰ ਲਿਖੇ ਪੱਤਰ ਵਿਚ ਗਾਂਧੀ ਜੀ ਨੇ ਪ੍ਰਧਾਨ ਮੰਤਰੀ ਨੂੰ 20 ਸਤੰਬਰ 1932 ਤੋਂ ਆਪਣਾ ਮਰਨ ਵਰਤ ਸ਼ੁਰੂ ਕਰਨ ਦੀ ਸੂਚਨਾ ਵੀ ਦੇ ਦਿੱਤੀ ਸੀ। ਇਸ ਪੱਤਰ ਦੇ ਜੁਆਬ ਵਿਚ 8 ਸਤੰਬਰ 1932 ਨੂੰ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੌਨਲ ਨੇ ਜਿਹੜਾ ਪੱਤਰ ਲਿਖਿਆ, ਉਸ ਵਿਚ ਉਹਨਾਂ ਨੇ ਭਾਰਤ ਦੇ ਅਛੂਤਾਂ ਪ੍ਰਤੀ ਗਾਂਧੀ ਜੀ ਦੀਆਂ ਘਟੀਆ ਕੂਟਨੀਤਿਕ ਚਾਲਾਂ ਨੂੰ ਵੀ ਨੰਗਿਆਂ ਕੀਤਾ ਹੈ:

(ੳ) ’’ਮੈਂ ਆਪਦੀ ਮਨੋਵਿਰਤੀ ਸਮਝਦਾ ਹਾਂ, ਆਪ ਮਰਨ ਵਰਤ ਰੱਖਣਾ ਚਾਹੁੰਦੇ ਹੋ, ... ਆਪ ਤਾਂ ਬੱਸ ਦਲਿਤਾਂ ਨੂੰ, ਜੋ ਸਦੀਆਂ ਤੋਂ ਅੱਜ ਤੱਕ ਸਮਾਜਿਕ ਬੇੜੀਆਂ ਵਿਚ ਜਕੜੇ ਹੋਏ ਹਨ, ਆਪਣੇ ਮਨ-ਪਸੰਦ ਉਨ੍ਹਾਂ ਪ੍ਰਤੀਨਿਧਾਂ ਦੀ ਚੋਣ ਕਰਨ ਤੋਂ ਰੋਕਣਾ ਚਾਹੁੰਦੇ ਹੋ, ਜੋ ਵਿਧਾਨ ਸਭਾ ਵਿਚ ਜਾ ਕੇ ਉਹਨਾਂ ਵੱਲੋਂ ਆਵਾਜ਼ ਬੁਲੰਦ ਕਰ ਸਕਣ, ਜਿਸਦਾ ਉਨ੍ਹਾਂ ਦੇ ਭਵਿੱਖ ’ਤੇ ਡੂੰਘਾ ਪ੍ਰਭਾਵ ਪੈਣਾ ਹੈ।’’

(ਅੰਬੇਡਕਰ ਲਿਖਤਾਂ ਅਤੇ ਭਾਸ਼ਣ, ਖੰਡ 16, ਪੰਨਾ 92)

(ਅ) ’’ਇਸ ਅਤੀ ਨਿਰਪੱਖ ਅਤੇ ਪੂਰੀ ਸੂਝ-ਸਿਆਣਪ ਭਰੇ ਪ੍ਰਸਤਾਵਾਂ ਦੇ ਸੰਦਰਭ ਵਿਚ ਆਪ ਵੱਲੋਂ ਲਏ ਗਏ ਫੈਸਲੇ (ਮਰਨ ਵਰਤ) ਨੂੰ ਮੈਂ ਠੀਕ ਨਹੀਂ ਸਮਝਦਾ। ਮੈਂ ਤਾਂ ਇਹ ਸਮਝਦਾ ਕਿ ਆਪਨੇ ਵਾਸਤਵਿਕ ਤੱਥਾਂ ਤੋਂ ਭੈ-ਭੀਤ ਹੋ ਕੇ ਇਹ ਫੈਸਲਾ ਕੀਤਾ ਹੈ। (ਉਹੀ, ਪੰਨਾ 92)

’ਵਾਸਤਵਿਕ ਤੱਥ’ ਇਹ ਸਨ ਕਿ ਸਦੀਆਂ ਬਾਅਦ ਭਾਰਤ ਦੇ ਅਛੂਤਾਂ ਨੂੰ ਆਪਣੀ ਵੋਟ ਨਾਲ ਨਿਰੋਲ ਆਪਣੇ ਵਾਸਤਵਿਕ ਪ੍ਰਤੀਨਿਧ ਚੁਣਨ ਦਾ ਹੱਕ ਪ੍ਰਾਪਤ ਹੋ ਰਿਹਾ ਸੀ। ਪਰ ਗਾਂਧੀ ਜੀ ਬੜੇ ਚਤੁਰ-ਚਲਾਕ ਤੇ ਸ਼ਾਤਰ ਦਿਮਾਗ ਸਿਆਸਤਦਾਨ ਸਨ।

ਉਹਨਾਂ ਤੋਂ ਇਹ ਸਹਿਣ ਨਹੀਂ ਸੀ ਹੋ ਰਿਹਾ ਅਤੇ ਇਹ ਉਨ੍ਹਾਂ ਦੀ ਕਲਪਨਾ ਤੋਂ ਹੀ ਬਾਹਰੀ ਗੱਲ ਸੀ ਕਿ ਅਛੂਤਾਂ ਦੇ ਨੁਮਾਇੰਦੇ ਵੀ ਸੂਬਾਈ ਅਸੈਂਬਲੀਆਂ ਵਿਚ ਅਛੂਤ ਵਰਗ ਦੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰਨਗੇ। ਬੇਸ਼ੱਕ ਉਹ ਖੁਦ ਹੀ ਗੋਲਮੇਜ਼ ਕਾਨਫਰੰਸ ਵਿਚ ਪ੍ਰਧਾਨ ਮੰਤਰੀ ਵੱਲੋਂ ਸਾਲਸੀ ਫੈਸਲਾ ਦੇਣ ਦੇ ਬੇਨਤੀ ਪੱਤਰ ਤੇ ਹਸਤਾਖਰ ਕਰਕੇ ਆਏ ਸਨ, ਹਾਲਾਂਕਿ ਡਾ. ਅੰਬੇਡਕਰ ਨੇ ਦਸਤਖ਼ਤ ਨਹੀਂ ਸੀ ਕੀਤੇ। ਉਨ੍ਹਾਂ ਕਿਹਾ ਸੀ ਕਿ ਜੇਕਰ ਸਾਲਸੀ ਫੈਸਲਾ ਮੇਰੇ ਲੋਕਾਂ, ਅਰਥਾਤ ਅਛੂਤਾਂ ਦੇ ਵਿਰੋਧ ਵਿਚ ਹੋਇਆ, ਤਾਂ ਅਸੀਂ ਇਸਨੂੰ ਸਵੀਕਾਰ ਕਰਨ ਲਈ ਪਾਬੰਦ ਨਹੀਂ ਹੋਵਾਂਗੇ।

ਪਰ ਇੱਧਰ ਵਰਣ-ਵਿਵਸਥਾ ਦੇ ਕੱਟੜ ਹਮਾਇਤੀ, ਹੱਠੀ ਤੇ ਜ਼ਿੱਦੀ ਗਾਂਧੀ ਆਪਣੇ ਹੀ ਕੀਤੇ ਫੈਸਲੇ ਦੇ ਵਿਰੁੱਧ ਮਰਨ ਵਰਤ ਰੱਖਣ ਲਈ ਤਿਆਰ ਹੋ ਗਏ। ਇਸ ਸਬੰਧੀ ਉਹ ਕੋਈ ਦਲੀਲ ਤੇ ਅਪੀਲ ਸੁਣਨ ਲਈ ਵੀ ਤਿਆਰ ਨਹੀਂ ਸੀ, ਦਲੀਲ ਤਾਂ ਖੈਰ ਉਸ ਕੋਲ ਕੋਈ ਹੈ ਵੀ ਨਹੀਂ ਸੀ, ਬੱਸ ਇਕ ਧੱਕਾ, ਜਬਰ ਤੇ ਬੇਇਨਸਾਫੀ ਸੀ, ਜਿਸਨੂੰ ਉਹ ਮਰਨ ਵਰਤ ਰੱਖ ਕੇ ਉਚਿਤ ਠਹਿਰਾਉਣਾ ਚਾਹੁੰਦੇ ਸਨ। ਅਛੂਤ ਅਧਿਕਾਰਾਂ ਦੇ ਸਬੰਧ ਵਿਚ ਉਹ ਕਿਸੇ ਦਲੀਲ ਵਿਚ ਪੈਣਾ ਹੀ ਨਹੀਂ ਸੀ ਚਾਹੁੰਦੇ, ਅਛੂਤਾਂ ਨੂੰ ਸਾਲਸੀ ਫੈਸਲੇ ਰਾਹੀਂ ਦਿੱਤੇ ਗਏ ਵੱਖਰੇ ਅਧਿਕਾਰਾਂ ਦੇ ਵਿਰੋਧ ਨੂੰ ਵੀ ਉਹ ਧਰਮ-ਕਰਮ ਦੀ ਸੰਗਿਆ ਦਿੰਦੇ ਸਨ।

ਰੈਮਜ਼ੇ ਮੈਕਡੌਨਲ ਐਵਾਰਡ ਵਿਰੁੱਧ ਮਰਨ ਵਰਤ ਰੱਖਣ ਤੋਂ ਪਹਿਲਾਂ 9 ਸਤੰਬਰ 1932 ਨੂੰ ਪ੍ਰਧਾਨ ਮੰਤਰੀ ਨੂੰ ਭੇਜੇ ਪੱਤਰ ਵਿਚ ਉਹ ਲਿਖਦੇ ਹਨ ਕਿ ’ਬਿਨਾਂ ਕਿਸੇ ਤਰਕ ਵਿਤਰਕ ਤੋਂ ਮੈਂ ਕਹਿ ਸਕਦਾ ਹਾਂ ਕਿ ਮੇਰਾ ਇਹ ਕਾਰਜ ਮੇਰਾ ਧਰਮ ਹੈ। ਦਲਿਤ ਵਰਗਾਂ ਲਈ ਵੱਖਰੀ ਚੋਣ ਪ੍ਰਣਾਲੀ ਦੀ ਵਿਵਸਥਾ ਹਿੰਦੂ ਧਰਮ ਨੂੰ ਬਰਬਾਦ ਕਰਨ ਦਾ ਯਤਨ ਕਰਨਾ ਹੈ ਅਤੇ ਇਸ ਨਾਲ ਦਲਿਤ ਵਰਗ ਨੂੰ ਕੋਈ ਲਾਭ ਨਹੀਂ ਹੋਵੇਗਾ। (ਉਹੀ, ਪੰਨਾ 93)

(ਚਲਦਾ)

# ਉਬਾਮਾ ਨੇ ਡੈਮੋਕਰੈਟਸ ਨੂੰ ਸੁਚੇਤ ਰਹਿਣ ਲਈ ਕਿਹਾ, ਜੋਅ ਬਿਡੇਨ ਲਈ 76 ਲੱਖ ਡਾਲਰ ਇਕੱਠੇ ਕੀਤੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਰਾਸ਼ਟਰਪਤੀ ਚੋਣ ਸਬੰਧੀ ਡੈਮੋਕਰੈਟਸ ਨੂੰ ਲਾਪਰਵਾਹੀ ਨਾ ਵਰਤਣ ਲਈ ਕਿਹਾ ਹੈ ਤੇ ਚਿਤਾਵਨੀ ਦਿੱਤੀ ਹੈ ਕਿ ਉਹ ਜਿੱਤ ਨੂੰ ਪੱਕਾ ਨਾ ਸਮਝਣ। ਸਾਬਕਾ ਰਾਸ਼ਟਰਪਤੀ ਨੇ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਜੋਅ ਬਿਡੇਨ ਲਈ ਫੰਡ ਇਕੱਠਾ ਕਰਨ ਵਾਸਤੇ ਆਯੋਜਿਤ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਪਾਰਟੀ ਸਮਰਥਕ 2016 ਦੀਆਂ ਚੋਣਾਂ ਤੋਂ ਸਬਕ ਸਿੱਖਣ ਤੇ ਅਵੇਸਲੇ ਨਾ ਹੋਣ। ਉਨਾਂ ਨੇ ਸੁਧਾਰਾਂ ਪ੍ਰਤੀ ਨੌਜਵਾਨਾਂ ਵਿਚ ਪਾਈ ਜਾ ਰਹੀ ਵੱਡੇ ਪੱਧਰ ਉਪਰ ਜਾਗਰੂਕਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਹੈ ਕਿ ਸਾਡੀ ਜਿੱਤ ਯਕੀਨੀ ਹੈ। ਉਨਾਂ ਕਿਹਾ ਕਿ ਤਬਦੀਲੀ ਵਿਰੁੱਧ ਵੀ ਬਹੁਤ ਸਾਰੇ ਲੋਕ ਹਨ। ਸਾਬਕਾ ਰਾਸ਼ਟਰਪਤੀ ਨੇ ਅਮਰੀਕਨਾਂ ਦੇ ਵੰਡੇ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਵੰਡ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਦੇ ਹਨ। ਉਹ ਅਮਰੀਕੀਆਂ ਦਾ ਸ਼ੋਸ਼ਣ ਕਰਦੇ ਹਨ। ਉਬਾਮਾ ਨੇ ਹੁਣ ਤੱਕ 1,75,000 ਨਿੱਜੀ ਦਾਨੀਆਂ ਤੋਂ 76 ਲੱਖ ਡਾਲਰ ਜੋਅ ਬਿਡੇਨ ਦੀ ਚੋਣ ਮੁਹਿੰਮ ਲਈ ਇਕੱਤਰ ਕੀਤੇ ਹਨ ਜਿਸ ਤੋਂ ਉਨਾਂ ਦੀ ਅਮਰਕੀ ਸਮਾਜ ਵਿਚ ਮਕਬੂਲੀਅਤ ਦਾ ਵੀ ਪਤਾ ਲੱਗਦਾ ਹੈ।



# ਹਿੰਸਾ ਕਰਨ ਵਾਲਿਆਂ ਨੂੰ ਲੰਬਾ ਸਮਾਂ ਜੇਲਾਂ ਵਿਚ ਡੱਕਿਆ ਜਾਵੇਗਾ- ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਲੰਘੇ ਦਿਨ ਵਾਈਟ ਹਾਊਸ ਨੇੜੇ ਕਮਾਂਡਰ ਇਨ ਚੀਫ਼ ਐਂਡਰੀਊ ਜੈਕਸਨ ਦੇ ਬੁੱਤ ਨੂੰ ਨਸ਼ਟ ਕਰਨ ਦਾ ਯਤਨ ਕਰਨ ਵਾਲਿਆਂ ਨੂੰ ਗੁੰਡਾ ਅਨਸਾਰ ਕਰਾਰ ਦਿੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਜਿਹੇ ਲੋਕਾਂ ਨੂੰ ਲੰਬਾ ਸਮਾਂ ਜੇਲਾਂ ਵਿਚ ਡੱਕਣ ਦਾ ਵਾਅਦਾ ਕੀਤਾ ਹੈ। ਟਰੰਪ ਨੇ ਕਿਹਾ ''ਅਸੀਂ ਅਜਿਹੇ ਅਰਾਜਕਤਾਵਾਦੀਆਂ ਤੇ ਪ੍ਰਦਰਸ਼ਨ ਕਾਰੀਆਂ ਨੂੰ ਲੰਬੇ ਸਮੇ ਲਈ ਜੇਲਾਂ ਵਿਚ ਭੇਜਣ ਬਾਰੇ ਵਿਚਾਰ ਕਰ ਰਹੇ ਹਾਂ। ਅਜਿਹੇ ਲੋਕਾਂ ਨੂੰ ਤੁਸੀਂ ਜਿਸ ਨਾਂ ਨਾਲ ਮਰਜੀ ਪੁਕਾਰੋ। ਕੁਝ ਲੋਕ ਇਹ ਭਾਸ਼ਾ ਪਸੰਦ ਨਹੀਂ ਕਰਦੇ ਪਰ ਉਹ ਭੈੜੇ ਲੋਕ ਹਨ ਜੋ ਸਾਡੇ ਦੇਸ਼ ਨੂੰ ਪਿਆਰ ਨਹੀਂ ਕਰਦੇ। ਉਹ ਸਾਡੇ ਸਮਾਰਕ ਤਬਾਹ ਨਹੀਂ ਕਰ ਸਕਦੇ। ਮੈ ਇਹ ਸਪੱਸ਼ਟ ਕਰ ਦੇਣਾ ਚਹੁੰਦਾ ਹਾਂ।'' ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਸਬੰਧੀ ਬਹੁਤ ਛੇਤੀ ਆਦੇਸ਼ ਜਾਰੀ ਕਰਨਗੇ। ਉਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ''ਮੈ ਲਾਅ ਇਨਫੋਰਸਮੈਂਟ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਲਫੇਤੇ ਪਾਰਕ ਵਿਚ ਐਂਡਰੀਊ ਜੈਕਸਨ ਦੇ ਸਮਾਰਕ ਉਪਰ ਹਮਲੇ ਨੂੰ ਰੋਕਿਆ। ਅਜਿਹਾ ਕਰਕੇ ਉਨਾਂ ਨੇ ਵੱਡਾ ਕੰਮ ਕੀਤਾ ਹੈ। ਅਸੀਂ ਇਸ ਸਥਿੱਤੀ ਨਾਲ ਨਿਪਟਣ ਲਈ ਵਾਈਟ ਹਾਊਸ ਦੀ ਗੁਪਤ ਸੇਵਾ ਤੇ ਕੁਝ ਹੋਰ ਅਧਿਕਾਰੀਆਂ ਨਾਲ ਮਿਲਕੇ ਕੰਮ ਕਰ ਰਹੇ ਹਾਂ''। ਉਨਾਂ ਕਿਹਾ ''ਬਹੁਤ ਸਾਰੇ ਲੋਕ ਜੇਲਾ ਵਿਚ ਹਨ ਤੇ ਅੱਜ ਵੀ ਜੇਲ ਜ ਰਹੇ ਹਨ। ਅਸੀਂ ਉਨਾਂ ਲੋਕਾਂ ਲਈ ਕਾਨੂੰਨ ਤਹਿਤ ਲੰਬੀ ਸਜ਼ਾ ਦੀ ਵਿਵਸਥਾ ਕਰ ਰਹੇ ਹਾਂ। ਸਾਡੇ ਕੋਲ 'ਵਿਸ਼ੇਸ਼ ਸਮਾਰਕ ਕਾਨੂੰਨ' ਹੈ।''



**ਕੋਰੋਨਾ ਨੂੰ ਰੋਕਣ ਲਈ ਬਹੁਤ ਵਧੀਆ ਕੰਮ ਕੀਤਾ**

ਹਾਲਾਂ ਕਿ ਦੇਸ਼ ਵਿਚ ਕੋਰੋਨਾਵਾਇਰਸ ਨਾਲ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਤੇ 1,22,000 ਤੋਂ ਵਧ ਮੌਤਾਂ ਹੋ ਚੁੱਕੀਆਂ ਹਨ, ਪਰ ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਕੋਰੋਨਾਵਾਇਰਸ ਦੀ ਰੋਕਥਾਮ ਲਈ ਉਸ ਦੇ ਪ੍ਰਸ਼ਾਸਨ ਨੇ ਬਹੁਤ ਵਧੀਆ ਕੰਮ ਕੀਤਾ ਹੈ। ਉਨਾਂ ਨੇ ਟਵੀਟ ਕੀਤਾ ਹੈ ਕਿ ਚੀਨ ਉਪਰ ਤੁਰੰਤ ਪਾਬੰਦੀ ਲਾਈ ਗਈ, ਵੈਂਟੀਲੇਟਰਾਂ ਦਾ ਉਤਪਾਦਨ ਕੀਤਾ ਗਿਆ ਤੇ ਵੱਡੀ ਪੱਧਰ ਉਪਰ ਟੈਸਟ ਕੀਤੇ ਗਏ। ਇਨਾਂ ਯਤਨਾਂ ਸਦਕਾ ਲੱਖਾਂ ਅਮਰੀਕੀਆਂ ਦੀਆਂ ਜਾਨਾਂ ਨੂੰ ਬਚਾਇਆ ਗਿਆ ਹੈ। ਉਨਾਂਸ਼ਿਕਾਇਤ ਕੀਤੀ ਕਿ ਮੀਡੀਆ ਡਾ ਐਨਥਨੀ ਫੌਕੀ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ ਤੇ ਸਰਕਾਰ ਦੇ ਯਤਨਾਂ ਜਾਂ ਉਨਾਂ ਹੋਰ ਲੋਕਾਂ ਜੋ ਕੋਰੋਨਾਵਾਇਰਸ ਟਾਸਕ ਫੋਰਸ ਵਿਚ ਸ਼ਾਮਿਲ ਹਨ ਜਿਵੇਂ ਉਪ ਰਾਸ਼ਟਰਪਤੀ ਮਾਈਕ ਪੈਨਸ, ਨੂੰ ਉਸ ਪੱਧਰ ਦਾ ਮਹੱਤਵ ਨਹੀਂ ਦਿੱਤਾ ਜਾਂਦਾ। ਇਥੇ ਵਰਣਨਯੋਗ ਹੈ ਕਿ ਡਾ ਫੌਕੀ ਅਲਰਜੀ ਤੇ ਲਾਗ ਵਾਲੀਆਂ ਬਿਮਾਰੀਆਂ ਸਬੰਧੀ ਨੈਸ਼ਨਲ ਇਸੰਟੀਚਿਊਟ ਦੇ ਡਾਇਰੈਕਟਰ ਹਨ ਤੇ ਉਹ ਟਰੰਪ ਪ੍ਰਸ਼ਾਸਨ ਦੇ ਉਲਟ ਕੋਰੋਨਾਵਾਇਰਸ ਫੈਲਣ ਦੀਆਂ ਚਿਤਾਵਨੀਆਂ ਤੇ ਇਹਤਿਆਤ ਵਰਤਣ ਦੀ ਨਿਰੰਤਰ ਸਲਾਹ ਦਿੰਦੇ ਰਹੇ ਹਨ।

# ਰੋਜ਼ਾਨਾ ਇਨਫੈਕਸ਼ਨ ਦੇ ਵਧਦੇ ਮਾਮਲੇ ਵਧਾ ਰਹੇ ਨੇ ਕੋਰੋਨਾ ਦੀ ਦੂਜੀ ਲਹਿਰ ਦਾ ਖ਼ਤਰਾ

**(ਸਫਾ 1 ਦੀ ਬਾਕੀ)**

ਹੈ। 20 ਮਈ ਨੂੰ ਪਹਿਲੀ ਵਾਰ ਰੋਜ਼ਾਨਾ ਇਨਫੈਕਸ਼ਨ ਦੇ ਮਾਮਲਿਆਂ ਨੇ ਇਕ ਲੱਖ ਦਾ ਅੰਕੜਾ ਪਾਰ ਕੀਤਾ ਸੀ। ਉਸ ਤੋਂ ਬਾਅਦ ਲਗਾਤਾਰ ਇਸ 'ਚ ਵਾਧਾ ਦਰਜ ਕੀਤਾ ਜਾ ਰਿਹਾ ਹੈ। 15 ਜੂਨ ਨੂੰ ਕੋਰੋਨਾ ਦੇ 1,21,800 ਮਾਮਲੇ ਇਕ ਦਿਨ 'ਚ ਸਾਹਮਣੇ ਆਏ ਸਨ। ਆਖ਼ਰੀ ਵਾਰ ਇਕ ਜੂਨ ਨੂੰ ਇਕ ਲੱਖ ਤੋਂ ਘੱਟ ਮਾਮਲੇ ਸਾਹਮਣੇ ਆਏ ਸਨ। ਹਾਲਾਂਕਿ ਇਸ ਤੋਂ ਬਾਅਦ ਇਹ ਅੰਕੜਾ ਲਗਾਤਾਰ ਵਧਿਆ ਹੈ। 17 ਤੇ 19 ਜੂਨ ਨੂੰ 1,76,000 ਮਾਮਲੇ ਸਾਹਮਣੇ ਆਏ ਹਨ, ਜਿਹੜੇ ਹੁਣ ਤਕ ਸਭ ਤੋਂ ਵੱਧ ਹਨ।

**ਨਵੇਂ ਮਾਮਲਿਆਂ 'ਚ ਇਹ ਦੇਸ਼ ਅੱਗੇ**

ਕੋਰੋਨਾ ਕਾਰਨ ਦੁਨੀਆ ਦਾ ਸਭ ਤੋਂ ਪ੍ਰਭਾਵਿਤ ਦੇਸ਼ ਅਮਰੀਕਾ ਹੈ। ਅਮਰੀਕਾ 'ਚ ਕੋਰੋਨਾ ਇਨਫੈਕਸ਼ਨ ਦੇ 22 ਲੱਖ ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ ਤੇ ਇਕ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇੱਥੇ ਰੋਜ਼ਾਨਾ ਕਰੀਬ 20 ਹਜ਼ਾਰ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਉੱਥੇ ਬ੍ਰਾਜ਼ੀਲ ਦੀ ਸਥਿਤੀ ਹੋਰ ਵੀ ਖ਼ਰਾਬ ਹੈ। ਇੱਥੇ ਰੋਜ਼ਾਨਾ ਕਰੀਬ 30 ਹਜ਼ਾਰ ਮਾਮਲੇ ਸਾਹਮਣੇ ਆ ਰਹੇ ਹਨ। ਹੁਣ ਤਕ ਕੁਲ 10 ਲੱਖ ਤੋਂ ਵੱਧ ਲੋਕ ਇੱਥੇ ਇਨਫੈਕਟਿਡ ਹੋ ਚੁੱਕੇ ਹਨ ਤੇ 50 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਭਾਰਤ ਦੀ ਸਥਿਤੀ ਵੀ ਜ਼ਿਆਦਾ ਚੰਗੀ ਨਹੀਂ ਹੈ। ਇੱਥੇ ਰੋਜ਼ਾਨਾ 10 ਹਜ਼ਾਰ ਤੋਂ ਵੱਧ ਮਾਮਲੇ ਸਾਹਮਣੇ ਆ ਰਹੇ ਹਨ ਤੇ ਇਹ ਅੰਕੜਾ ਰੋਜ਼ਾਨਾ ਵਧ ਰਿਹਾ ਹੈ।

**ਦੂਜੀ ਲਹਿਰ ਦਾ ਖ਼ਤਰਾ**

ਕੋਰੋਨਾ ਵਾਇਰਸ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ 'ਚ ਅਪ੍ਰੈਲ ਤੇ ਮਈ ਦੇ ਮਹੀਨੇ 'ਚ ਨਵੇਂ ਮਾਮਲਿਆਂ 'ਚ ਜ਼ਿਕਰਯੋਗ ਗਿਰਾਵਟ ਦਰਜ ਕੀਤੀ ਗਈ ਸੀ। ਹਾਲਾਂਕਿ ਇੱਥੇ ਹੁਣ ਇਨਫੈਕਸ਼ਨ ਦੇ ਨਵੇਂ ਮਾਮਲੇ ਤੇਜ਼ੀ ਨਾਲ ਸਾਹਮਣੇ ਆ ਰਹੇ ਹਨ। ਇਹ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਦੀ ਦੂਜੀ ਲਹਿਰ ਦਾ ਖ਼ਤਰਾ ਵਧਾ ਰਹੇ ਹਨ। ਮੱਧ ਏਸ਼ੀਆ ਦੇ ਕਈ ਦੇਸ਼ਾਂ 'ਚ ਨਵੇਂ ਮਾਮਲੇ ਵਧ ਰਹੇ ਹਨ। ਇਨ੍ਹਾਂ 'ਚ ਈਰਾਨ, ਇਰਾਕ, ਇਜ਼ਰਾਈਲ ਤੇ ਸਾਊਦੀ ਅਰਬ ਸ਼ਾਮਿਲ ਹਨ। ਈਰਾਨ 'ਚ ਤਿੰਨ ਹਜ਼ਾਰ ਰੋਜ਼ਾਨਾ ਮਾਮਲਿਆਂ ਤੋਂ ਘਟ ਕੇ ਇਕ ਹਜ਼ਾਰ ਤਕ ਪਹੁੰਚੇ ਸਨ, ਪਰ ਜੂਨ 'ਚ ਇਸ 'ਚ ਫਿਰ ਤੋਂ ਕਾਫ਼ੀ ਇਜ਼ਾਫ਼ਾ ਹੋ ਗਿਆ ਹੈ। ਉੱਥੇ ਹੀ ਚੀਨ 'ਚ ਨਵੇਂ ਮਾਮਲਿਆਂ ਕਾਰਨ ਬੀਜਿੰਗ 'ਚ ਲਾਕਡਾਊਨ ਲਗਾਉਣਾ ਪਿਆ ਹੈ। ਨਾਲ ਹੀ ਬਾਰ ਤੇ ਰੈਸਟੋਰੈਂਟ ਬੰਦ ਕਰ ਦਿੱਤੇ ਗਏ ਹਨ।

# BAHUJAN DRAVIDA PARTY

**Registered with the Election Commission of India, Government of India, New Delhi.**

Date: 23.06.2020



## Condolence message from JEEVAN KUMAR MALLA
## on the passing of
## SANT JOGINDER PAL JOHARI

Today early morning when I heard the news of the death of the **Sant Joginder Pal Johari**, really, I was so much distressed. On behalf of All the Bahujan Dravida people of India I send my deepest heartfelt condolences to all the Adi Dharm Movements around the world and especially to the Punjab people through this letter.

From early on Sant Joginder Pal Johari was a tireless messenger of Guru Ravidass and Manyawar Kanshiram too.

**On the one hand, all the indigenous Bahujan Dravida people in India mourn the death of the great Sant Joginder Pal Johari, but on the other hand we celebrate that his life taught to stand firm in the ideology of truth.**

His death has left a gaping hole among the ranks of Adi Dharm leaders but at the same time he leaves behind a solid foundation for the crores of people to build upon.

He traveled all over India to create awareness among Dravida People about the philosophy of Guru Ravidass. He travelled south India too. especially in the states like Tamilnadu and Kerala he has campaigned on many platforms. He conducted many Adi Dharam wedding ceremony to the SC/ST and OBC people in Tamilnadu and Kerala. He was a good writer, orator and documented many important places of Guru Ravidass. He sought to improve the historical places of Sat Guru Ravidass **"The Land of Ellora"** in Tamilnadu and wanted to strengthen the socio-cultural relationship between the Dravida people of Punjab and Tamilnadu.

He devoted his life to promote Equality and Brotherhood among SC/ST/OBC and Religious Minorities in India. His supreme aim is to bring the Bahujan Rule in India.

**His legacy will be a role model for all of us and his letter and spirit will lead us to the goal of the Bahujan Dravida People in India.**

**In Kanshiram Mission**



Jeevan Kumar Malla
National President
Bahujan Dravida Party
New Delhi

Head Quarters: House No: 6659, Block No: 9, Dev Nagar, New Delhi: 110005
Mob: +91-86677-47536; 74282-28162; 90158-20185

# On Support of California Assembly Constitutional Amendment No.5 (ACA-5)

The rights won by the oppressed people through the struggles are reversed in the name of propositions and court orders. After a long historical struggle and sacrifice, the racially oppressed people in the United States of America won the Civil Rights Act 1964. Title VII of the Civil Rights Act enabled the states to enforce 'racial quota', 'preferential treatment', 'equal employment opportunity' and other measures collectively known as 'Affirmative Action' to ensure diversity in educational institutes and employment. 'Affirmative Action' is similar to reservations in India as a remedy against the historical and institutionalized discrimination.

California implemented 'racial quota' to some extent till 1978. In 1978 the US Supreme court outlawed the fixed 'racial quota' system. After 1978, California state followed 'preferential treatment' and 'equal employment opportunity' that is considering race, sex, or ethnicity in the areas of public employment, public contracting, and public education. There is no fixed racial quota. Proposition 209 (Prop 209) which has been voted in 1996 outlawed even such considerations based on race, sex and enthinicity.

Prop 209 introduced section 31 in Article I in the Constitution of California which reads, "The State shall not discriminate against, or grant preferential treatment to, any individual or group on the basis of race, sex, color, ethnicity, or national origin in the operation of public employment, public education, or public contracting". We, the undersigned organizations, strongly felt that such provision is against the equality in the country where discrimination based on race, sex and ethnicity is institutionalized. ACA5 has given us an opportunity to replace the wrong with the right by repealing Prop 209. ACA5 was passed in the California assembly on June 10th, 2020 and ordered to the California Senate.

Judge Allison Burroughs in the Students for Fair Admissions vs Harvard case said "… at Harvard and elsewhere that will move us, oneday, to the point where we see that race is a fact, but not the defining fact and not the fact that tells us what is important, but we are not yet(bold ours). Until we are, race conscious admissions programs … will have an important place in society and help ensure that colleges and universities can offer a diverse atmosphere that fosters learning, improves scholarship, and encourages mutual respect and understanding". We believe that the state whose aim is to uphold equality and democracy should use positive discrimination as means to reach the stage that race doesn't tell anything else but just mere fact.

At this backdrop, we urge all California State Senators who can hear clear and loud voices of the people in the street that 'No Justice, No Peace' in the demonstrations and the protests for racial justice to vote for ACA5. ACA5 is an important step towards such racial justice. Your 'Ye' is historical not just in the California state senate but in the future of racial justice throughout in the United States of America.

# ਕੀ ਸਿਰਫ ਉਮੀਦਾਂ ਨਾਲ ਚੱਲ ਸਕਦੀ ਹੈ ਪੱਤਰਕਾਰੀ?

ਪੱਤਰਕਾਰਿਤਾ ਸਿਰਫ ਇਕ ਵਿਅਕਤੀ ਤੋਂ ਕੀਤੀ ਗਈ ਉਮੀਦ ਨਾਲ ਨਹੀਂ ਚੱਲਦੀ, ਸਿਸਟਮ ਅਤੇ ਸਰੋਤਾਂ ਨਾਲ ਚਲਦੀ ਹੈ, ਦੋਵੇਂ ਖਤਮ ਹੋ ਚੁੱਕੇ ਹਨ। ਪੱਤਰਕਾਰਿਤਾ ਬਿਨਾਕਾ ਗੀਤਮਾਲਾ ਨਹੀਂ ਹੈ। ਫਰਮਾਇਸ਼ ਨੂੰ ਚਿੱਠੀ ਲਿਖ ਦਿੱਤੀ ਅਤੇ ਗੀਤ ਵੱਜ ਗਿਆ। ਗੀਤਮਾਲਾ ਚਲਾਉਣ ਦੇ ਲਈ ਵੀ ਪੈਸੇ ਅਤੇ ਲੋਕਾਂ ਦੀ ਜ਼ਰੂਰਤ ਤਾਂ ਹੁੰਦੀ ਹੋਵੇਗੀ। ਮੈਂ ਹਰ ਦਿਨ ਅਜਿਹੇ ਮੈਸੇਜ ਦੇਖਦਾ ਰਹਿੰਦਾ ਹਾਂ। ਤੁਹਾਡੇ ਤੋਂ ਉਮੀਦ ਹੈ ਪਰ ਪੱਤਰਕਾਰੀ ਦਾ ਸਿਸਟਮ ਸਿਰਫ ਉਮੀਦ ਨਾਲ ਨਹੀਂ ਚਲਦਾ। ਉਸਦਾ ਸਿਸਟਮ ਬਣਦਾ ਹੈ ਪੈਸੇ ਨਾਲ ਅਤੇ ਪੱਤਰਕਾਰਿਤਾ ਦੀ ਪਹਿਲ ਨਾਲ। ਕਈ ਵਾਰ ਜਿਹਨਾਂ ਸਰੋਤਾਂ ਦੇ ਕੋਲ ਪੈਸੇ ਹੁੰਦੇ ਹਨ, ਉਥੇ ਪਹਿਲ ਨਹੀਂ ਹੁੰਦੀ, ਪਰ ਜਿੱਥੇ ਪਹਿਲ ਹੁੰਦੀ ਹੈ, ਉਥੇ ਪੈਸੇ ਨਹੀਂ ਹੁੰਦੇ। ਕਰੋਨਾ ਦੇ ਸੰਕਟ ਵਿਚ ਇਹ ਸਥਿਤੀ ਹੋਰ ਭਿਆਨਕ ਹੋ ਗਈ ਹੈ। ਨਿਊਜ਼ ਕਵਰੇਜ ਦਾ ਬਜਟ ਘੱਟ ਹੋ ਗਿਆ ਹੈ। ਇਸ ਵਿਚ ਖਬਰ ਕਰਨ ਵਾਲੇ ਪੱਤਰਕਾਰ ਵੀ ਸ਼ਾਮਲ ਹਨ।

ਪਿਛਲੇ ਦਿਨੀਂ ਅਖ਼ਬਾਰ ਬੰਦ ਹੋਏ, ਬਿਊਰੋ ਬੰਦ ਹੋ ਗਏ। ਵੀਹ-ਵੀਹ ਸਾਲ ਦੇ ਤਜਰਬੇ ਵਾਲੇ ਪੱਤਰਕਾਰ ਝਟਕੇ ਵਿਚ ਕੱਢ ਦਿੱਤੇ ਗਏ। ਖਬਰ ਲੱਭਣ ਦਾ ਸਬੰਧ ਵੀ ਬਜਟ ਨਾਲ ਹੁੰਦਾ ਹੈ। ਗੱਡੀ-ਘੋੜਾ ਕਰਕੇ ਜਾਣਾ ਪੈਂਦਾ ਹੈ। ਖੋਜਣਾ ਪੈਂਦਾ ਹੈ। ਬੇਸ਼ੱਕ ਦੋ-ਚਾਰ ਲੋਕ ਕਰ ਰਹੇ ਹਨ ਪਰ ਇਸਦਾ ਇਕੋ ਸਿਸਟਮ ਖਤਮ ਹੋ ਗਿਆ। ਕੌਣ ਖਬਰ ਲਿਆਵੇਗਾ? ਖਬਰ ਲਿਆਉਣਾ ਵੀ ਇਕ ਕੁਸ਼ਲਤਾ ਹੈ, ਜੋ ਕਈ ਸਾਲ ਵਿਚ ਨਿੱਖਰਦਾ ਹੈ। ਤਜਰਬੇਕਾਰ ਲੋਕਾਂ ਨੂੰ ਕੱਢ ਦੇਣ ਨਾਲ ਖਬਰਾਂ ਦਾ ਪ੍ਰਵਾਹ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਵੈਸੇ ਚੈਨਲਾਂ ਵਿਚ ਰਿਪੋਰਟਰ ਬਣਨ ਦੀ ਪ੍ਰਥਾ ਕਦੋਂ ਦੀ ਖਤਮ ਹੋ ਗਈ ਸੀ। ਖਤਮ ਜਿਹੀ ਇਸ ਕਰਕੇ ਕਿਹਾ ਕਿ ਅਵਸ਼ੇਸ਼ ਬਚੇ ਹੋਏ ਹਨ। ਤੁਹਾਨੂੰ ਕੁਝ ਰਿਪੋਰਟ ਦਿਸਦੇ ਹਨ ਪਰ ਉਹੀ ਹਰ ਮਾਮਲੇ ਦੀ ਰਿਪੋਰਟਿੰਗ ਵਿਚ ਦਿੱਸਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਉਹ ਜਨਰਲ ਗੱਲ ਕਰਕੇ ਨਿਕਲ ਜਾਂਦੇ ਹਨ। ਉਹਨਾਂ ਦਾ ਹਰ ਵਿਭਾਗ ਵਿਚ ਸੂਤਰ ਨਹੀਂ ਹੁੰਦਾ ਹੈ ਨਾ ਹੀ ਉਹ ਹਰ ਵਿਭਾਗ ਨੂੰ ਠੀਕ ਤਰੀਕੇ ਨਾਲ ਜਾਣਦੇ ਹਨ। ਜਿਵੇਂ ਕੋਰੋਨਾ ਕਾਲ ਵਿਚ ਹੀ ਦੇਖੋ। ਟੀ. ਵੀ. 'ਤੇ ਹੀ ਤੁਸੀਂ ਕਿੰਨੇ ਰਿਪੋਰਟਰਾਂ ਨੂੰ ਦੇਖਿਆ, ਜਿਹਨਾਂ ਦੀ ਪਛਾਣ ਜਾਂ ਸਾਖ ਸਿਹਤ ਪੱਤਰਕਾਰੀ ਦੀ ਹੈ? ਤਾਂ ਕੰਮ ਚੱਲ ਰਿਹਾ ਹੈ, ਬੱਸ।

ਤੁਸੀਂ ਕਿਸੇ ਵੀ ਵੈਬਸਾਈਟ ਨੂੰ ਦੇਖੋ, ਉਥੇ ਖਬਰਾਂ ਸੁੰਗੜ ਗਈਆਂ ਹਨ। ਦੋ-ਚਾਰ ਖਬਰਾਂ ਹੀ ਹਨ। ਉਹਨਾਂ ਵਿਚੋਂ ਵੀ ਜ਼ਿਆਦਾਤਰ ਵਿਸ਼ਲੇਸ਼ਣ ਵਾਲੀਆਂ ਖਬਰਾਂ ਹਨ। ਬਿਆਨ ਅਤੇ ਬਿਆਨਾਂ ਦੀ ਪ੍ਰਤੀਕਿਰਿਆ ਵਾਲੀਆਂ ਖਬਰਾਂ ਹਨ। ਇਹ ਪਹਿਲਾਂ ਤੋਂ ਵੀ ਹੋ ਰਿਹਾ ਸੀ।ਹੁਣ ਖਬਰਾਂ ਬੰਦ ਹੋ ਗਈਆਂ ਅਤੇ ਡਿਬੇਟ ਬਚ ਗਏ ਹਨ। ਡਿਬੇਟ ਦੀ ਥੀਮ ਗ੍ਰਾਊਂਡ ਰਿਪੋਰਟਿੰਗ 'ਤੇ ਆਧਾਰਿਤ ਨਹੀਂ ਹੁੰਦੀ ਹੈ। ਜਿਸ ਜਗ੍ਹਾ 'ਤੇ ਰਿਪੋਰਟਿੰਗ ਹੋਣੀ ਚਾਹੀਦੀ ਸੀ, ਉਸ ਜਗ੍ਹਾ ਨੂੰ ਕਥਿਤ ਅਤੇ ਕਈ ਵਾਰ ਚੰਗੇ ਮਾਹਿਰਾਂ ਨਾਲ ਭਰਿਆ ਜਾਂਦਾ ਹੈ। ਤੁਸੀਂ ਜਿੰਨੀ ਡਿਬੇਟ ਦੇਖਦੇ ਹੋ, ਉਨਾ ਹੀ ਖਬਰਾਂ ਦਾ ਸਪੇਸ ਘੱਟ ਕਰਦੇ ਹਨ। ਕਈ ਵਾਰ ਡਿਬੇਟ ਜ਼ਰੂਰੀ ਹੋ ਜਾਂਦਾ ਹੈ ਪਰ ਹਰ ਵਾਰ ਅਤੇ ਰੋਜ਼-ਰੋਜ਼ ਨਹੀਂ। ਮੀਡੀਆ ਵਿਚ ਰਾਜਨੀਤਿਕ ਪੱਤਰਕਾਰੀ 'ਤੇ ਸਭ ਤੋਂ ਜ਼ਿਆਦਾ ਨਿਵੇਸ਼ ਕੀਤਾ ਗਿਆ। ਉਸਦੇ ਲਈ. ਬਾਕੀ ਵਿਸ਼ਿਆਂ ਨੂੰ ਖਤਮ ਕਰ ਦਿੱਤਾ ਗਿਆ। ਅਜ ਰਾਜਨੀਤਿਕ ਪਤਰਕਾਰੀ ਵੀ ਨਸ਼ਟ ਹੋ ਗਈ। ਵੱਡੇ-ਵੱਡੇ ਰਾਜਨੀਤਿਕ ਸੰਪਾਦਕ ਅਤੇ ਪੱਤਰਕਾਰ ਟਵਿਟਰ ਤੇ ਕਾਪੀ ਕਰਕੇ ਚੈਨਲਾਂ ਦੇ ਨਿਊਜ਼ ਗਰੁੱਪ ਵਿਚ ਪੋਸਟ ਕਰਦੇ ਹਨ ਜਾਂ ਫਿਰ ਟਵਿਟਰ 'ਤੇ ਕੋਈ ਪ੍ਰਤੀਕਿਰਿਆ ਦੇ ਕੇ ਡਿਬੇਟ ਨੂੰ ਅੱਗੇ ਵਧਾਉਂਦੇ ਰਹਿੰਦੇ ਹਨ। ਵਿਚਕਾਰ ਚਿੜਾਉਂਦੇ ਵੀ ਰਹਿੰਦੇ ਹਨ। ਪ੍ਰਧਾਨ ਮੰਤਰੀ ਕਦੋਂ ਬੈਠਕ ਕਰਨਗੇ, ਇਹ ਦੱਸਣ ਦੇ ਲਈ ਚੈਨਲ ਹਾਲੇ ਵੀ ਰਾਜਨੀਤਿਕ ਪੱਤਰਕਾਰੀ ਵਿਚ ਨਿਵੇਸ਼ ਕਰ ਰਹੇ ਹਨ। ਸਾਲ ਵਿਚ ਦੋ ਵਾਰ ਮਿੱਠਾ-ਮਿੱਠਾ ਇੰਟਰਵਿਊ ਕਰਨ ਦੇ ਈ। ਦੂਜਾ ਰਿਪੋਰਟਿੰਗ ਦੀ ਪ੍ਰਥਾ ਨੂੰ ਸਮਾਜ ਨੇ ਵੀ ਖਤਮ ਕੀਤਾ। ਇਸ 'ਤੇ ਵਿਸਥਾਰ ਨਾਲ ਬੋਲਦਾ ਹੀ ਰਿਹਾ ਹਾਂ। ਫਿਰ ਵੀ ਆਪਣੀ ਰਾਜਨੀਤਿਕ ਪਸੰਦ ਦੇ ਕਾਰਨ ਮੀਡੀਆ ਅਤੇ ਰਿਸਕ ਵਿਚ ਪਾ ਕੇ ਖਬਰਾਂ ਕਰਨ ਵਾਲਿਆਂ ਨੂੰ ਦੁਸ਼ਮਣ ਵਾਂਗ ਗਿਣਨ ਲੱਗਿਆ। ਕੋਈ ਵੀ ਰਿਪੋਰਟਰ ਇਕ ਸੰਵਿਧਾਨਕ ਮਾਹੌਲ ਵਿਚ ਹੀ ਰਿਸਕ ਉਠਾਉਂਦਾ ਹੈ, ਜਦੋਂ ਉਸਨੂੰ ਭਰੋਸਾ ਹੁੰਦਾ ਹੈ ਤਾਂ ਸਰਕਾਰਾਂ ਜਨਤਾ ਦੇ ਡਰ ਤੋਂ ਉਸ 'ਤੇ ਹੱਥ ਨਹੀਂ ਪਾਉਣਗੀਆਂ। ਰਾਜਨੀਤਿਕ ਕਾਰਨਾਂ ਕਰਕੇ ਪੱਤਰਕਾਰ ਅਤੇ ਐਂਕਰ ਕੱਢੇ ਗਏ ਲੋਕ ਚੁੱਪ ਰਹਿਣ। ਇੱਥੋਂ ਤੱਕ ਤਾਂ ਪੱਤਰਕਾਰ ਸਹਿਣ ਕਰ ਗਿਆ। ਪਰ ਹੁਣ ਮੁਕੱਦਮੇ ਹੋਣ ਲੱਗੇ ਹਨ। ਹਰ ਪੱਤਰਕਾਰ ਕੇਸ, ਮੁਕੱਦਮਾ ਨਹੀਂ ਸਹਿਣ ਕਰ ਸਕਦਾ। ਉਸਦੀ ਲਾਗਤ ਹੁੰਦੀ ਹੈ, ਕੋਰਟ ਤੋਂ ਆਉਣ ਵਾਲੀਆਂ ਖਬਰਾਂ ਤੁਸੀਂ ਨੋਟ ਤਾਂ ਕਰ ਹੀ ਰਹੇ ਹੋਵੋਗੇ। ਇਸ ਕਰਕੇ ਜਦੋਂ ਤੁਸੀਂ ਕਹਿੰਦੇ ਹੋ ਕਿ ਇਹ ਖਬਰ ਕਰ ਦਿਓ, ਉਹ ਦਿਖਾ ਦਿਓ, ਚੰਗੀ ਗੱਲ ਹੈ। ਪਰ ਹੁਣ ਤੁਸੀਂ ਨਹੀਂ ਚੌਕਸ ਹੁੰਦੇ ਜਦੋਂ ਪੱਤਰਕਾਰੀ ਦੇ ਸਿਸਟਮ ਨੂੰ ਰਾਜਨੀਤਿਕ ਅਤੇ ਆਰਥਿਕ ਕਾਰਨਾਂ ਨਾਲ ਕੁਚਲ ਦਿੱਤਾ ਗਿਆ। ਬੇਸ਼ੱਕ ਸੰਸਥਾਵਾਂ ਦੀ ਵੀ ਇਸ ਵਿਚ ਭੂਮਿਕਾ ਰਹੀ ਹੈ ਪਰ ਹੁਣ ਖੁਦ ਨੂੰ ਪੁੱਛੋ ਦਿਨ ਭਰ ਵਿਚ ਛੋਟੀਆਂ-ਮੋਟੀਆਂ ਸਾਈਟਾਂ ਤੇ ਲਿਖ ਕੇ ਗੁਜ਼ਾਰਾ ਕਰਨ ਵਾਲੇ ਕਿੰਨੇ ਪੱਤਰਕਾਰਾਂ ਦੀਆਂ ਖਬਰਾਂ ਨੂੰ ਸਾਂਝਾ ਕਰਦੇ ਹੋ? ਤੁਹਾਨੂੰ ਇਹ ਸਮਝਣਾ ਹੋਵੇਗਾ ਕਿ ਕਿਉਂ ਦਿੱਲੀ ਦੀਆਂ ਹੀ ਖਬਰਾਂ ਹਨ ਕਿਉਂਕਿ ਗੁਜਰਾਤ ਵਿਚ ਬਿਊਰੋ ਨਹੀਂ ਹੈ, ਪੱਤਰਕਾਰ ਨਹੀਂ ਹਨ। ਹਿਮਾਚਲ ਪ੍ਰਦੇਸ਼, ਉਤਰਾਖੰਡ, ਛੱਤੀਸਗੜ੍ਹ, ਕੇਰਲ ਜਾਂ ਬੰਗਾਲ ਅਤੇ ਅਸਾਮ ਵਿਚ ਨਹੀਂ ਹੈ। ਜਿੱਥੇ ਹੈ ਉਥੇ ਇਕੱਲਾ ਬੰਦਾ ਜਾਂ ਬੰਦੀ ਹੈ। ਬਿਊਰੋ ਦੇ ਪੱਤਰਕਾਰ ਬਿਨਾਂ ਛੁੱਟੀ ਦੇ ਸਾਲ ਭਰ ਕੰਮ ਕਰਦੇ ਹਨ। ਉਹਨਾਂ ਦਾ ਬਜਟ ਬਹੁਤ ਘੱਟ ਹੈ। ਦੂਜਾ ਰਾਜ ਸਰਕਾਰਾਂ ਕੇਸ ਮੁਕੱਦਮਾ ਕਰਨ ਲੱਗੀਆਂ ਹਨ। ਤੀਜਾ ਲੋਕ ਆਈ. ਟੀ. ਸੈਲ ਬਣਾ ਕੇ ਉਦਮੀ ਪੱਤਰਕਾਰਾਂ ਨੂੰ ਗਾਲੀ ਦੇਣ ਲੱਗੇ ਹਨ। ਇਸ ਪ੍ਰਕਿਰਿਆ ਨੂੰ ਸਮਝੋ। ਪੰਜ ਸਾਲ ਤੋਂ ਵੀ ਮੈਂ ਹੀ ਆਪਣੇ ਸ਼ੋਅ ਵਿਚ ਕਹਿੰਦਾ ਰਿਹਾ ਹਾਂ, ਲਿਖਦਾ ਰਿਹਾ ਹਾਂ, ਬੋਲਦਾ ਰਿਹਾ ਹਾਂ ਕਿ ਮੈਂ ਇਕੱਲਾ ਸਾਰੀਆਂ ਖਬਰਾਂ ਕਰ ਸਕਦਾ ਹੈ ਅਤੇ ਨਾ ਹੀ ਸਰੋਤ ਹਨ।



ਰਵੀਸ਼ ਕੁਮਾਰ

ਤੁਸੀਂ ਦਿੱਲੀ ਦੇ ਹੀ ਚੈਨਲਾਂ ਵਿਚ ਪਤਾ ਕਰ ਲਓ, ਦੰਗਿਆਂ ਦੀ ਐਫ. ਆਈ. ਆਰ. ਪੜ੍ਹਨ ਵਾਲੇ ਕਿੰਨੇ ਰਿਪੋਰਟਰ ਹਨ, ਜਿਹਨਾਂ ਨੂੰ ਚੈਨਲ ਨੇ ਕਿਹਾ ਹੋਵੇ ਕਿ ਚਾਰ ਦਿਨ ਲਗਾਤਾਰ ਪੜ੍ਹੋ ਅਤੇ ਪੇਸ਼ ਕਰੋ। ਮੈਂ ਦੇਖ ਰਿਹਾ ਸੀ ਕਿ ਇਹ ਹੋ ਰਿਹਾ ਹੈ। ਇਸ ਕਰਕੇ ਬੋਲ ਰਿਹਾ ਸੀ। ਲੋਕਾਂ ਨੂੰ ਲੱਗਿਆ ਕਿ ਮੈਂ ਨਿਰਾਸ਼ ਹੋ ਰਿਹਾ ਹਾਂ, ਉਮੀਦ ਛੱਡ ਰਿਹਾ ਹਾਂ। ਜਦਕਿ ਅਜਿਹਾ ਨਹੀਂ ਸੀ। ਹੁਣ ਤੁਸੀਂ ਕਿਸੇ ਤੇ ਉਮੀਦ ਦਾ ਮਨੋਵਿਗਿਆਨਕ ਦਬਾਅ ਪਾ ਕੇ ਫਾਰਗ ਨਹੀਂ ਹੋ ਸਕਦੇ। ਪੱਤਰਕਾਰੀ ਸਿਰਫ ਇਥ ਵਿਅਕਤੀ ਤੋਂ ਕੀਤੀ ਗਈ ਉਮੀਦ ਨਾਲ ਨਹੀਂ ਚੱਲਦੀ। ਸਿਸਟਮ ਅਤੇ ਸਰੋਤ ਨਾਲ ਚਲਦੀ ਹੈ। ਦੋਵੇਂ ਖਤਮ ਹੋ ਚੁੱਕੇ ਹਨ। ਸਰਕਾਰੀ ਇਸ਼ਤਿਹਾਰਾਂ 'ਤੇ ਨਿਰਭਰ ਮੀਡੀਆ ਤੋਂ ਜੇਕਰ ਤੁਸੀਂ ਉਮੀਦ ਕਰਦੇ ਹੋ ਤਾਂ ਤੁਸੀਂ ਬੇਹੱਦ ਚਲਾਕ ਹੋ, ਆਲਸੀ ਹੋ। ਮੁਸ਼ਕਿਲ ਸਵਾਲ ਨੂੰ ਛੱਡ ਕੇ ਪਹਿਲਾਂ ਅਸਾਨ ਸਵਾਲ ਲੱਭਣ ਵਾਲੇ ਵਿਦਿਆਰਥੀਆਂ ਨੂੰ ਪਤਾ ਹੈ ਕਿ ਉਹੀ ਕਰਦੇ-ਕਰਦੇ ਘੰਟੀ ਵੱਜ ਜਾਂਦੀ ਹੈ। ਪ੍ਰੀਖਿਆ ਖਤਮ ਹੋ ਜਾਂਦੀ ਹੈ। ਇਸ ਕਰਕੇ ਇਨਬਾਕਸ ਵਿਚ ਆਪਣੀ ਤਕਲੀਫ ਜ਼ਰੂਰ ਪਾਓ ਪਰ ਹਰ ਵਾਰ ਉਮੀਦ ਨਾ ਕਰੋ।

(ਐਨ. ਡੀ. ਟੀ. ਵੀ. ਦੇ ਧੰਨਵਾਦ ਸਹਿਤ)

# ਅਸੀਂ ਤਾਂ ਸਿਆਸਤ ਕਰਨੀ ਆਂ, ਆਫ਼ਤਾਂ ਦੀ ਗੱਲ ਪਵੇ ਢੱਠੇ ਖੂਹ 'ਚ

ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ 15ਵੇਂ ਦਿਨ ਵਾਧਾ ਦਰਜ ਕੀਤਾ ਗਿਆ। ਪਿਛਲੇ 15 ਦਿਨ 'ਚ ਇਹ ਵਾਧਾ ਦਿਲੀ 'ਚ 7.62 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ 'ਚ ਇਹ ਵਾਧਾ 8.30 ਰੁਪਏ ਪ੍ਰਤੀ ਲਿਟਰ ਹੋਇਆ। ਹੁਣ ਪੈਟਰੋਲ ਦੀ ਕੀਮਤ 78.88 ਰੁਪਏ ਅਤੇ ਡੀਜ਼ਲ ਦੀ ਕੀਮਤ 77.67 ਰੁਪਏ ਹੋ ਗਈ ਹੈ। ਕੋਰੋਨਾ ਨਾਲ ਪੀੜਤ ਲੋਕਾਂ ਦੀ ਗਿਣਤੀ ਦੇਸ਼ ਭਰ ਵਿੱਚ ਇਸੇ ਦਿਨ 4 ਲੱਖ 10 ਹਜ਼ਾਰ ਤੋਂ ਉਪਰ ਟੱਪ ਗਈ ਹੈ। ਬਿਹਾਰ ਸਮੇਤ ਦੇਸ਼ ਦੇ ਹੋਰ ਸੂਬਿਆਂ 'ਚ ਭਵਿੱਖ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਭਾਜਪਾ ਨੇ ਕਮਰ ਕੱਸੇ ਕਰ ਲਏ ਹਨ। ਭਾਜਪਾ ਨੇਤਾਵਾਂ ਨੇ ਚੋਣ ਸਰਗਰਮੀਆਂ ਵਿੱਚ ਵਾਧਾ ਕਰਦਿਆਂ ਵਰਚੂਅਲ ਰੈਲੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਗਰੀਬ ਕਲਿਆਣ ਰੁਜ਼ਗਾਰ ਅਭਿਆਨ ਦਾ ਉਦਘਾਟਨ ਕੀਤਾ ਹੈ, ਜਿਸ ਤਹਿਤ 50 ਹਜ਼ਾਰ ਕਰੋੜ ਦੀ ਰੁਜ਼ਗਾਰ ਯੋਜਨਾ ਤਹਿਤ 6 ਰਾਜਾਂ, ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਝਾਰਖੰਡ, ਉੜੀਸ ਅਤੇ ਰਾਜਸਥਾਨ ਦੇ 125 ਦਿਨਾਂ ਲਈ ਰੁਜ਼ਗਾਰ ਮਿਲਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਇਹ ਯੋਜਨਾ ਚੋਣਾਵੀਂ ਸੂਬੇ ਬਿਹਾਰ ਦੇ ਖਗੜੀਆਂ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਪਰ ਦੇਸ਼ ਦੀ ਸਰਕਾਰ ਤੇਲ ਦੀਆ ਕੀਮਤਾਂ 'ਚ ਕੀਤੇ ਜਾ ਰਹੇ ਵਾਧੇ ਬਾਰੇ ਹੱਥ ਤੇ ਹੱਥ ਧਰਕੇ ਬੈਠੀ ਹੈ ਅਤੇ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਵਿਰੋਧੀ ਧਿਰਾਂ ਇਸ ਤੇਲ ਕੀਮਤਾਂ ਦੇ ਵਾਧੇ ਬਾਰੇ ਚੁੱਪੀ ਧਾਰੀ ਬੈਠੀਆਂ ਹਨ। ਕੋਈ ਵਿਰੋਧੀ ਪਾਰਟੀ, ਕੋਈ ਕਿਸਾਨ ਜੱਥੇਬੰਦੀ, ਕੋਈ ਸਮਾਜ ਸੇਵਕ ਜੱਥੇਬੰਦੀ ਆਪਣਾ ਸੰਘਰਸ਼ ਵਿੱਢਣ ਲਈ ਤਿਆਰ ਨਹੀਂ।ਇਵੇਂ ਜਾਪਦਾ ਹੈ ਕਿ ਆਰਥਕ ਮੰਦੀ ਦੇ ਇਸ ਦੌਰ ਵਿੱਚ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਨੇਤਾਵਾਂ ਨੇ ਲੋਕਾਂ ਨੂੰ ਆਪਣੇ ਰਹਿਮੋਕਰਮ ਉਤੇ ਛੱਡ ਦਿੱਤਾ ਹੈ। ਕਿਸੇ ਸਮੇਂ ਜਦੋਂ ਤੇਲ ਦੀਆਂ ਅੰਤਰਰਾਸ਼ਟਰੀ ਕੀਮਤ ਪ੍ਰਤੀ ਬੈਰਲ 100 ਡਾਲਰ ਸੀ ਤਾਂ ਡੀਜ਼ਲ ਤੇ ਪੈਟਰੋਲ ਦੀ ਕੀਮਤ 70 ਅਤੇ 80 ਰੁਪਏ ਲੀਟਰ ਸੀ। ਹੁਣ ਜਦ ਪ੍ਰਤੀ ਬੈਰਲ 40 ਡਾਲਰ ਕੀਮਤ ਹੈ ਤਾਂ ਭਾਅ 77 ਤੋਂ 78 ਰੁਪਏ ਹੈ। ਜਿਸ ਵਿੱਚ ਕੈਂਦਰ ਵਲੋਂ ਐਕਸਾਈਜ਼ ਡਿਊਟੀ 32 ਰੁਪਏ ਅਤੇ ਸੂਬਿਆਂ ਵਲੋਂ 20-22 ਰੁਪਏ ਲਿਟਰ ਵੱਖਰਾ ਵੈਟ ਹੈ। ਅਸਲ ਵਿੱਚ ਸਰਕਾਰਾਂ ਨੇ ਕੰਪਨੀਆਂ ਨੂੰ ਲੁੱਟ ਦੀ ਖੁਲ੍ਹੀ ਛੁੱਟੀ ਦੇ ਰੱਖੀ ਹੈ।

ਦੇਸ਼ ਇਸ ਵੇਲੇ ਭਾਰੀ ਬੇਰੁਜ਼ਗਾਰੀ ਦੇ ਨਾਲ-ਨਾਲ ਤਬਾਹ ਹੋ ਚੁੱਕੀ ਅਰਥ-ਵਿਵਸਥਾ ਨਾਲ ਲੜ ਰਿਹਾ ਹੈ। ਮਹਾਂਮਾਰੀ ਕਾਰਨ ਜਿਥੇ ਦੇਸ਼ ਦਾ ਹਰ ਵਰਗ ਪੀੜਤ ਹੋਇਆ ਹੈ, ਉਥੇ ਦੇਸ਼ ਵੱਚ ਲੱਖਾਂ ਗਰੀਬ ਬੱਚਿਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ। ਤਾਲਾਬੰਦੀ ਦੌਰਾਨ ਸਕੂਲ ਬੰਦ ਹੋਣ ਨਾਲ ਸਰਕਾਰੀ ਸਕੂਲਾਂ ਵਿੱਚ ਜਾਣ ਵਾਲੇ ਬੱਚਿਆਂ ਨੂੰ ਹੁਣ ਮੁਫ਼ਤ ਅਤੇ ਗਰਮ ਪੱਕਿਆ ਭੋਜਨ ਨਹੀਂ ਮਿਲ ਰਿਹਾ , ਜੋ ਉਹਨਾਂ ਨੂੰ ਹਰ ਦਿਨ ਮਿਲਦਾ ਸੀ। ਸਾਡੇ ਦੇਸ਼ ਵਿਚ ਬੱਚਿਆਂ ਦੀ ਆਬਾਦੀ 47.2 ਕਰੋੜ ਹੈ, ਜੋ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ। ਇਹ ਵੀ ਇੱਕ ਸਚਾਈ ਹੈ ਕਿ ਦੇਸ਼ ਵਿੱਚ ਦੁਨੀਆ ਦੇ ਸਭ ਤੋਂ ਭੁੱਖੇ ਅਤੇ ਕੁਪੋਸ਼ਿਤ ਬੱਚੇ ਇਥੇ ਰਹਿੰਦੇ ਹਨ। ਇਹਨਾ ਵਿਚੋਂ 5 ਸਾਲ ਦੇ ਬੱਚਿਆਂ ਦੀ ਹਾਲਤ ਚਿੰਤਾਜਨਕ ਹੈ ਕਿਉਂਕਿ ਤਾਲਾਬੰਦੀ ਕਾਰਨ ਇਹਨਾ ਬੱਚਿਆਂ ਲਈ ਟੀਕਾਕਰਨ ਬੰਦ ਹੋ ਗਿਆ, ਭੋਜਨ ਦੀ ਸੁਵਿਧਾ ਬੰਦ ਹੋ ਗਈ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਸ਼ੁਰੂ ਕੀਤਾ ਗਿਆ ਰਾਸ਼ਟਰੀ ਪੋਸ਼ਣ ਮਿਸ਼ਨ ਪਟਰੀ ਤੋਂ ਉੱਤਰ ਗਿਆ ਹੈ। ਬਾਵਜੂਦ ਦੇਸ਼ ਦੀ ਸੁਪਰੀਮ ਕੋਰਟ ਦੇ ਇਹਨਾ ਹੁਕਮਾਂ ਦੇ ਕਿ ਬੱਚਿਆਂ ਦੇ ਪੋਸ਼ਣ ਆਹਾਰ ਲਈ ਦੇਸ਼ ਭਰ ਵਿੱਚ ਇਕੋ ਜਿਹੀ ਨੀਤੀ ਅਪਨਾਈ ਜਾਵੇ, ਇਹਨਾ ਬੱਚਿਆਂ ਦੇ ਪੋਸ਼ਣ ਆਹਾਰ ਅਤੇ ਨਰਸਿੰਗ ਆਦਿ ਦੀਆਂ ਯੋਜਨਾਵਾਂ ਠੁਸ ਹੋ ਕੇ ਰਹਿ ਗਈਆਂ ਹਨ। ਪਰ ਇਸ ਸਭ ਕੁਝ ਦੇ ਦਰਮਿਆਨ ਦੇਸ਼ ਵਿੱਚ ਸਿਆਸੀ ਸਰਗਰਮੀਆਂ ਦਾ ਦੌਰ, ਉਹਨਾ ਮਸਲਿਆਂ ਉਤੇ ਚਲਾਇਆ ਜਾ ਰਿਹਾ ਹੈ, ਜਿਥੋਂ ਹਾਕਮ ਧਿਰ ਨੂੰ ਵੋਟਾਂ ਮਿਲਣੀਆਂ ਹਨ ਜਾਂ ਵੋਟਾਂ ਮਿਲਣ ਦੀ ਆਸ ਬੱਝਣੀ ਹੈ। ਕੀ ਗਰੀਬ ਕਲਿਆਣ ਯੋਜਨਾ ਜਿਹੀਆਂ ਯੋਜਨਾਵਾਂ ਇਸੇ ਕਰਮ ਦਾ ਹਿੱਸਾ ਨਹੀਂ ਹਨ?

ਦੇਸ਼ ਵਿੱਚ ਕੁਲ 545 ਲੋਕ ਸਭਾ ਸੀਟਾਂ ਅਤੇ 4120 ਵੱਖੋ-ਵੱਖਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਸੀਟਾਂ ਹਨ। ਬਿਹਾਰ ਵਿੱਚ 243 ਸੀਟਾਂ ਲਈ ਨਵੰਬਰ 2020 ਵਿੱਚ, ਪੌਂਡੀਚੇਰੀ ਵਿੱਚ 30 ਸੀਟਾਂ ਲਈ ਜੂਨ 2020 ਵਿੱਚ, ਪੱਛਮੀ ਬੰਗਾਲ ਵਿੱਚ 294 ਸੀਟਾਂ ਲਈ ਮਈ 2021 ਵਿੱਚ, ਤਾਮਿਲਨਾਡੂ ਵਿੱਚ 234 ਸੀਟਾਂ ਲਈ ਮਈ 2021 ਵਿੱਚ, ਕੇਰਲਾ ਵਿੱਚ 140 ਸੀਟਾਂ ਲਈ ਮਈ 2021 ਵਿੱਚ ਅਸਾਮ ਵਿੱਚ 126 ਸੀਟਾਂ ਲਈ ਮਈ 2021 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਸਾਲ 2022 ਵਿੱਚ ਗੋਆ, ਗੁਜਰਾਤ, ਹਿਮਾਚਲ ਪ੍ਰਦੇਸ਼ ਮਨੀਪੁਰ, ਪੰਜਾਬ, ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਹੋਣਗੀਆਂ। ਮੱਧ ਪਰਦੇਸ਼ ਦੀਆਂ 24 ਵਿਧਾਨ ਸਭਾ ਸੀਟਾਂ ਉਤੇ ਉਪ ਚੋਣਾਂ ਵੀ ਜਲਦੀ ਹੋ ਸਕਦੀਆਂ ਹਨ। ਪਰ ਇਹਨਾ ਸੂਬਿਆਂ ਦੀਆਂ ਚੋਣਾਂ ਲਈ ਚੋਣ ਕਮਰ ਕੱਸੇ ਹੁਣੇ ਤੋਂ ਹੀ ਹਾਕਮ ਧਿਰ ਵਲੋਂ ਇਸ ਯੋਜਨਾ ਤਹਿਤ ਆਰੰਭੇ ਜਾ ਚੁੱਕੇ ਹਨ। ਭਾਜਪਾ ਪੂਰੇ ਦੇਸ਼ ਵਿੱਚ ਹੇਠਲੇ ਪੱਧਰ ਤੋਂ ਉਪਰਲੇ ਪੱਧਰ 'ਤੇ ਹਰ ਥਾਂ ਆਪਣਾ ਰਾਜ ਭਾਗ ਕਾਇਮ ਕਰਨ ਦੀ ਤਾਕ ਵਿੱਚ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਹਰਿਆ ਬੂਰ ਰਹਿਓ ਰੀਂ। ਪੱਛਮੀ ਬੰਗਾਲ ਦੀ ਮਮਤਾ ਬੈਨਰਜੀ, ਬਾਵਜੂਦ ਉਪਰਲੇ ਹਾਕਮਾਂ ਵਲੋਂ ਉਹਨਾ ਦੀ ਕੰਨੀ ਗੋਡਾ ਦੇਣ ਦੇ ਹਾਲੀ ਤੱਕ ਨਿਡਰ ਖੜੀ ਨਜ਼ਰ ਆਉਂਦੀ ਹੈ ਭਾਵੇਂ ਕਿ ਉਹ ਦੀ ਮਨਸ਼ਾ ਵੀ ਅਗਲੀਆਂ ਚੋਣਾਂ ਜਿੱਤਣ ਦੀ ਹੈ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਿਸੇ ਸਿਆਸਤਦਾਨ ਦੀ ਪਹਿਲ ਨਹੀਂ ਜਾਪਦੀ।

ਕਰਨਾਟਕ, ਛੱਤੀਸਗੜ੍ਹ, ਮੱਧ ਪ੍ਰਦੇਸ਼, ਨਾਗਾਲੈਂਡ ਵਿੱਚ ਸਾਲ 2018 'ਚ ਚੋਣਾਂ ਹੋਈਆਂ। ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਹਰਿਆਣਾ, ਉੜੀਸਾ, ਸਿਕਮ ਵਿੱਚ ਚੋਣਾਂ 2019 'ਚ ਹੋਈਆਂ। ਹਰਿਆਣਾ, ਮਹਾਂਰਾਸ਼ਟਰ, ਛੱਤੀਸਗੜ੍ਹ, ਰਾਜਸਥਾਨ, ਦਿੱਲੀ 'ਚ ਹੋਈਆਂ ਚੋਣਾਂ 'ਚ ਭਾਜਪਾ ਨੂੰ ਇਹ ਆਸ ਸੀ ਕਿ ਉਹ ਇਹਨਾਂ ਚੋਣਾਂ ਜਿੱਤ ਜਾਏਗੀ, ਪਰ ਹਰਿਆਣਾ 'ਚ ਉਸ ਨੂੰ ਆਪਣੇ ਧੁਰ-ਵਿਰੋਧੀ ਨਾਲ ਗੱਠਜੋੜ ਬਣਾਉਣਾ ਪਿਆ, ਮਹਾਂਰਾਸ਼ਟਰ ਵਿੱਚ ਉਸਨੂੰ ਸ਼ਿਵ ਸੈਨਾ ਨਾਲੋਂ ਗੱਠਜੋੜ ਤੋੜਨਾ ਪਿਆ। ਰਾਜਸਥਾਨ, ਕਾਂਗਰਸ ਜੇਤੂ ਬਣ ਗਈ, ਮੱਧ ਪ੍ਰਦੇਸ਼ ਵਿੱਚ ਉਸਨੂੰ ਕਾਂਗਰਸ ਨੇ ਹਾਰ ਦੇ ਦਿੱਤੀ ਤੇ ਆਪਣੀ ਸਰਕਾਰ ਬਣਾ ਲਈ, ਜਿਸਨੂੰ ਕੋਰੋਨਾ ਕਾਲ ਦੇ ਦੌਰਾਨ, ਕਾਂਗਰਸ ਦੇ ਮੈਂਬਰ ਖਰੀਦਕੇ ਭਾਜਪਾ ਨੇ ਸਰਕਾਰ ਤੋੜ ਦਿੱਤੀ ਅਤੇ ਮੁੜ ਆਪਣਾ ਮੁੱਖ ਮੰਤਰੀ ਬਣਾ ਲਿਆ। ਰਾਜਸਥਾਨ ਵਿਚਲੀ ਕਾਂਗਰਸ ਸਰਕਾਰ ਨੂੰ ਤੋੜਨ ਲਈ ਭਾਜਪਾ ਹਰ ਹਰਬਾ ਵਰਤ ਰਹੀ ਹੈ। ਰਾਜ ਸਭਾ ਦੇ 19 ਸੀਟਾਂ ਲਈ ਜੋ ਚੋਣ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਮਨੀਪੁਰ, ਝਾਰਖੰਡ ਵਿੱਚ ਹੋਈ, ਉਸ ਵਿੱਚ 8 ਸੀਟਾਂ ਉਤੇ ਭਾਜਪਾ ਜਿੱਤੀ, 4 ਉਤੇ ਕਾਂਗਰਸ ਜਦਕਿ ਬਾਕੀ 7 ਸੀਟਾਂ ਹੋਰ ਪਾਰਟੀਆਂ ਨੇ ਪ੍ਰਾਪਤ ਕੀਤੀਆਂ। ਰਾਜ ਸਭਾ ਦੀਆਂ ਕੁਲ 244 ਸੀਟਾਂ ਵਿੱਚੋਂ 86 ਸੀਟਾਂ ਭਾਜਪਾ ਕੋਲ ਹਨ। ਇਹਨਾ ਚੋਣਾਂ ਵਿੱਚ ਵੀ ਭਾਜਪਾ ਨੇ ਰਾਜਸਥਾਨ ਵਿੱਚ ਕਾਂਗਰਸ ਤੋਂ ਉਹਨਾਂ ਦੇ ਵਿਧਾਇਕ ਖਰੀਦਕੇ ਸੀਟ ਖੋਹਣ ਦਾ ਯਤਨ ਕੀਤਾ, ਪਰ ਕਾਮਯਾਬੀ ਹੱਥ ਨਹੀਂ ਲੱਗੀ। ਬਿਨ੍ਹਾਂ ਸ਼ੱਕ ਕਮਜ਼ੋਰ ਵਿਰੋਧੀ ਧਿਰਾਂ ਕਾਰਨ ਨਰੇਂਦਰ ਮੋਦੀ ਨੇ ਦੇਸ਼ ਵਿੱਚ ਦੂਜੀ ਵੇਰ ਚੋਣ ਜਿੱਤਣ 'ਚ ਕਾਮਯਾਬੀ ਹਾਸਲ ਕੀਤੀ, ਪਰ ਦੇਸ਼ ਦੇ ਲੋਕਾਂ ਦਾ ਦਿਲ ਜਿੱਤਣ ਅਤੇ ਦੇਸ਼ ਦੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਉਸ ਵਲੋਂ ਕੀਤੇ ਯਤਨ ਸਰਾਹੁਣਯੋਗ ਨਹੀਂ ਰਹੇ। ਕੁਝ ਵਿਵਾਦਿਤ ਕਾਨੂੰਨ ਬਨਾਉਣ ਉਪਰੰਤ ਉਸਦੀ ਸਰਕਾਰ ਘੱਟ ਗਿਣਤੀ ਲੋਕਾਂ ਤੋਂ ਆਪਣਾ ਵਿਸ਼ਵਾਸ਼ ਗੁਆ ਬੈਠੀ ਹੈ। ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਜਾਰੀ ਕਰਕੇ, ਉਹ ਕਿਸਾਨਾਂ ਤੋਂ ਵੀ ਟੁੱਟ ਚੁੱਕੀ ਹੈ। ਕੋਲੇ ਦੀਆਂ ਖਾਣਾ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੀ ਸ਼ੁਰੂਆਤ ਇਸ ਸਰਕਾਰ ਨੂੰ ਮਜ਼ਦੂਰਾਂ ਤੋਂ ਦੂਰ ਕਰ ਰਹੀ ਹੈ। ਕਾਰਪੋਰੇਟ ਸੈਕਟਰ ਨੂੰ ਦੇਸ਼ ਦਾ ਧੰਨ ਲੁਟਾਕੇ ਪਹਿਲਾਂ ਹੀ ਇਸ ਸਰਕਾਰ ਨੇ ਗਰੀਬ ਵਿਰੋਧੀ ਹੋਣ ਦਾ ਕਾਲਾ ਟਿੱਕਾ ਆਪਣੇ ਸਿਰ ਲੁਆ ਲਿਆ ਹੈ।

> **ਦੇਸ਼ ਵਿੱਚ 6 ਲੱਖ ਤੋਂ ਜਿਆਦਾ ਪਿੰਡ ਹਨ। ਇਸਦੀ ਦੋ ਤਿਹਾਈ ਆਬਾਦੀ ਲਗਭਗ 80-85 ਕਰੋੜ ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਪ੍ਰਧਾਨ ਮੰਤਰੀ ਨੇ ''ਘਰ ਦੇ ਨਜ਼ਦੀਕ ਰੁਜ਼ਗਾਰ'' ਦੀ ਯੋਜਨਾ ਬਾਰੇ ਬੋਲਦਿਆਂ ਜਦੋਂ ਕਿਹਾ ਕਿ ਮਜ਼ਦੂਰ ਪਹਿਲਾਂ ਸ਼ਹਿਰਾਂ ਦਾ ਵਿਕਾਸ ਕਰ ਰਹੇ ਸਨ, ਹੁਣ ਉਹ ਪਿੰਡਾਂ ਦਾ ਵਿਕਾਸ ਕਰਨਗੇ, ਬਾਰੇ ਹੈਰਾਨੀ ਨਹੀਂ ਹੋਈ, ਕਿਉਂਕਿ ਹਾਕਮਾਂ ਦਾ ਅਜੰਡਾਂ ਕਦੇ ਵੀ ਦੇਸ਼ ਦੇ ਪਿੰਡ, ਪਿੰਡਾਂ 'ਚ ਰਹਿਣ ਵਾਲੇ ਗਰੀਬ ਲੋਕ, ਪਿੰਡਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਪਿੰਡਾਂ ਲਈ ਸਿਹਤ, ਸਿੱਖਿਆ ਸਹੂਲਤਾਂ ਨਹੀਂ ਰਹੇ ਸਗੋਂ ਪਿੰਡ ਤੇ ਪਿੰਡ ਦੇ ਲੋਕ ਤਾਂ ਸਿਰਫ਼ ਉਹਨਾ ਲਈ ''ਇੱਕ ਵੋਟ'' ਹਨ, ਜਿਹਨਾ ਨੂੰ 5 ਵਰ੍ਹਿਆਂ ਬਾਅਦ ਦਿਲ ਖਿਚਵੇਂ ਨਾਹਰਿਆਂ ਨਾਲ ਭਰਮਿਤ ਕਰ ਲਿਆ ਜਾਂਦਾ ਹੈ।**

ਦੇਸ਼ ਵਿੱਚ 6 ਲੱਖ ਤੋਂ ਜਿਆਦਾ ਪਿੰਡ ਹਨ। ਇਸਦੀ ਦੋ ਤਿਹਾਈ ਆਬਾਦੀ ਲਗਭਗ 80-85 ਕਰੋੜ ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਪ੍ਰਧਾਨ ਮੰਤਰੀ ਨੇ ''ਘਰ ਦੇ ਨਜ਼ਦੀਕ ਰੁਜ਼ਗਾਰ'' ਦੀ ਯੋਜਨਾ ਬਾਰੇ ਬੋਲਦਿਆਂ ਜਦੋਂ ਕਿਹਾ ਕਿ ਮਜ਼ਦੂਰ ਪਹਿਲਾਂ ਸ਼ਹਿਰਾਂ ਦਾ ਵਿਕਾਸ ਕਰ ਰਹੇ ਸਨ, ਹੁਣ ਉਹ ਪਿੰਡਾਂ ਦਾ ਵਿਕਾਸ ਕਰਨਗੇ, ਬਾਰੇ ਹੈਰਾਨੀ ਨਹੀਂ ਹੋਈ, ਕਿਉਂਕਿ ਹਾਕਮਾਂ ਦਾ ਅਜੰਡਾਂ ਕਦੇ ਵੀ ਦੇਸ਼ ਦੇ ਪਿੰਡ, ਪਿੰਡਾਂ 'ਚ ਰਹਿਣ ਵਾਲੇ ਗਰੀਬ ਲੋਕ, ਪਿੰਡਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਪਿੰਡਾਂ ਲਈ ਸਿਹਤ, ਸਿੱਖਿਆ ਸਹੂਲਤਾਂ ਨਹੀਂ ਰਹੇ ਸਗੋਂ ਪਿੰਡ ਤੇ ਪਿੰਡ ਦੇ ਲੋਕ ਤਾਂ ਸਿਰਫ਼ ਉਹਨਾ ਲਈ ''ਇੱਕ ਵੋਟ'' ਹਨ, ਜਿਹਨਾ ਨੂੰ 5 ਵਰ੍ਹਿਆਂ ਬਾਅਦ ਦਿਲ ਖਿਚਵੇਂ ਨਾਹਰਿਆਂ ਨਾਲ ਭਰਮਿਤ ਕਰ ਲਿਆ ਜਾਂਦਾ ਹੈ। ਉਂਜ ਵੀ ਇਹ ਪ੍ਰਵਾਸੀ ਮਜ਼ਦੂਰ , ਜਿਹਨਾ ਬਾਰੇ ਕੇਂਦਰੀ ਸਰਕਾਰ ਹੇਜ ਦਿਖਾਉਂਦੀ ਨਜ਼ਰ ਆ ਰਹੀ ਹੈ, ਸ਼ਹਿਰਾਂ ਵਿੱਚ ਸਦਾ ਪਰਾਏ ਅਤੇ ਬੇਗਾਨੇ ਬਣਾਕੇ 6 ਜਾਂ 8 ਫੁਟ ਦੇ ਕੋਠੜਿਆਂ ਵਿੱਚ ਰਹੇ , ਜਿਹਨਾ ਨੂੰ ਸ਼ਹਿਰਾਂ 'ਚ ਘੱਟ ਉਜਰਤ ਤੇ ਅਣ ਮਨੁੱਖੀ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਹੈ।



ਗੁਰਮੀਤ ਪਲਾਹੀ

91-98158-02070

ਕੀ ਸਰਕਾਰ ਨੇ ਕਦੇ ਉਹਨਾ ਦੀਆਂ ਸਮੱਸਿਆਵਾਂ ਜਾਣੀਆਂ ਖ਼ਾਸ ਕਰਕੇ ਹੁਣ, ਜਦੋਂ ਸ਼ਹਿਰਾਂ ਤੋਂ ਉਪਰਾਮ ਹੋਕੇ ਪੈਦਲ ਹੀ ਘਰਾਂ ਨੂੰ ਤੁਰੇ, ਕਈ ਰਸਤਿਆਂ 'ਚ ਜ਼ਿੰਦਗੀ ਗੁਆ ਬੈਠੇ, ਜਿਹੜੇ ਆਪਣੇ ਪਿੰਡੀਂ ਪਹੁੰਚੇ, ਉਥੇ ਉਹ ਆਪਣਿਆਂ 'ਚ ਵੀ ਬੇਗਾਨੇ ਬਣ ਕੇ ਰਹਿ ਰਹੇ ਹਨ ਕਿਉਂਕਿ ਇਕ ਪਾਸੇ ਤਾਂ ਉਹਨਾ ਨੂੰ ਸ਼ਹਿਰ ਦੀ ਚਮਕ-ਦਮਕ ਦਿਸਦੀ ਸੀ, ਹੁਣ ਦੂਜੇ ਪਾਸੇ ਉਜਾੜੇ, ਮਾੜੀਆਂ-ਮੋਟੀਆਂ ਸਹੂਲਤਾਂ ਤੋਂ ਵੀ ਸੱਖਣੇ ਪਿੰਡ ਦਿਸਦੇ ਹਨ।

ਅੱਜ ਜਦ ਸਨੱਅਤਾਂ ਅਤੇ ਕਾਰੋਬਾਰ ਡੁੱਬ ਰਹੇ ਹਨ, ਕਿਰਤੀ ਤਬਾਹ ਹੋ ਰਹੇ ਹਨ। ਦੇਸ਼ ਦੀ ਆਰਥਿਕਤਾ ਨੂੰ ਥੰਮੀ ਦੇਣ ਲਈ ਕੋਈ ਯੋਜਨਾ ਕਾਰਜਸ਼ੀਲ ਨਹੀਂ ਹੋ ਰਹੀ। ਉਸ ਵੇਲੇ ਦੇਸ਼ ਦੇ ਹਾਕਮ ਜੇਕਰ ਹਰ ਗੱਲ ਨੂੰ ਵੋਟਾਂ ਦੀ ਰਾਜਨੀਤੀ ਲਈ ਹੀ ਵਰਤਣ ਤਾਂ ਇਹੋ ਜਿਹੀ ਸਰਕਾਰ ਨੂੰ ਕਿਹੋ ਜਿਹੀ ਸਰਕਾਰ ਮੰਨਿਆ ਜਾਏਗਾ?

ਦਿੱਲੀ 'ਚ ਕੋਰੋਨਾ ਨਾਲ ਤਬਾਹੀ ਅੰਤਾਂ ਦੀ ਹੈ, ਲੋਕ ਮਰ ਰਹੇ ਹਨ, ਮਰਿਆਂ ਲਈ ਸ਼ਮਸ਼ਾਨ ਘਾਟ ਨਹੀਂ ਮਿਲ ਰਹੇ। ਉਥੇ ਵੀ ਹੇਠਲੀ, ਉਪਰਲੀ ਸਰਕਾਰ ਵਿਚਕਾਰ ਸਿਆਸਤ ਹੋ ਰਹੀ ਹੈ। ਉਪਰਲੀ ਸਰਕਾਰ ਵਲੋਂ ਕੋਰੋਨਾ ਪੀੜ੍ਹਤ ਸੂਬਿਆਂ ਨੂੰ ਗ੍ਰਾਂਟਾਂ ਅਤੇ ਸਕੀਮਾਂ ਇਹ ਵੇਖਕੇ ਦਿੱਤੀਆਂ ਜਾ ਰਹੀਆਂ ਹਨ ਕਿ ਉਥੇ ਸਰਕਾਰ ਭਾਜਪਾ ਦੀ ਹੈ ਕਿ ਵਿਰੋਧੀ ਧਿਰ ਦੀ। ਸਿਆਸਤ ਕਰਨ ਵਾਲੇ ਲੋਕ ਭੁੱਲ ਹੀ ਗਏ ਹਨ ਕਿ ਜੇਕਰ ਭੁੱਖਿਆਂ ਦਾ ਢਿੱਡ ਨਾ ਭਰਿਆ, ਜੇਕਰ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਉਹਨਾ ਨਾ ਕੀਤਾ ਤਾਂ ਲੋਕ ਉਪਰਲੀ-ਹੇਠਾ ਲਿਆਉਣ 'ਚ ਸਮਾਂ ਨਹੀਂ ਲਾਉਂਦੇ।

# 37 ਬਨਾਮ 73 ਬਸਪਾ ਦੀ ਪਹਿਲੀ ਚੋਣ



ਲਾਲ ਸਿੰਘ ਸੁਲਹਾਣੀ
91-98721-55120

ਸਾਕਾ ਨੀਲਾ ਤਾਰਾ ਤੋਂ ਬਾਅਦ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਉਹਦੇ ਆਪਣੇ ਹੀ ਸੁਰੱਖਿਆ ਗਾਰਡਾਂ ਹੱਥੋਂ ਮਾਰੇ ਜਾਣ ਉਪਰੰਤ ਹਿੰਦੂ ਵੋਟ ਦੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਭੁਗਤਣ ਸਦਕਾ ਰਾਜੀਵ ਗਾਂਧੀ ਦੀ ਅਗਵਾਈ 'ਚ ਮਜ਼ਬੂਤ ਸਰਕਾਰ ਬਣ ਚੁੱਕੀ ਸੀ। ਜੁਲਾਈ 1985 ਵਿਚ ਰਾਜੀਵ -ਲੌਂਗੋਵਾਲ ਸਮਝੌਤਾ ਹੋ ਗਿਆ ਸੀ। ਸਤੰਬਰ ਮਹੀਨੇ ਵਿਚ ਚੋਣ ਕਮਿਸ਼ਨ ਵੱਲੋਂ ਪੰਜਾਬ ਵਿੱਚ ਅਸੰਬਲੀ ਤੇ ਲੋਕ ਸਭਾ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਹੋ ਗਿਆ ਸੀ ਕੁਝ ਬਸਪਾ ਆਗੂ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਦੇ ਚੱਕਰ ਵਿੱਚ ਸਨ। ਬੇਸ਼ੱਕ 23 ਮਾਰਚ ਨੂੰ ਖਟਕੜ ਕਲਾਂ ਦੀ ਰੈਲੀ 'ਚ ਸਾਹਿਬ ਕਾਂਸ਼ੀ ਰਾਮ ਲੌਂਗੋਵਾਲ ਨਾਲ ਸਟੇਜ ਸਾਂਝੀ ਕਰ ਚੁਕੇ ਸਨ ਜਿਸ ਵਿੱਚ ਮੈਂ ਤੇ ਸੁੱਚਾ ਸਿੰਘ ਜਨਰਲ ਸਕੱਤਰ ਬਾਮਸੇਫ ਜ਼ਿਲ੍ਹਾ ਫਿਰੋਜ਼ਪੁਰ ਵੀ ਹਾਜਰ ਸਾਂ ਤੇ ਰੈਲੀ ਉਪਰੰਤ ਅਸੀਂ ਉਹਦੇ ਪਿਛਲੇ ਪਿੰਡ ਸੁੱਜੋਂ ਰਾਤ ਠਹਿਰੇ ਸਾਂ। ਭਾਵੇਂ ਮੈਂ ਜ਼ਿਲ੍ਹਾ ਫਿਰੋਜ਼ਪੁਰ ਦਾ ਬਾਮਸੇਫ ਪ੍ਰਧਾਨ ਹੀ ਸਾਂ ਪਰ ਪੂਰੇ ਪੰਜਾਬ ਵਿੱਚ ਚਰਚਿਤ ਸਾਂ । ਸਾਹਿਬ ਅਜੇ ਸਮਝੌਤੇ ਦੇ ਪੱਖ ਵਿੱਚ ਨਹੀਂ ਸਨਕਿਉਂਕਿ ਪਾਰਟੀ ਕਮਜ਼ੋਰ ਹੋਣ ਕਾਰਨ ਸਮਝੌਤੇ ਦੀ ਸਥਿਤੀ ਵਿੱਚ ਨਹੀਂ ਸੀ। ਇਸ ਲਈ ਉਹ ਪੰਜਾਬ ਇਕਾਈ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਤੇ ਨਰਾਜ਼ ਸਨ। ਪਾਰਟੀ ਨੇ ਇਕੱਲਿਆਂ ਚੋਣ ਲੜਨ ਦਾ ਫੈਸਲਾ ਕਰ ਲਿਆ। ਫਿਰੋਜ਼ਪੁਰ ਸ਼ਹਿਰ ਅਤੇ ਫਿਰੋਜ਼ਪੁਰ ਛਾਉਣੀ ਦੀਆਂ ਜਨਰਲ ਸੀਟਾਂ ਲਈ ਉਮੀਦਵਾਰ ਖੜ੍ਹੇ ਕਰਨ ਦੀ ਜਿੰ-ਮੇਵਾਰੀ ਮੈਨੂੰ ਸੌਂਪੀ ਗਈ। ਉਸ ਸਮੇਂ ਤੱਕ ਗਰੀਬ ਗੁਰਬਿਆਂ ਵਿਚ ਰਾਜਨੀਤਕ ਸੂਝ ਬੂਝ ਦੀ ਅਣਹੋਂਦ ਸੀ। ਅਨੁਸੂਚਿਤ ਜਾਤੀਆਂ ਦੇ ਲੋਕਾਂ ਵਿੱਚ ਕੋਈ ਰਾਜਨੀਤਕ " ਚਾਹਤ" ਹੀ ਨਹੀਂ ਸੀ ਤੇ ਨਾ ਉਹ ਇਸ ਦੀ "ਲੋੜ" ਸਮਝਦੇ ਸਨ। ਰਾਜਨੀਤੀ ਤਾਂ ਧਨਾਢ ਜਿੰਮੀਦਾਰਾਂ ਤੇ ਵੱਡਿਆਂ ਸਰਦਾਰਾਂ ਸ਼ਾਹੂਕਾਰਾਂ ਦੀ ਮਨਭਾਉਂਦੀ ਖੇਡ ਸੀ। ਘਾਹੀਆਂ ਦੇ ਪੁੱਤਾਂ ਦਾ ਇਹਦੇ ਨਾਲ ਕੀ ਸਬੰਧ ? ਫਿਰੋਜਪੁਰ ਸ਼ਹਿਰ ਤੋਂ ਚੋਣ ਲੜਨ ਲਈ ਜਸਵੰਤ ਸਿੰਘ ਲੱਖੋ ਕੇ ਬਹਿਰਾਮ ਨੂੰ ਰਜ਼ਾਮੰਦ ਕਰ ਲਿਆ ਗਿਆ । ਪਰ ਉਹਦੇ ਨਾਮਜਦਗੀ ਪੱਤਰ ਸਾਡੇ ਅਣਜਾਣ ਪੁਣੇ ਸਦਕਾ ਇਸ ਲਈ ਰੱਦ ਹੋ ਗਏ ਕਿ ਉਹਦੀ ਤਾਈਦ ਉਸਦੇ ਆਪਣੇ ਪਿੰਡ ਦੇ ਵੋਟਰਾਂ ਨੇ ਕੀਤੀ ਸੀ ਜਿਹੜਾ ਹਲਕਾ ਗੁਰੂ ਹਰ ਸਹਾਏ ਵਿਚ ਪੈਂਦਾ ਸੀ ਜਦੋਂ ਕਿ ਇਹ ਸਬੰਧਤ ਹਲਕੇ ਦੇ ਵੋਟਰਾਂ ਵੱਲੋਂ ਕੀਤੀ ਜਾਣੀ ਚਾਹੀਦੀ ਸੀ । ਪਰ ਸਾਨੂੰ ਇਸ ਗੱਲ ਦਾ ਇਲਮ ਨਹੀਂ ਸੀ। ਪਿਛੋਂ ਇਕ ਆਜਾਦ ਉਮੀਦਵਾਰ ਜਿਸਦਾ ਨਾਮ ਵੀ ਜਸਵੰਤ ਸਿੰਘ ਸੀ, ਅਸੀਂ ਉਸਨੂੰ ਸਮਰੱਥਨ ਦੇਣ ਦਾ ਫੈਸਲਾ ਕਰ ਲਿਆ ਲਿਆ । ਉਸ ਸਮੇਂ ਫਿਰੋਜ਼ਪੁਰ ਛਾਉਣੀ ਹਲਕਾ ਧਨਾਢ ਜਿੰ-ਮੀਦਾਰਾਂ ਦੀ ਜਗੀਰ ਹੀ ਬਣਿਆ ਹੋਇਆ ਸੀ ਕਾਂਗਰਸ ਤੇ ਅਕਾਲੀ ਦਲ ਦੇ ਧਨਾਢ ਤੇ ਖੱਬੀਖਾਨ ਹੀ ਇਥੋਂ ਚੋਣ ਲੜਦੇ ਸਨ। ਪੇਂਡੂ ਖੇਤਰਾਂ ਵਿੱਚ ਅਕਾਲੀਆਂ ਦਾ ਦਬਦਬਾ ਸੀ ਤੇ ਤਲਵੰਡੀ ਭਾਈ ਤੇ ਫਿਰੋਜ਼ਪੁਰ ਛਾਉਣੀ ਸ਼ਹਿਰੀ ਹਲਕਿਆਂ ਵਿੱਚ ਕਾਂਗਰਸ ਭਾਰੂ ਸੀ। ਜਿੱਤ ਹਾਰ ਦਾ ਫੈਸਲਾ ਕੁਝ ਕੁ ਸੈਂਕੜੇ ਵੋਟਾਂ ਨਾਲ ਹੀ ਹੋਇਆ ਕਰਦਾ ਸੀ। 1972 ਵਿੱਚ ਇਕ ਵਾਰ ਤਾਂ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਸਾਈਆਂ ਵਾਲਾ ਜੋ ਤਕੜਾ ਰਜਵਾੜਾਨੁਮਾ ਜਿਮੀਂਦਾਰ ਸੀ ਮਹਿਜ਼ 43 ਕੁ ਵੋਟਾਂ ਨਾਲ ਹੀ ਕਾਂਗਰਸੀ ਉਮੀਦਵਾਰ ਸੁਖ-ਚੈਨ ਸਿੰਘ ਭੁੱਲਰ ਨੂੰ ਹਰਾ ਸਕਿਆ ਸੀ। ਉਹ ਵੀ ਬਾਬਾ ਕਪੂਰ ਸਿੰਘ ਸੁਲਹਾਣੀ ਦੇ ਜਨਸੰਘ ਦੇ ਉਮੀਦਵਾਰ ਬਣ ਕਾਰਨ ਸਮੀਕਰਨ ਵਿਗੜ ਗਏ ਸਨ। ਧਨਾਢਾਂ ਦਾ ਗਲਬਾ ਹੋਣ ਕਰਕੇ ਇਸ ਸੀਟ ਤੇ ਕਿਸੇ ਦਲਿਤ ਦਾ ਚੋਣ ਬਾਰੇ ਸੋਚਣਾ ਅਣਹੋਣੀ ਗੱਲ ਸੀ। ਉਮੀਦਵਾਰ ਲੱਭਣ ਵਿੱਚ ਬੜੀ ਦਿੱਕਤ ਪੇਸ਼ ਆ ਰਹੀ ਸੀ। ਪਾਰਟੀ ਸਰਗਰਮੀਆਂ ਤਾਂ ਅਸੀ ਬਾਮਸੇਫ ਦੇ ਕੁੱਝ ਕੁ ਜਾਗਰੂਕ ਸਾਥੀ ਹੀ ਚਲਾ ਰਹੇ ਸਾਂ। ਇਸ ਹਲਕੇ ਵਿੱਚ ਕੋਈ ਦਲਿਤ ਆਗੂ ਰਾਜਸੀ ਤੌਰ 'ਤੇ ਅਜੇ ਉੱਭਰਿਆ ਨਹੀਂ ਸੀ। ਸ੍ਰੀ ਹਲੀਮ ਨਾਸਰੀ ਜੋ ਨੇਵੀ ਚੋਂ ਰਿਟ-ਾਇਰ ਹੋਕੇ ਆਇਆ ਸੀ ਚੋਣ ਲੜਨ ਲਈ ਰਜ਼ਾਮੰਦ ਹੋ ਗਿਆ। ਸਾਈਕਲਾਂ ਤੋਂ ਬਿਨਾਂ ਸਾਡੇ ਕੋਲ ਕੋਈ ਹੋਰ ਸਾਧਨ ਨਹੀਂ ਸਨ। ਉਮੀਦਵਾਰ ਕੋਲ ਇਕ ਲੂਨਾ ਮੋਪਡ ਸੀ। ਸੂਬ-ੇਦਾਰ ਗੁਰਦੇਵ ਸਿੰਘ ਜਿਹੜਾ ਮੇਰਾ ਵਫਾਦਾਰ ਤੇ ਪਾਰਟੀ ਦਾ ਸੁਲਝਿਆ ਹੋਇਆ ਕਾਰਜ ਕਰਤਾ ਸੀ ਉਹਦੇ ਬੇਟੇ ਕਰਮ ਸਿੰਘ ਦਾ ਆਟੋ ਰਿਕਸ਼ਾ ਸਾਨੂੰ ਪ੍ਰਚਾਰ ਲਈ ਮਿਲ ਗਿਆ। ਇਉਂ ਰਾਜਸੀ ਤਜਰਬੇ ਤੋਂ ਹੀਣੇ ਅਸੀਂ ਛੋਟੇ ਛੋਟੇ ਸਾਧਨਾਂ ਨਾਲ ਧਨ ਕੁਬੇਰਾਂ ਦੇ ਮੁਕਾਬਲੇ ਚੋਣ ਮੈਦਾਨ ਵਿੱਚ ਕੁੱਦ ਪਏ। ਸਾਡਾ ਉਮੀਦਵਾਰ ਅਸਲੋਂ ਨਵਾਂ ਸੀ ਤੇ ਮੇਰੀ ਵੀ ਪਿੰਡਾਂ ਵਿੱਚ ਕੋਈ ਜਿਆਦਾ ਜਾਣਕਾਰੀ ਨਹੀਂ ਸੀ। ਪਾਰਟੀ ਨਵੀਂ ਸੀ ਤੇ ਪਾਰਟੀ ਮੁਖੀ ਸਾਹਿਬ ਕਾਂਸ਼ੀ ਰਾਮ ਨੂੰ ਇਧਰ ਕੋਈ ਜਾਣਦਾ ਵੀ ਨਹੀਂ ਸੀ। ਡਾਕਟਰ ਅੰਬੇਦਕਰ ਤੇ ਸ਼ਾਹੂ ਜੀ ਮਹਾਰਾਜ ਜਾਂ ਜੋਤੀ ਬਾ ਫੂਲੇ ਬਾਰੇ ਜਾਨਣਾ ਤਾਂ ਦੂਰ ਦੀ ਗੱਲ ਸੀ। ਅਸੀਂ ਆਟੋ ਰਿਕਸ਼ਾ 'ਤੇ ਸਪੀਕਰ ਫਿੱਟ ਕਰ ਲਿਆ ਦੋ ਸੁਰੱਖਿਆ ਕਰਮੀ ਤੇ ਦੋ-ਚਾਰ ਕਾਰਜ ਕਰਤਾਵਾਂ ਨੂੰ ਨਾਲ ਲੈਕੇ ਮੋਪਡ 'ਤੇ ਅਸੀਂ ਪਿੰਡਾਂ ਵਿੱਚ ਚੱਕਰ ਮਾਰਨੇ ਸ਼ੁਰੂ ਕਰ ਦਿੱਤੇ। ਆਪ ਮੁਹਾਰੇ ਬਿਨਾਂ ਬੁਲਾਏ ਦਲਿਤ ਵਿਹੜਿਆਂ 'ਚ ਖੜੋ ਕੇ ਅਸੀਂ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਕੰਧਾਂ ਨਾਲ ਦੂਰ ਖੜੋਤੇ ਦਲਿਤ ਮੇਰੀਆਂ ਗੱਲਾਂ ਬੜੇ ਗਹੁ ਨਾਲ ਸੁਣਦੇ। ਮੈਂ ਉਹਨਾਂ ਦੇ ਦੁੱਖਾਂ ਦਰਦਾਂ ਦੀ ਕਹਾਣੀ ਸੁਣਾਉਂਦਾ। ਉਨ੍ਹਾਂ ਦੇ ਕੁਚਲੇ ਸਵੈਮਾਨ ਨੂੰ ਜਗਾਉਣ ਲਈ ਚੋਭਾਂ ਮਾਰਦਾ। ਉਨ੍ਹਾਂ ਦੀ ਅਣਖ ਨੂੰ ਵੰਗਾਰਦਾ। ਸਿਰ ਚੁੱਕਕੇ ਤੁਰਨ ਲਈ ਪ੍ਰੇਰਦਾ। ਇਤਿਹਾਸ ਚੋਂ ਅਣਖ ਆਬਰੂ ਲਈ ਲੜਨ ਵਾਲੇ ਸੂਰਮਿਆਂ ਦੀਆਂ ਬੀਰ ਗਾਥਾਵਾਂ ਸੁਣਾਉਂਦਾ। ਸੁਲਹਾਣੀ, ਕਾਲੀਏਵਾਲਾ, ਮਾਛੀਬੁਗਰਾ, ਘੱਲਖੁਰਦ ਮੱਲਵਾਲ, ਕੁਮੱਗਰ, ਇੱਟਾਂਵਾਲੀ , ਕਾਕੂ ਵਾਲਾ, ਵਾਂਅ, ਰੁਕਨਾ ਬੇਗੂ, ਮੁੱਦਕੀ, ਬੁੱਕਣ ਵਾਲਾ ਆਦਿ ਪਿੰਡਾਂ ਵਿੱਚ ਲੋਕ ਸਿਰ ਚੁੱਕਣ ਲੱਗ ਪਏ ਸਨ। ਬੜਾ ਜਨੂੰਨ ਸੀ ਅਸੀਂ ਨਾ ਅੱਕਦੇ ਨਾ ਥੱਕਦੇ। ਉਮੀਦਵਾਰ ਦੇ ਸੁਰ-ੱਖਿਆ ਕਰਮਚਾਰੀ ਮੇਰੀਆਂ ਤਕਰੀਰਾਂ ਤੋਂ ਪ੍ਰਭਾਵਿਤ ਹੋਕੇ ਸਾਡੇ ਹਮਦਰਦ ਤੇ ਸਮਰੱਥਕ ਬਣ ਗਏ । ਉਹ ਚੰਗੀ ਦਿਲਚਸਪੀ ਹੀ ਨਹੀਂ ਦਿਖਾਉਂਦੇ ਸਨ ਸਗੋਂ ਕਈ ਵਾਰ ਵਧੀਆ ਸੁਝਾਅ ਵੀ ਦੇਂਦੇ। ਇਕਬਾਲ ਮਸੀਹ ਟਹਿਲ ਸਿੰਘ ਵਰਗੇ ਨਵੇਂ ਨਵੇਂ ਮੁੱਦਕੀ ਵਾਲੇ ਸਾਥੀਆਂ ਨੇ ਆਪਣਾ ਸਾਧਨ ਲੈਕੇ ਪ੍ਰਚਾਰ ਸ਼ੁਰੂ ਕਰ ਦਿੱਤਾ । ਤਲਵੰਡੀ ਭਾਈ ਵੱਲ ਮੇਰੇ ਛੋਟੇ ਭਾਈ ਜਗਰੂਪ ਸਿੰਘ ਸੁਲਹਾਣੀ ਨੇ ਮੋਰਚਾ ਸਾਂਭ ਲਿਆ। ਪਿੰਡਾਂ ਦੀਆਂ ਸੱਥਾਂ ਵਿੱਚ ਸਾਡੀ ਚਰਚਾ ਸ਼ੁਰੂ ਹੋ ਗਈ । ਲੋਕ ਬਹੁਜਨ ਸਮਾਜ ਪਾਰਟੀ ਦੀ ਬਜਾਏ ਡੀ ਐਸ ਫੋ ਰ ਦੀ ਬਜਾਏ ਨਫਰਤ ਜਿਹੀ ਨਾਲ ਡੀ ਫੋਰ ਵਾਲੇ ਈ ਆਖਦੇ। ਅਸੀਂ ਦਿਨ ਰਾਤ ਇਕ ਕਰ ਦਿੱਤਾ ਸੀ। ਦਲਿਤ ਵਿਹੜਿਆਂ ਵਿਚ ਮੇਰੀਆਂ ਗੱਲਾਂ ਹੋਣ ਲੱਗੀਆਂ। ਲੋਕ ਕੁੱਝ ਕੁਝ ਕੁ ਜਾਗਰੂਕ ਹੋਣ ਲੱਗੇ ਸਨ। ਧਨਾਢ ਉਮੀਦਵਾਰਾਂ ਨੇ ਟੈਂਟ ਤੇ ਭਾਂਡਿਆਂ ਨਾਲ ਦਲਿਤ ਵੋਟਰਾਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ। ਦਾਰੂ ਦੀਆਂ ਛਬੀਲਾਂ ਲਾਉਣ ਲੱਗੇ। ਵੋਟਾਂ ਨਾਲੋਂ ਸਾਡੀ ਚਿੰਤਾ ਉਮੀਦਵਾਰ ਨੂੰ ਡਟੇ ਰੱਖਣਾ ਵਧੇਰੇ ਮਹੱਤਵਪੂਰਨ ਸੀ। ਕਾਰਜ ਕਰਤਾ ਪੂਰੀ ਮੁਸਤੈਦੀ ਨਾਲ ਨਜ਼ਰ ਰੱਖ ਰਹੇ ਸਨ। ਇਕ ਵਾਰ ਉਹਨਾਂ ਨੇ ਉਮੀਦਵਾਰ ਦੇ ਇਕ ਰਿਸ਼ਤੇਦਾਰ ਨੂੰ ਉਹਦੇ ਸੂਟਕੇਸ ਦੀ ਤਲਾਸ਼ੀ ਲੈਕੇ ਈ ਘਰ 'ਚ ਪ੍ਰਵੇਸ਼ ਕਰਨ ਦਿੱਤਾ । ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਬਹੁਜਨ ਸਮਾਜ ਪਾਰਟੀ ਦਾ ਉਮੀਦਵਾਰ ਆਪਣੇ ਸਾਈਕਲ ਚੋਣ ਨਿਸ਼ਾਨ (ਕਿਉਂਕਿ ਸਾਰੇ ਉਮੀਦਵਾਰਾਂ ਨੂੰ ਕੋਸ਼ਿਸ਼ ਕਰਨ ਤੇ ਵੀ ਹਾਥੀ ਚੋਣ ਨਿਸ਼ਾਨ ਅਲਾਟ ਨਹੀਂ ਕੀਤਾ ਗਿਆ ਸੀ) 'ਤੇ ਭਾਵੇਂ 1788 ਵੋਟਾਂ ਹੀ ਹਾਸਲ ਕਰ ਸਕਿਆ ਪਰ ਕਾਂਗਰਸ ਪਾਰਟੀ ਦਾ ਧਨਾਢ ਜਿੰਮੀਦਾਰ ਉਮੀਦਵਾਰ ਗੁਰਨੈਬ ਸਿੰਘ ਬਰਾੜ ਸਾਬਕਾ ਵਿਧਾਇਕ 1125 ਵੋਟਾਂ ਨਾਲ ਲੁੜਕ ਗਿਆ। ਉਸ ਤੋਂ ਬਾਅਦ ਉਹ ਚੋਣ ਮੈਦਾਨ ਚੋਂ ਹੀ ਨਹੀਂ, ਸਗੋਂ ਰਾਜਨੀਤੀ ਵਿਚੋਂ ਹੀ ਇਕ ਤਰ੍ਹਾਂ ਬਾਹਰ ਹੋ ਗਿਆ। ਜਿਸ ਦੀ ਕੜਾਹ ਉਸਨੇ ਮੇਰੇ ਨਾਲ ਹਮੇਸ਼ਾ ਰੱਖੀ। ਇਕ ਵਾਰ ਮੇਰੀ ਆਪਣੀ ਚੋਣ ਵਿੱਚ ਉਹਨੇ ਆਪਣੇ ਫਿਰੋਜ਼ਪੁਰ ਲਾਗਲੇ ਪਿੰਡ ਬੂਟੇ ਵਾਲਾ ਵਿੱਚ ਮੇਰੀਚਲਦੀ ਮੀਟਿੰਗ ਵਿੱਚ ਦਲਿਤ ਤੇ ਦਬਾਅ ਪਾਕੇ ਮੇਰੇ ਹੇਠੋਂ ਮੰਜੇ ਚੁਕਵਾ ਦਿੱਤੇ ਸਨ ਤੇ ਮੀਟਿੰਗ ਬਰਖਾਸਤ ਕਰਵਾ ਦਿੱਤੀ ਸੀ। ਕਿਉਂਕਿ ਇਸ ਪਿੰਡ ਦੇ ਗਰੀਬ ਲੋਕਾਂ ਤੇ ਸਰਦਾਰਾਂ ਦਾ ਪੂਰਾ ਗਲਬਾ ਸੀ।

ਬੇਸ਼ਕ ਪੰਜਾਬ ਚੋਣਾਂ 'ਚ ਬਸਪਾ ਕੇਵਲ 2.2 ਫੀਸਦੀ ਤੇ ਲੋਕ ਸਭਾ ਚ 2.4 ਫੀਸਦੀ ਵੋਟ ਹੀ ਹਾਸਲ ਕਰ ਸਕੀ ਤੇ ਕੋਈ ਉਮੀਦਵਾਰ ਜਿੱਤ ਤਾਂ ਨਾ ਸਕਿਆ ਪਰ ਦੁਆਬਾ ਖੇਤਰ ਵਿੱਚ ਪਾਰਟੀ ਨੇ ਨਵਾਂ ਸ਼ਹਿਰ, ਬੰਗਾ, ਆਦਮਪੁਰ, ਬਲਾਚੌਰ, ਸ਼ਾਮਚੁਰਾਸੀ, ਫਿਲੌਰ, ਫਗਵਾੜਾ ਆਦਿ ਸੀਟਾਂ 'ਤੇ ਵਿਰੋਧੀ ਪਾਰਟੀਆਂ ਨੂੰ ਦਿਨੇ ਈ ਤਾਰੇ ਦਿਖਾ ਦਿੱਤੇ। ਬਸਪਾ ਦੀ ਬਦੌਲਤ ਕਾਂਗਰਸ ਪਾਰਟੀ 37 ਸੀਟਾਂ ਹਾਰ ਗਈ। 73 ਸੀਟਾਂ ਜਿੱਤ ਕੇ ਪੰਜਾਬੀ ਸੂਬਾ ਬਣਨ ਉਪਰੰਤ ਪਹਿਲੀ ਵਾਰੀ ਨਿਰੋਲ ਅਕਾਲੀ ਦਲ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਹੋਂਦ ਵਿੱਚ ਆਈ। ਉਸ ਸਰਕਾਰ ਵਿੱਚ ਸਾਈਆਂਵਾਲਾ ਸਥਾਨਕ ਸਰਕਾਰਾਂ ਦਾ ਮੰਤਰੀ ਬਣ ਗਿਆ। ਸਾਡੇ ਪਿੰਡਾਂ ਵਿਚ ਆਮ ਚਰਚਾ ਸੀ ਕਿ ਡੀ. ਐਸ. ਫੋਰ. ਸਾਈਆਂਵਾਲੇ ਨੇ ਬਣਾਈ ਐ ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਲਈ। ਉਹਨਾਂ ਨੂੰ ਏਨਾ ਗਿਆਨ ਨਹੀਂ ਸੀ ਕਿ ਇਹ ਦੇਸ ਵਿਆਪੀ ਸੰਗਠਨ ਐ।ਪਰ ਕਿਸੇ ਦਾ ਮੂੰਹ ਥੋੜ੍ਹਾ ਫੜਿਆ ਜਾ ਸਕਦਾ ਐ। ਉਸ ਸਮੇਂ ਤੱਕ ਡੀ. ਐਸ. ਫੋਰ. ਹੀ ਵਧੇਰੇ ਚਰਚਿਤ ਸੀ। ਬਹੁਜਨ ਸਮਾਜ ਪਾਰਟੀ (ਬਸਪਾ) ਅਜੇ ਨਵੀਂ ਨਵੇਲੀ ਸੀ।

ਬਹੁਜਨ ਸਮਾਜ ਪਾਰਟੀ ਨੇ ਹਾਰ ਕੇ ਵੀ ਜਿੱਤ ਵਰਗਾ ਅਹਿਸਾਸ ਮਹਿਸੂਸ ਕੀਤਾ ਤੇ ਵਿਰੋਧੀ ਪਾਰਟੀਆਂ ਖਾਸ ਕਰਕੇ ਕਾਂਗਰਸ ਨੂੰ ਪਿਸੂ ਪੈ ਗਏ। ਬਸਪਾ ਨੂੰ ਬਲੈਕ ਆਊਟ ਤੇ ਬਲੈਕਮੇਲ ਕਰਨ ਵਾਲੀਆਂ ਮਨੂਵਦੀ ਅਖਬਾਰਾਂ ਨੇ ਵੀ ਬੜੀ ਤੀਬਰਤਾ ਨਾਲ ਇਸ ਪਾਸੇ ਧਿਆਨ ਦਿੱਤਾ। ਪੰਜਾਬ ਦੀ ਪ੍ਰੈਸ ਨੇ ਅਕਾਲੀਆਂ ਦੇ ਏਡੀ ਵੱਡੀ ਗਿਣਤੀ ਵਿੱਚ ਜਿੱਤਣ ਅਤੇ ਕਾਂਗਰਸ ਦੇ ਹਾਰਨ ਦਾ ਕਾਰਨ ਡੀ. ਐਸ. ਫੋਰ.K ਬਹੁਜਨ ਸਮਾਜ ਪਾਰਟੀ ਨੂੰ ਦੱਸਿਆ। ਪੰਜਾਬੀ ਟ੍ਰਿਬਿ-ਊਨ ਨੇ 22 ਸਤੰਬਰ ਦੇ ਮੁੱਖ ਸੰਪਾਦਕੀ ਵਿੱਚ ਮੰਨਿਆਂ ਕਿ ਡੀ. ਐਸ. ਫੋਰ.( ਬੀ. ਐਸ .ਪੀ.) ਸਥਾਪਿਤ ਪਾਰਟੀਆਂ ਲਈ ਇਕ ਚੈਲਿੰਜ ਉੱਠ ਖੜੋਤਾ ਹੈ। ਇੰਡੀਅਨ ਐਕ-ਸਪ੍ਰੈਸ ਨੇ ਆਪਣੇ 10 ਅਕਤੂਬਰ ਦੇ ਜਲੰਧਰ ਜ਼ਿਲ੍ਹੇ ਦੇ ਵੇਰਵੇ ਸਹਿਤ ਚੋਣ ਸਰਵੇਖਣ ਵਿੱਚ ਕਾਂਗਰਸ ਦੀ ਹਾਰ ਦਾ ਕਾਰਨ ਡੀ. ਐਸ. ਫੋਰ ਨੂੰ ਮੰਨਿਆਂ। ਅਖਬਾਰ ਨੇ ਲਿਖਿਆ ਕਿ ਡੀ.ਐਸ. ਫੋਰ. ਦੇ ਉੱਭਰਨ ਨਾਲ ਕਾਂਗਰਸ ਨੂੰ ਆਪਣੇ ਅਨੁਸੂਚਿਤ ਜਾਤੀ ਵੋਟਾਂ ਦੇ ਹੱਕ 'ਤੇ ਗਰੰਟੀ ਨਹੀਂ ਰਹੀ । ਅੱਗੋਂ ਇਹ ਵੀ ਲਿਖਿਆ ਕਿ ਕਾਂਗਰਸੀ ਹਲਕਿਆਂ ਵਿੱਚ ਇਹ ਬੜੀ ਗੰਭੀਰਤਾ ਨਾਲ ਸੋਚਿਆ ਜਾ ਰਿਹਾ ਹੈ ਕਿ ਇਸ ਵੋਟ ਬੈਂਕ ਨੂੰ ਅੱਗੋਂ ਖੁਰਨ ਤੋਂ ਕਿਵੇਂ ਰੋਕਿਆ ਜਾਵੇ।

ਏਸੇ ਤਰ੍ਹਾਂ 6 ਅਕਤੂਬਰ ਦੇ ਪੰਜਾਬੀ ਟ੍ਰਿਬਿਊਨ ਨੇ "ਕਾਂਗਰਸ ਨੂੰ ਹਰਾਉਣ 'ਚ ਡੀ ਐਸ ਫੋਰ ਦਾ ਯੋਗਦਾਨ" ਸਿਰਲੇਖ ਲਾਕੇ ਖ਼ਬਰ ਛਾਪੀ। ਇਸ ਖ਼ਬਰ ਵਿਚ ਡੀ ਐਸ ਫੋਰ ਦੀਆਂ ਵੋਟਾਂ ਦੀ ਗਿਣਤੀ ਦੇਕੇ ਕਈ ਅਸੰਬਲੀ ਹਲਕਿਆਂ ਦਾ ਮੁਲਾਂਕਣ ਕੀਤਾ ਗਿਆ ਜਿਹਨਾਂ ਵਿੱਚ ਡੀ ਐਸ ਫੋਰ ਕਾਰਨ ਕਾਂਗਰਸ ਹਾਰੀ।

30 ਅਕਤੂਬਰ ਦੇ ਪੰਜਾਬ ਕੇਸਰੀ ਵਿਚ "ਇੰਕਾ ਕੀ ਸੰਭਾਵਿਤ ਪ੍ਰੇਸ਼ਾਨੀ -- ਡੀ ਐਸ ਫੋਰ" ਦੇ ਸਿਰਲੇਖ ਹੇਠ ਛਪੀ ਇਸ ਖ਼ਬਰ ਵਿਚ ਅਖ਼ਬਾਰ ਨੇ ਮੰਨਿਆਂ ਕਿ "ਭਾਵੇਂ ਡੀ ਐਸ ਫੋਰ ਦਾ ਚੋਣ ਲੜਨ ਦਾ ਪਹਿਲਾ ਮੌਕਾ ਸੀ ਫਿਰ ਵੀ ਇਸ ਨੂੰ ਆਸ ਨਾਲੋਂ ਵੱਧ ਵੋਟਾਂ ਪਈਆਂ। ਇਸ ਅਖ਼ਬਾਰ ਨੇ ਇਕ ਹੋਰ ਗੱਲ ਮੰਨੀ ਕਿ ਜਿਸ ਤੋਂ ਡੀ ਐਸ ਫੋਰ ਦਾ ਵਧੀਆ ਚਰਿਤਰ ਸਾਬਤ ਹੁੰਦਾ ਹੈ। ਅਖ਼ਬਾਰ ਨੇ ਅਖੀਰ ਵਿੱਚ ਇਹ ਕਿ ਲਿਖਿਆ ਇਸ ਵਾਰ ਇਹਨਾਂ ਦੀ ਸੱਭ ਤੋਂ ਵੱਡੀ ਵਿਸ਼ੇਸ਼ਤਾ ਇਹ ਦੇਖੀ ਗਈ ਕਿ ਸਾਰੇ ਉਮੀਦਵਾਰ ਮੈਦਾਨ ਵਿਚ ਡਟੇ ਰਹੇ। ਜਿਸਦਾ ਭਾਵ ਇਹ ਨਿਕਲਦਾ ਹੈ ਕਿ ਵਿਰੋਧੀਆਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਲਾਲਚ ਤੇ ਧਮਕੀਆਂ ਦੇ ਬਾਵਜੂਦ ਇੱਕ ਵੀ ਉਮੀਦਵਾਰ ਹਿੱਲਿਆ ਨਹੀਂ । ਇਹ ਡੀ ਐਸ ਫੋਰ ਦਾ ਚਟਾਨ ਵਰਗਾ ਚਰਿੱਤਰ ਹੀ ਤਾਂ ਹੈ।"

4 ਅਕਤੂਬਰ ਦੇ ਅਜੀਤ ਨੇ ਇਕ ਖ਼ਬਰ ਵਿਚ ਲਿਖਿਆ "ਅਕਾਲੀ ਦਲ ਸਤਾ ਵਿਚ ਆ ਗਿਆ ਹੈ ਤੇ ਵਕਤ ਦੀ ਹਵਾ ਨੇ ਕਾਂਗਰਸ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਭਾਵੇਂ ਵੋਟਰਾਂ ਦੀ ਸੋਚਣੀ ਦਾ ਰੁੱਖ ਹੋਰ ਈ ਸੀ ਪਰ ਇਹ ਗੱਲ ਯਕੀਨਨ ਮੰਨਣੀ ਪਵੇਗੀ ਕਿ ਕਾਂਗਰਸ ਦਾ ਸਫਾਇਆ ਕਰਨ ਲਈ ਨਵੀਂ ਉੱਠੀ ਇੱਕ ਪਾਰਟੀ ਜਿਸ ਨੂੰ ਬਹੁਜਨ ਸਮਾਜ ਪਾਰਟੀ ਜਾਂ ਡੀ ਐਸ ਫੋਰ ਦਾ ਨਾਂ ਵੀ ਦਿੱਤਾ ਜਾਂਦਾ ਹੈ ਨੇ 50 ਫੀਸਦੀ ਹਿੱਸਾ ਪਾਇਆ ਹੈ। ਜਿਹੜੀਆਂ ਵੋਟਾਂ ਪਹਿਲਾਂ ਕਾਂਗਰਸ ਦੀਆਂ ਪੱਕੀਆਂ ਹੁੰਦੀਆਂ ਸਨ ਖਾਸ ਤੌਰ 'ਤੇ ਹਰੀਜਨ ਵੋਟਾਂ ਉਹ ਕਾਂਗਰਸ ਹੱਥੋਂ ਨਿਕਲ ਗਈਆਂ ਹਨ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਪਾਰਟੀ ਨੇ ਕਾਂਗਰਸ ਦਾ ਵੋਟ ਬੈਂਕ ਖੋਹ ਲਿਆ ਹੈ।" ਇਸ ਤਰ੍ਹਾਂ ਉਸ ਵਕਤ ਦੀਆਂ ਹੋਰ ਅਖਬਾਰਾਂ ਨੇ ਵੀ ਟਿੱਪਣੀਆਂ ਕੀਤੀਆਂ। ਇਉਂ ਬਹੁਜਨ ਸਮਾਜ ਪਾਰਟੀ ਨੇ ਆਪਣੀ ਉੱਭਰਦੀ ਤਾਕਤ ਦਾ ਅਹਿਸਾਸ ਕਰਵਾ ਦਿੱਤਾ।

# ਸਿਹਤ ਮੰਤਰੀ ਦੇ ਬਿਆਨ ਦੀ ਕਰੜੇ ਸ਼ਬਦਾਂ 'ਚ ਨਿੰਦਾ

**ਯੂਬਾ ਸਿਟੀ-** ਪੰਜਾਬ ਸਰਕਾਰ ਦੇ ਮੰਤਰੀ ਅੱਜਕਲ੍ਹ ਬੇਹੂਦਾ ਅਤੇ ਬੇਦਲੀਲ ਬਿਆਨ ਦੇ ਰਹੇ ਹਨ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਉਹਨਾਂ ਮੰਤਰੀਆਂ ਨੂੰ ਜਾਂ ਤਾਂ ਕਿਸੇ ਮਹਿਕਮੇ ਤੇ ਉਸਦੇ ਨਿਯਮਾਂ ਤੋਂ ਅਣਖਾਣ ਹਨ, ਵੈਸੇ ਵੀ ਆਮ ਜਿਹੀ ਗੱਲ ਹੈ ਕਿ ਦਸਵੀਂ ਪਾਸ ਜਾਂ ਫੇਲ੍ਹ ਬਣੇ ਮੰਤਰੀ ਨੂੰ ਸਿੱਖਿਆ ਮਹਿਕਮੇ ਜਾਂ ਸਿਹਤ ਮਹਿਕਮੇ ਬਾਰੇ ਕਿੰਨੀ ਕੁ ਜਾਣਕਾਰੀ ਹੋ ਸਕਦੀ ਹੈ। ਪਿਛਲੇ ਦਿਨੀਂ ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ ਵੱਲੋਂ ਅਧਿਆਪਕਾਂ ਬਾਰੇ ਦਿੱਤੇ ਬਿਆਨ 'ਚ ਘਰੇ ਬੈਠੇ ਅਧਿਆਪਕਾਂ ਨੂੰ ਤਨਖਾਹ ਨਹੀਂ ਦਿੱਤੀ ਜਾ ਸਕਦੀ, ਇਸ ਬਿਆਨ ਦੀ ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਸੰਤੋਖ ਸਿੰਘ ਗਿੱਲ ਵੱਲੋਂ ਸਖਤ ਸ਼ਬਦਾਂ 'ਚ ਨਿੰਦਿਆ ਕਰਦਿਆਂ ਹੋਇਆਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਇਹੋ ਜਿਹੇ ਮੰਤਰੀਆਂ ਨੂੰ ਜੋ ਸਿੱਖਿਆ ਵਿਭਾਗ ਦੀ ਅਹਿਮੀਅਤ ਤੋਂ ਅਣਜਾਣ ਹਨ, ਨੂੰ ਇਹੋ ਜਿਹੇ ਬੇਹੂਦਾ ਬਿਆਨ ਦੇਣ ਤੋਂ ਤੁਰੰਤ ਰੋਕਿਆ ਜਾਵੇ। ਉਹਨਾਂ ਅੱਗੇ ਇਹ ਵੀ ਕਿਹਾ ਕਿ ਅਧਿਆਪਕ ਕੋਈ ਸ਼ੌਂਕ ਨੂੰ ਜਾਂ ਜਾਣ-ਬੁੱਝ ਕੇ ਘਰ ਨਹੀਂ ਬੈਠੇ। ਦੁਨੀਆਂ ਭਰ 'ਚ ਫੈਲੀ ਕਰੋਨਾ ਬਿਮਾਰੀ ਕਾਰਨ ਸਰਕਾਰ ਵੱਲੋਂ ਇਸ ਬਿਮਾਰੀ ਦੀ ਰੋਕਥਾਮ ਲਈ ਸਕੂਲ ਬੰਦ ਕੀਤੇ ਹਨ। ਸਿੱਧੂ ਦੇ ਬਿਆਨ ਨੂੰ ਆਧਾਰ ਬਣਾ ਕੇ ਪੰਜਾਬ ਦੇ ਸਾਰੇ ਵਿਧਾਇਕਾਂ/ ਮੰਤਰੀਆਂ ਦੀਆਂ ਤਨਖਾਹਾਂ ਤੇ ਭੱਤੇ ਅਤੇ ਹੋਰ ਸਾਰਿਆਂ ਸਹੂਲਤਾਂ ਬੰਦ ਕਰ ਦਿੱਤੀਆਂ ਜਾਣ ਕਿਉਂਕਿ ਇਸ ਸਮੇਂ ਦੌਰਾਨ ਇਹ ਵਿਹਲੜ ਵੀ ਕੋਈ ਕੰਮ ਨਹੀਂ ਕਰਦੇ। ਗਿੱਲ ਨੇ ਡੀ. ਟੀ. ਐਫ. ਦੀ ਸੂਬਾ ਕਮੇਟੀ ਨੂੰ ਵੀ ਅਪੀਲ ਕੀਤੀ ਕਿ ਇਹੋ ਜਿਹੇ ਮੰਤਰੀਆਂ ਦੀ ਬਿਆਨਬਾਜ਼ੀ ਖਿਲਾਫ ਜ਼ੋਰਦਾਰ ਸੰਘਰਸ਼ ਉਲੀਕਿਆ ਜਾਵੇ।

# ਸੌਰ ਊਰਜਾ ਨਾਲ ਚਲਾਵਾਂਗੇ ਪੰਜਾਬ ਦੀਆਂ ਖੇਤੀ ਮੋਟਰਾਂ: ਮਨਪ੍ਰੀਤ ਬਾਦਲ

**ਚੰਡੀਗੜ੍ਹ-** ਪੰਜਾਬ ਸਰਕਾਰ ਖੇਤੀ ਮੋਟਰਾਂ ਨੂੰ ਇੱਕ ਬਦਲ ਵਜੋਂ ਸੌਰ ਊਰਜਾ ਨਾਲ ਚਲਾਏ ਜਾਣ 'ਤੇ ਵਿਚਾਰ ਕਰਨ ਲੱਗੀ ਹੈ ਤਾਂ ਜੋ ਖੇਤੀ ਸਬਸਿਡੀ ਦੇ ਬੋਝ ਨੂੰ ਹਲਕਾ ਕੀਤਾ ਜਾ ਸਕੇ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅੱਜ ਇਸ ਨਵੀਂ ਤਜਵੀਜ਼ ਦਾ ਖੁਲਾਸਾ ਕਰਦੇ ਹੋਏ ਕਿਹਾ ਕਿ ਪੰਜਾਬ ਭਵਿੱਖ ਸੌਰ ਊਰਜਾ 'ਚੋਂ ਵੇਖ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਜਪਾਨ ਸਰਕਾਰ ਤੋਂ ਵਿੱਤੀ ਮਦਦ ਲੈਣ ਦੀ ਵਿਉਂਤ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੂੰ ਖੇਤੀ ਮੋਟਰਾਂ 'ਤੇ ਸਿੱਧੀ ਸਬਸਿਡੀ ਦੇਣ ਦੇ ਮਾਮਲੇ 'ਚ ਥੋੜ੍ਹਾ ਸਮਾਂ ਪਹਿਲਾਂ ਕਈ ਵਾਰ ਸਫਾਈ ਦੇਣੀ ਪਈ ਹੈ। ਖੇਤੀ ਮੋਟਰਾਂ ਦੀ ਸਬਸਿਡੀ ਸਾਲਾਨਾ ਕਰੀਬ 6500 ਕਰੋੜ ਰੁਪਏ ਬਣਦੀ ਹੈ। ਆਪਣੀ ਰਿਹਾਇਸ਼ 'ਤੇ ਬੁਲਾਈ ਪ੍ਰੈੱਸ ਕਾਨਫਰੰਸ ਵਿਚ ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬ ਵਿਚ 14 ਲੱਖ ਖੇਤੀ ਟਿਊਬਵੈਲਾਂ ਨੂੰ ਸੌਰ ਊਰਜਾ 'ਤੇ ਚਲਾਉਣ ਲਈ ਕਰੀਬ 80 ਹਜ਼ਾਰ ਕਰੋੜ ਰੁਪਏ ਦੀ ਲੋੜ ਪੈਣੀ ਹੈ ਜੋ ਪੰਜਾਬ ਸਰਕਾਰ ਦੇ ਵੱਸ ਦਾ ਰੋਗ ਨਹੀਂ। ਵਿਸ਼ਵ ਬੈਂਕ ਜਾਂ ਹੋਰ ਕੌਮਾਂਤਰੀ ਅਦਾਰੇ ਦੀ ਮਦਦ ਨਾਲ ਇਹ ਸੰਭਵ ਹੋ ਸਕਦਾ ਹੈ। ਖ਼ਜ਼ਾਨਾ ਮੰਤਰੀ ਨੇ ਕਿਹਾ ਕਿ ਮੁੱਢਲੇ ਪੜਾਅ 'ਤੇ ਇੱਕ ਜ਼ਿਲ੍ਹੇ ਦੀਆਂ ਖੇਤੀ ਮੋਟਰਾਂ ਨੂੰ ਸੌਰ ਊਰਜਾ 'ਤੇ ਚਲਾਏ



ਜਾਣ ਦਾ ਤਜਰਬਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਖੇਤੀ ਟਿਊਬਵੈਲ ਪੂਰੇ ਸਾਲ 'ਚ ਸਿਰਫ਼ ਸੌ ਦਿਨ ਚੱਲਦੇ ਹਨ। ਬਾਕੀ ਦਿਨ ਸੌਰ ਊਰਜਾ ਨੂੰ ਹੋਰ ਪਾਸੇ ਵੀ ਵਰਤਿਆ ਜਾ ਸਕਦਾ ਹੈ। ਮਨਪ੍ਰੀਤ ਬਾਦਲ ਨੇ ਇਹ ਵੀ ਕਿਹਾ ਕਿ ਸਟੇਟ ਕਿਸਾਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅਗਲੇ ਮੌਨਸੂਨ ਸੈਸ਼ਨ ਵਿਚ ਲਿਆਂਦਾ ਜਾ ਰਿਹਾ ਹੈ ਜਿਸ ਵਿਚ 10 ਏਕੜ ਤੋਂ ਵੱਧ ਵਾਲੇ ਕਿਸਾਨਾਂ ਨੂੰ ਖੇਤੀ ਮੋਟਰਾਂ 'ਤੇ ਸਬਸਿਡੀ ਦਿੱਤੇ ਜਾਂ ਨਾ ਦਿੱਤੇ ਜਾਣ ਬਾਰੇ ਚਰਚਾ ਹੋਵੇਗੀ। ਮਨਪ੍ਰੀਤ ਨੇ ਕਿਹਾ ਕਿ ਬਿਜਲੀ ਸਮਝੌਤਿਆਂ ਬਾਰੇ ਵਾਈਟ ਪੇਪਰ ਵੀ ਅਗਲੇ ਮੌਨਸੂਨ ਸੈਸ਼ਨ ਵਿਚ ਆਵੇਗਾ ਜਿਸ ਵਿਚ ਸਮਝੌਤਿਆਂ ਵਿਚਲੇ ਫਿਕਸਡ ਚਾਰਜਿਜ਼ 'ਤੇ ਚਰਚਾ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਵਾੜਾ ਕੋਲਾ ਖਾਣ ਕੇਂਦਰ ਨੇ ਪੰਜਾਬ ਤੋਂ ਵਾਪਸ ਲੈ ਲਈ ਹੈ ਜਿਸ ਦੇ ਖ਼ਿਲਾਫ਼ ਸਰਕਾਰ ਸੁਪਰੀਮ ਕੋਰਟ ਵਿਚ ਗਈ ਹੈ। ਸ਼ਾਹਪੁਰ ਕੰਢੀ ਪ੍ਰੋਜੈਕਟ ਦਾ ਕੰਮ ਕੋਵਿਡ ਕਰਕੇ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ ਕਿ ਤਸੱਲੀ ਇਸ ਗੱਲ ਦੀ ਹੈ ਕਿ ਕੋਵਿਡ ਦੌਰਾਨ ਪੰਜਾਬ ਸਰਕਾਰ ਵੱਲੋਂ ਤਨਖਾਹਾਂ, ਪੈਨਸ਼ਨਾਂ, ਬੁਢਾਪਾ ਪੈਨਸ਼ਨਾਂ ਅਤੇ ਬਿਜਲੀ ਸਬਸਿਡੀ ਨੂੰ ਰੈਗੂਲਰ ਦਿੱਤਾ ਜਾ ਰਿਹਾ ਹੈ।

# ਗਿਆਨੀ ਮੇਵਾ ਸਿੰਘ ਜੀ ਨਾਲ ਹੋਈ ਮੇਰੀ ਅਚਨਚੇਤੀ ਮੁਲਾਕਾਤ



ਲਾਲ ਸਿੰਘ ਸੁਲਹਾਣੀ
91-98721-55120

ਬਹੁਜਨ ਸਮਾਜ ਪਾਰਟੀ ਦੀਆਂ ਗਤੀਵਿਧੀਆਂ ਦੇ ਸਿਲਸਿਲੇ ਵਿੱਚ ਮੈਂ ਕਈ ਦਿਨਾਂ ਤੋਂ ਤਲਵੰਡੀ ਸਾਬੋ ਇਲਾਕੇ ਵਿੱਚ ਸਾਂ। ਰਾਤ ਨੂੰ ਘੁੰਮ ਘੁਮਾ ਕੇ ਮੈਂ ਜਗਦੀਪ ਸਿੰਘ ਗੋਗੀ ਸਰਪੰਚ ਜੋ ਬਹੁਜਨ ਸਮਾਜ ਪਾਰਟੀ ਦਾ ਸਮਰਪਿਤ , ਸਿਰੜੀ ਤੇ ਮਿਹਨਤੀ ਆਗੂ ਵਜੋਂ ਚਰਚਿਤ ਸੀ ਪਾਸ ਆ ਠਹਿਰਦਾ ਸੀ। ਉਹਦਾ ਪੂਰਾ ਪਰਿਵਾਰ ਕਾਂਸ਼ੀ ਰਾਮ ਸਾਹਿਬ ਦਾ ਅਨਿੰਨ ਭਗਤ ਸੀ ਤੇ ਉਸਦੇ ਪੁਰਾਤਨ ਗੁਰਸਿੱਖਾਂ ਵਰਗੀ ਦਿੱਖ ਵਾਲੇ ਮਿਹਨਤੀ ਬਾਪ ਨੇ ਆਪਣੀ ਪੁਸ਼ਤੈਨੀ ਜਾਇਦਾਦ ਵਿਚੋਂ ਇਕ ਏਕੜ ਜ਼ਮੀਨ ਸਾਹਿਬ ਦੇ ਨਾਂ ਅਰਪਣ ਕਰ ਰੱਖੀ ਸੀ। ਉਹ ਖੁਦ ਵੀ ਲੰਮਾ ਸਮਾਂ ਤਲਵੰਡੀ ਸਾਬੋ ਦਾ ਸਰਪੰਚ ਰਹਿ ਚੁਕਾ ਸੀ। ਚਰਚਾ ਹੈ ਕਿ ਗੋਗੀ 1992 ਦੀ ਆਮ ਚੋਣ ਵਿੱਚ ਤਲਵੰਡੀ ਸਾਬੋ ਅਸੰਬਲੀ ਹਲਕੇ ਤੋਂ ਚੋਣ ਜਿੱਤ ਤਾਂ ਗਿਆ ਸੀ ਪਰ ਪੰਜ ਗਰਾਈਂ ,ਫਿਰੋਜ਼ਪੁਰ ਸ਼ਹਿਰ ਤੇ ਹੋਰ ਕਈ ਅਸੰਬਲੀ ਹਲਕਿਆਂ ਵਾਂਗ ਉਸਨੂੰ ਵੀ ਕਾਂਗਰਸ ਪਾਰਟੀ ਵੱਲੋਂ ਧੱਕੇ ਸ਼ਾਹੀ ਹਾਰਿਆ ਹੋਇਆ ਐਲਾਨ ਕਰ ਦਿੱਤਾ ਗਿਆ ਸੀ।

ਇਕ ਸਤੰਬਰ 1993 ਨੂੰ ਮੈਂ ਬਾਅਦ ਦੁਪਹਿਰ ਤਖਤ ਤੇ ਨਤਮਸਤਕ ਹੋਣ ਦਾ ਪ੍ਰੋਗਰਾਮ ਬਣਾ ਲਿਆ। ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨਾਲ ਸਬੰਧਤ ਸਮਾਗਮ ਹੋ ਰਹੇ ਸਨ ਤੇ ਮੈਨੂੰ ਪਤਾ ਲੱਗਾ ਸੀ ਕਿ ਇਹਨਾਂ ਸਮਾਗਮਾਂ ਦੀ ਹਾਜ਼ਰੀ ਭਰਨ ਪ੍ਰੋਫੈਸਰ ਮਨਜੀਤ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਤੇ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੀ ਪੁੱਜੇ ਹਨ। ਮੈਂ ਉਨ੍ਹਾਂ ਦੇ ਦਰਸ਼ਨ ਵੀ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਮੇਰੇ ਹਮ- ਜਮਾਤੀ ਰਹਿ ਚੁੱਕੇ ਸਨ। ਮੈਂ ਸੋਚਿਆ ਅੱਜ ਸਬੱਬ ਨਾਲ ਉਹਨਾਂ ਨਾਲ ਮੇਲ ਮਿਲਾਪ ਹੋ ਜਾਵੇਗਾ ਤੇ ਬਚਪਨ ਦੀਆਂ ਯਾਦਾਂ ਵੀ ਤਾਜ਼ਾ ਹੋ ਜਾਣਗੀਆਂ। ਤਖਤ ਤੋਂ ਨਤਮਸਤਕ ਹੋਕੇ ਬਾਹਰ ਨਿਕਲਦਿਆਂ ਮੈਂ ਸੇਵਾਦਾਰ ਤੋਂ ਉਹਨਾਂ ਬਾਰੇ ਪੁੱਛਿਆ ਤਾਂ ਉਹਨੇ ਇਸ਼ਾਰਾ ਕਰਦਿਆਂ ਦੱਸਿਆ ਕਿ ਉਹ ਹੁਣੇ ਹੀ ਏਥੋਂ ਰਵਾਨਾ ਹੋਏ ਹਨ ਤੇ ਉਨ੍ਹਾਂ ਦੀ ਗੱਡੀ ਔਹ ਜਾ ਰਹੀ ਹੈ। ਥੋੜ੍ਹੀ ਮਾਯੂਸੀ ਤੋਂ ਬਾਅਦ ਮੈਂ ਪੁੱਛਿਆ ਕਿ --
" ਹੋਰ ਵਿਦਵਾਨ ਸੱਜਣ ਕੌਣ ਨੇ ਏਥੇ?"

"ਗਿਆਨੀ ਮੇਵਾ ਸਿੰਘ ਜੀ ਹਨ ਜੀ"- ਸੇਵਾਦਰ ਨੇ ਦੱਸਿਆ।

"ਮੈਂ ਦਰਸ਼ਨ ਕਰਨੇ ਚਾਹੁੰਦਾ ਆਂ ਕੀ ਤੁਸੀ ਮਿਲਾ ਸਕੋਗੇ"?- ਮੈਂ ਆਖਿਆ।

"ਹਾਂ ਜੀ, ਕਿਉਂ ਨਹੀਂ " ਤੇ ਉਹ ਗੁਰਮੁਖ ਸੱਜਣ ਸਾਨੂੰ ਗਿਆਨੀ ਮੇਵਾ ਸਿੰਘ ਜੀ ਦੀ ਰਿਹਾਇਸ਼ ਵਾਲੇ ਕਮਰੇ ਤੱਕ ਲੈ ਆਇਆ। ਮੈਂ ਫਤਿਹ ਸਾਂਝੀ ਕਰਕੇ ਗਿਆਨੀ ਜੀ ਨੂੰ ਆਪਣੀ ਪਹਿਚਾਣ ਤੇ ਮਿਲਣ ਦਾ ਪ੍ਰਯੋਜਨ ਦੱਸਿਆ। ਮੈਂ ਆਪਣਾ ਨਾਮ ਦੱਸਦਿਆਂ ਆਖਿਆ ਕਿ ਮੈਂ ਬਹੁਜਨ ਸਮਾਜ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਹਾਂ। ਮੈਨੂੰ ਸੂਚਨਾ ਮਿਲੀ ਸੀ ਕਿ ਉਹ ਸ. ਗੁਰਨਾਮ ਸਿੰਘ ਮੁਕਤਸਰ ਦੀ ਲਿਖੀ ਹੋਈ ਪੁਸਤਕ "ਭਾਰਤੀ ਲੋਕ ਨੀਚ ਕਿਵੇਂ ਬਣੇ " ਨੂੰ ਅਕਸਰ ਹੀ ਸੁਣਦੇ ਰਹਿੰਦੇ ਹਨ। ਗਿਆਨੀ ਮੇਵਾ ਸਿੰਘ ਭਾਰੀ ਭਰਕਮ ਦੇਹ ਵਾਲੇ ਕੱਦਾਵਰ, ਸੂਰਮੇ (ਨੇਤਰਹੀਣ ) ਵਿਦਵਾਨ ਕਥਾ-ਵਾਚਕ ਸਨ। ਉਸ ਸਮੇਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਸਨ। ਉਹ ਸਾਲ 1983 ਚ ਫਿਰੋਜ਼ਪੁਰ ਫੌਜੀ ਛਾਉਣੀ ਲਾਗੇ ਬਣੇ ਇਕ ਗੁਰਦੁਆਰਾ ਜਿਸ ਨੂੰ ਸੰਤ ਗੁਰਦਾਸ ਸਿੰਘ ਨੇ ਤਾਮੀਰ ਕਰਵਾਇਆ ਸੀ ਵਿਖੇ ਧਰਮ ਪ੍ਰਚਾਰ ਲਈ ਪੁਜੇ ਸਨ। ਸੰਤ ਵੱਲੋਂ ਰੱਖੇ ਗਏ ਅੰਤਮ ਸਮਾਗਮ ਸਮੇਂ ਅੰਮ੍ਰਿਤ ਸੰਚਾਰ ਵੀ ਹੋਇਆ ਸੀ। ਸੰਤ ਗੁਰਦਾਸ ਸਿੰਘ ਬੜਾ ਖੂਬ-ਸੂਰਤ, ਲੰਮਾ ਲੰਵਾਂ, ਗੋਰਾ ਨਿਛੋਹ, ਸੋਹਣਾ ਸੁਣੱਖਾ ਤੇ ਸਜੋਲ ਨੌਜਵਾਨ ਸੀ। ਜੋ ਖੁਲ੍ਹੀ ਜੀਪ ਤੇ ਆਪਣੇ ਨਾਲ ਹਮੇਸ਼ਾ ਚਾਰ ਪੰਜ ਸੁੰਦਰ ਬੀਬੀਆਂ ਰੱਖਣ ਲਈ ਚਰਚਿਤ ਸੀ। ਉਹਨੇ ਇਕ ਭੋਰਾ ਵੀ ਬਣਾਇਆ ਹੋਇਆ ਸੀ। ਗਿਆਨੀ ਮੇਵਾ ਸਿੰਘ ਉਸ ਸਮਾਗਮ ਦੀ ਤਿਆਰੀ ਲਈ 8- 10.ਪਹਿਲਾਂ ਪੁਜ ਕੇ ਫਿਰੋਜ਼ਪੁਰ ਦੇ ਆਲੇ ਦੁਆਲੇ ਇਲਾਕਿਆਂ ਵਿਚ ਰੋ-ਜਾਨਾ ਕਥਾ, ਕੀਰਤਨ ਦੇ ਸਮਾਗਮ ਕਰਕੇ ਸੰਗਤਾਂ ਨੂੰ ਮਿੱਥੇ ਪ੍ਰੋਗਰਾਮ ਵਿੱਚ ਪੁਜਣ ਲਈ ਪ੍ਰੇਰਿਤ ਕਰਦੇ ਰਹੇ ਸਨ। ਅੰਮ੍ਰਿਤ ਸੰਚਾਰ ਲਈ ਗਿਆਨੀ ਕਿਰਪਾਲ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੇ ਹੋਰ ਸਿੰਘ ਸਾਹਿਬਾਨ ਪੁੱਜੇ ਸਨ। ਅੰਮ੍ਰਿਤ ਸੰਚਾਰ ਤੋਂ ਬਾਅਦ ਤੇ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਵਿਸ਼ਰਾਮ ਵਾਲੇ ਕਮਰੇ ਵਿੱਚ ਨਸੀਬ ਸਿੰਘ ਗਿੱਲ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਤੇ ਸੀਨੀਅਰ ਕਾਂਗਰਸੀ ਆਗੂ ਵੀ ਮੌਜੂਦ ਸੀ ਜੋ ਸੰਤ ਦਾ ਚੰਗਾ ਸ਼ਰਧਾਲੂ ਸੀ।

"ਕੀ ਬੀਬੀ ਇੰਦਰਾ ਨਾਲ ਜੋ ਗੱਲਬਾਤ, ਵਾਰਤਾਲਾਪ ਤੇ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਐ ਇਸ ਦਾ ਕੋਈ ਸਾਰਥਕ ਨਤੀਜਾ ਨਿਕਲੂਗਾ, ਗਿਲ ਸਾਬ੍ਹ"-- ਗਿਆਨੀ ਕਿਰਪਾਲ ਸਿੰਘ ਨੇ ਪੁੱਛਿਆ।

"ਨਹੀਂ, ਬਿਲਕੁਲ ਨਹੀਂ, ਕੋਈ ਨਤੀਜਾ ਨਹੀਂ ਨਿਕਲੇਗਾ"- ਗਿੱਲ ਨੇ ਬੇਬਾਕ ਦੋ ਟੁੱਕ ਆਖਿਆ।

"ਕਿਉਂ?" - ਸਿੰਘ ਸਾਹਿਬ ਨੇ ਹੈਰਾਨੀ ਨਾਲ ਪੁੱਛਿਆ । ਸਾਰੇ ਸਵਾਲੀਆ ਨਜ਼ਰਾਂ ਨਾਲ ਗਿੱਲ ਵੱਲ ਵੇਖਣ ਲੱਗੇ। "ਕਿਉਂਕਿ ਸਿੱਖਾਂ ਦੇ ਬੀਬੀ ਨਾਲ ਵਾਰਤਾਲਾਪ ਕਰਨ ਵਾਲੇ ਪ੍ਰਤੀਨਿਧ ਮੰਡਲ ਵਿੱਚ ਇਕ ਵੀ ਅਕਾਲੀ ਫੂਲਾ ਸਿੰਘ ਜਾਂ ਬਾਬਾ ਖੜਕ ਸਿੰਘ ਨਹੀਂ। " ਗਿੱਲ ਕਹਿਣ ਲੱਗਾ।

ਇਹ ਤਾਂ ਠੀਕ ਐ ਪਰ ਸਾਰੇ ਬੜੇ ਪੜ੍ਹੇ ਲਿਖੇ ਸੁਲਝੇ ਹੋਏ ਤੇ ਸਿਆਣੇ ਸੱਜਣ ਹਨ ਸਿੰਘ ਸਾਹਿਬ ਕਹਿਣ ਲੱਗੇ। "ਸਰਦਾਰ ਸੁਰਜੀਤ ਸਿੰਘ ਬਰਨਾਲਾ ਬਹੁਤ ਸਾਊ ਹਨ ਤੇ ਬਹੁਤੇ ਈ ਸਾਊ ਹਨ।

ਸ. ਬਲਵੰਤ ਸਿੰਘ ਇਕ ਵਪਾਰੀ ਹਨ ਤੇ ਉਨ੍ਹਾਂ ਨੇ ਆਪਣਾ ਮੁਨਾਫਾ ਦੇਖਣਾ ਐ। ਤੇ ਤੁਹਾਡਾ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਿਰਾ ਸੰਤ ਐ।

ਬੀਬੀ ਨਾਲ ਗੱਲਬਾਤ ਕਰਨ ਵਾਲਿਆਂ ਵਿੱਚ ਇਕ ਅਜਿਹਾ ਸਖਸ਼ ਚਾਹੀਦਾ ਐ ਜਿਹੜਾ ਬੇਸ਼ੱਕ ਬੋਲੇ ਭਾਵੇਂ ਕੁਝ ਨਾ ਪਰ ਚੱਲਦੀ ਗੱਲ ਬਾਤ 'ਚ ਦੋ ਚਾਰ ਵਾਰ ਕਿਰਪਾਨ ਦੇ ਮੁੱਠੇ ਤੇ ਹੱਥ ਰੱਖਕੇ ਕਹੇ ਕਿ ਚਲੋ! ਚਲੋ ਸਿੰਘੋ!! ਇਸ ਗੱਲਬਾਤ ਦਾ ਕੋਈ ਫਾਇਦਾ ਨਹੀਂ। ਜੋ ਮੈਡਮ ਨੂੰ ਆਪਣੇ ਤੇਜਸਵੀ ਚਿਹਰੇ ਨਾਲ ਭੈਅ ਭੀਤ ਜਾਂ ਪ੍ਰਭਾਵਿਤ ਕਰ ਸਕੇ। ਆਕਾਲੀਆਂ ਦੇ ਡੈਪੂਟੇਸ਼ਨ ਵਿਚ ਇਕ ਵੀ ਅਜਿਹਾ ਆਗੂ ਨਹੀਂ " ਗਿੱਲ ਨੇ ਆਖਿਆ ਤੇ ਗੱਲ ਹਾਸੇ ਠੱਠੇ 'ਚ ਖਤਮ ਹੋ ਗਈ।

ਸਮਾਗਮ ਦੀ ਸਮਾਪਤੀ ਤੇ ਗਿਆਨੀ ਮੇਵਾ ਸਿੰਘ ਨੂੰ ਸਿਰੋਪਾ ਦੇਣ ਦਾ ਐਲਾਨ ਸਟੇਜ ਸਕੱਤਰ ਨਸੀਬ ਸਿੰਘ ਗਿੱਲ ਵਲੋਂ ਸਮਾਗਮ ਦੀ ਕਾਮਯਾਬੀ ਲਈ ਪਾਏ ਯੋਗਦਾਨ ਬਾਰੇ ਦੱਸਦਿਆਂ ਕੀਤਾ ਗਿਆ। ਸਾਰੇ ਸਿੰਘ ਸਾਹਿਬਾਨ ਸਟੇਜ ਤੇ ਬਿਰਾਜਮਾਨ ਸਨ। ਸਿਰੋਪਾ ਗਲ਼ ਚ ਪਵਾਉਣ ਤੋਂ ਬਾਅਦ ਗਿਆਨੀ ਮੇਵਾ ਸਿੰਘ ਨੇ ਦੋ ਸ਼ਬਦ ਸਾਂਝੇ ਕਰਨ ਦੀ ਇੱਛਾ ਪ੍ਰਗਟਾਈ। ਮਾਈਕ ਸੰਭਾਲਦਿਆਂ ਫਤਿਹ ਬੁਲਾਕੇ ਅੰਮ੍ਰਿਤ ਛੱਕ ਕੇ ਆਏ ਵਿਅਕਤੀਆਂ ਨੂੰ ਵਧਾਈ ਦਿੱਤੀ ਤੇ ਅਖਿਆ ਕਿ "ਬਾਬਾ ਗੁਰਦਾਸ ਸਿੰਘ ਨੇ ਗੁਰਮਤਿ ਸਮਾਗਮ ਕਰਕੇ ਵਧੀਆ ਕਾਰਜ ਕੀਤਾ ਹੈ। ਪਰ ਪਿਛਲੇ ਦਿਨੀਂ ਮੈਂ ਏਥੇ ਬਹੁਤ ਮਨਮੱਤਾਂ ਵੇਖੀਆਂ ਹਨ। ਉਹ ਨਹੀਂ ਹੋਣੀਆਂ ਚਾਹੀਦੀਆਂ।

ਬਾਬਾ ਜੀ ਨੇ ਏਥੇ ਇਕ ਭੋਰਾ ਬਣਵਾਇਆ ਐ ਜਿਸ ਨੂੰ ਭੋਰਾ ਸਾਹਿਬ ਲਿਖਿਆ ਹੈ ਤੇ ਇਉਂ ਪ੍ਰਚਾਰਿਆ ਜਾ ਰਿਹਾ ਹੈ ਜਿਵੇਂ ਇਹ ਕੋਈ ਇਤਿਹਾਸਕ ਸਥਾਨ ਹੋਵੇ"-- ਫਤਹਿ ਬੁਲਾ ਕੇ ਜਿਉਂ ਹੀ ਗਿਆਨੀ ਜੀ ਬੈਠੇ ਸਟੇਜ ਸਕੱਤਰ ਗਿੱਲ ਨੇ ਗੱਲ ਕੱਟਦਿਆਂ ਕਿਹਾ ਕਿ- "ਇਥੇ ਇਕ ਸੌ ਇਕ ਅਖੰਡ ਪਾਠ ਕੀਤੇ ਗਏ ਹਨ ਇਸ ਲਈ ਇਹ ਵੀ ਇਤਿਹਾਸਕ ਸਥਾਨ ਹੀ ਐ ।ਇਤਿਹਾਸ ਚੱਲਦਾ ਰਹਿੰਦਾ ਐ।"

ਮੈਂ ਸੰਗਤ ਵਿਚ ਬੈਠਾ ਸੀ ਉੱਠ ਕੇ ਇਤਰਾਜ਼ ਕਰ ਦਿੱਤਾ ਕਿ "ਇਹ ਜਗ੍ਹਾ ਇਤਿਹਾਸਕ ਨਹੀਂ ਹੈ। ਇਸ ਜ਼ਬਰਦਸਤੀ ਇਤਿਹਾਸਕ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਐ ਸਤਿਕਾਰਯੋਗ ਸਿੰਘ ਸਾਹਿਬਾਨ ਸੰਗਤ ਨੂੰ ਸਪੱਸ਼ਟ ਕਰਕੇ ਜਾਣ ਕਿ ਕੀ ਇਹ ਇਤਿਹਾਸਕ ਸਥਾਨ ਹੈ ਜਾਂ ਨਹੀਂ?"

"ਕੀ ਕੇਵਲ 101 ਅਖੰਡਪਾਠਾਂ ਕਰਨ ਨਾਲ ਹੀ ਕੋਈ ਸਥਾਨ ਇਤਿਹਾਸਕ ਹੋ ਜਾਂਦਾ ਐ?"

ਮੇਰੇ ਇਸ ਸੁਆਲ 'ਤੇ ਸੰਗਤ ਵਿੱਚ ਕਾਫੀ ਰੌਲਾ ਪੈ ਗਿਆ ਕਿ- ਇਹ ਜਗ੍ਹਾ ਇਤਿਹਾਸਕ ਕਿਵੇਂ ਹੋ ਗਈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਉੱਠੇ ਉਹਨਾਂ ਨੇ ਬੜੇ ਠਰ੍ਹਮੇ ਤੇ ਭਾਵਪੂਰਤ ਸ਼ਬਦਾਂ ਰਾਹੀਂ ਗਿੱਲ ਦੀ ਗੱਲ ਦਾ ਖੰਡਨ ਕਰ ਦਿੱਤਾ ਤੇ ਦੱਸਿਆ ਕਿ ਏਥੋਂ ਚਾਰ ਕੁ ਕਿਲੋਮੀਟਰ ਦੂਰ ਗੁਰਦੁਆਰਾ ਗੁਰੂਸਰ ਬਜੀਦਪੁਰ ਤਾਂ ਇਤਿਹਾਸਕ ਸਥਾਨ ਹੈ। ਜਿਥੇ ਸਾਹਿਬ ਇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਬਾਰਕ ਕਦਮ ਰੱਖੇ ਪਰ ਇਹ ਸਥਾਨ ਇਤਿਹਾਸਕ ਨਹੀਂ ਐ। .ਸੰਗਤ ਸ਼ਾਂਤ ਹੋ ਗਈ।

ਮੈਂ ਗਿਆਨੀ ਮੇਵਾ ਸਿੰਘ ਜੀ ਨੂੰ ਉਪਰੋਕਤ ਬਿਰਤਾਂਤ ਦਾ ਹਵਾਲਾ ਦਿੰਦਿਆਂ ਆਪਣੀ ਪਹਿਚਾਣ ਕਰਵਾਈ। "ਸਮਾਗਮਾਂ ਦੇ ਰੁਝੇਵਿਆਂ ਕਾਰਨ ਮੈਂ ਬਹੁਤ ਥੱਕਿਆ ਹਾਂ ਜੇ ਇਤਰਾਜ਼ ਨਹੀਂ ਤਾਂ ਮੈਂ ਲੇਟਿਆ ਲੇਟਿਆ ਈ ਗੱਲ ਬਾਤ ਕਰ ਲਵਾਂ"- ਉਹ ਕਹਿਣ ਲੱਗੇ।

ਕੋਈ ਇਤਰਾਜ਼ ਨਹੀਂ ਜੀ-- ਮੈਂ ਆਖਿਆ।

ਅਸੀਂ ਉਹਨਾਂ ਦੇ ਬੈਡ ਦੇ ਆਸ ਪਾਸ ਕੁਰਸੀਆਂ ਤੇ ਬੈਠ ਗਏ। ਮੈਂ ਗਿਆਨੀ ਜੀ ਨੂੰ ਆਖਿਆ ਛੋਟਾ ਮੂੰਹ ਵੱਡੀ ਗੱਲ ਕਰਨ ਲੱਗਾ ਹਾਂ ਜੀ। ਤੁਸੀ ਧਰਮ ਪਰਚਾਰ ਕਮੇਟੀ ਦੇ ਇੰਚਾਰਜ ਓ, ਤੁਹਾਡੇ ਪਾਸ ਕਰੋੜਾਂ ਰੁਪਈਆਂ ਦਾ ਬਜਟ ਐ, ਸੈਂਕੜੇ ਪ੍ਰਚਾਰਕ, ਰਾਗੀ,. ਢਾਡੀ , ਕਵੀਸ਼ਰੀ ਜਥੇ ਤੇ ਹੋਰ ਬਥੇਰੇ ਸਾਧਨ ਹਨ, ਸਿੱਖ ਧਰਮ ਦੇ ਵਿਸਥਾਰ ਲਈ। ਪਰ ਮੇਰੀ ਤੁੱਛ ਜਾਣਕਰੀ ਅਨੁਸਾਰ ਸਿੱਖ ਧਰਮ ਵਧਣ ਫੁੱਲਣ ਦੀ ਬਜਾਏ ਸੁੰਗੜਦਾ ਜਾ ਰਿਹਾ ਐ। ਗੁਰਮਤਿ ਪ੍ਰਕਾਸ਼ ਵਿਚ ਛਪੀਆਂ ਧਾਰਮਿਕ ਸਰਗਰਮੀਆਂ ਮੈਂ ਦੇਖਦਾ ਰਹਿੰਦਾ ਆਂ। ਇਕ ਸੌ ਇਕ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਦੋ ਸੌ ਪ੍ਰਾਣੀ ਗੁਰੂ ਵਾਲੇ ਬਣੇ। ਪੰਜ ਸੌ ਤੱਕ ਤਾਂ ਗਿਣਤੀ ਕਦੇ ਕਦਾਈਂ ਪਹੁੰਚਦੀ ਐ। ਹਜ਼ਾਰਾਂ ਤੱਕ ਤਾਂ ਬਹੁਤ ਈ ਦੂਰ ਦੀ ਗੱਲ ਹੈ। ਮੇਰੀ ਸਮਝ ਅਨੁਸਾਰ ਅਸੀਂ ਸਿੱਖਾਂ ਨੂੰ ਹੀ ਸਿੱਖ ਬਣਾ ਰਹੇ ਆਂ। ਗੈਰ ਧਰਮੀ ਤਾਂ ਤਾਂ ਸਾਡੇ ਧਰਮ ਵਿੱਚ ਸ਼ਮੂਲੀਅਤ ਕਰ ਨਹੀਂ ਰਹੇ। ਸਗੋਂ ਸਾਡੇ ਵਿਚੋਂ ਤੇਜੀ ਨਾਲ ਈਸਾਈ, ਰਾਧਾ ਸੁਆਮੀ, ਸੱਚੇ ਸੌਦੇ ਤੇ ਦੂਸਰੇ ਡੇਰੇਦਾਰਾਂ ਦੇ ਅਨੁਆਈ ਜਰੂਰ ਬਣ ਰਹੇ ਹਨ। ਗਿਆਨੀ ਜੀ ਇਕ ਦਮ ਬੁੱੜਕ ਕੇ ਉਠੇ ਤੇ ਚੌਕੜਾ ਮਾਰਕੇ ਬੈਹ ਗਏ ਤੇ ਮੇਰੇ ਵੱਲ ਕੰਨ ਕਰਕੇ ਮੇਰੀ ਗੱਲ ਗਹੁ ਨਾਲ ਸੁਣਨ ਲੱਗ ਪਏ।

"ਸਿੱਖ ਧਰਮ ਵੱਧ ਫੁਲ ਕਿਉਂ ਨਹੀਂ ਰਿਹਾ , ਦਿਨੋਂ ਦਿਨ ਸੀਮਤ ਕਿਉਂ ਹੋਈ ਜਾਂਦਾ ਐ , ਜਦੋਂ ਕਿ ਇਹ ਨਵੀਨ ਤੇ ਵਿਗਿਆਨਕ ਧਰਮ ਹੈ?" - ਮੈਂ ਪੁੱਛਿਆ।

ਗਿਆਨੀ ਜੀ ਕਹਿਣ ਲੱਗੇ- ਹਿੰਦੂਤਵੀ,ਕਾਂਗਰਸ ਸਰਕਾਰ ਡੇਰਾਵਾਦ ਨੂੰ ਸ਼ਹਿ ਦੇ ਰਹੀ ਐ। ਜੋ ਸਿੱਖ ਧਰਮ ਨੂੰ ਢਾਹ ਲਾਉਣ ਦਾ ਸਬੱਬ ਬਣ ਰਹੇ ਹਨ। ਨੌਜਵਾਨ ਪੀੜ੍ਹੀ ਫੈਸ਼ਨ ਪ੍ਰਸਤ ਹੋ ਰਹੀ ਐ। ਲੋਕ ਪਦਾਰਥਾਂ ਦੀ ਦੌੜ 'ਚ ਗਲਤਾਨ ਹਨ। ਨਾਸਤਿਕ ਕਾਮਰੇਡਾਂ ਦਾ ਪ੍ਰਚਾਰ ਵੀ ਸਿੱਖ ਨੌਜਵਾਨਾਂ ਨੂੰ ਗੁੰਮਰਾਹ ਕਰ ਰਿਹਾ ਐ ਆਦਿ ਆਦਿ।

ਤੁਹਾਡੇ ਗਿਣਾਏ ਕਾਰਨ ਵੀ ਸਿੱਖ ਧਰਮ ਦੇ ਵਾਧੇ ਵਿੱਚ ਰੁਕਾਵਟ ਦਾ ਸਬੱਬ ਹੋ ਸਕਦੇ ਹਨ। ਪਰ ਮੇਰੀ ਤੁੱਛ ਬੁੱਧੀ ਅਨੁਸਾਰ ਸਿੱਖ ਸਮਾਜ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਤੋਂ ਖਿੜਕ ਗਿਆ ਹੈ, ਉਹ ਗੁਰੂ ਦਾ ਸਿੱਖ ਬਣਨ ਦੀ ਬਜਾਏ ਮਨੂੰ ਦਾ ਸਿੱਖ ਅਖਵਾਉਣ ਵਿਚ ਮਾਣ ਮਹਿਸੂਸ ਕਰਦਾ ਹੈ ।

ਗਿਆਨੀ ਜੀ ਆਖਣ ਲੱਗੇ-- ਕਿਵੇਂ ?

ਮੈਂ ਆਖਿਆ ਜੀ ਮੇਰੀ ਜਾਣਕਾਰੀ ਮੁਤਾਬਿਕ ਸਿੱਖ ਧਰਮ ਦੀ ਬੁਨਿਆਦ ਵਰਨ- ਵੰਡ, ਊਚ -ਨੀਚ , ਛੂਤ -ਛਾਤ ਤੇ ਜਾਤ -ਪਾਤ ਦੇ ਖਿਲਾਫ ਰੱਖੀ ਗਈ ਸੀ । ਨੀਚਾਂ ਵਿਚੋਂ ਵੀ ਅਤਿ ਨੀਚ ਗਰਦਾਨੇ ਗਏ ਬੰਦਿਆਂ ਨੂੰ ਭਾਈ ਆਖਕੇ ਗਲ਼ ਲਾਇਆ ਗਿਆ ਸੀ। ਵੱਡੇ ਅਖਵਾਉਣ ਵਾਲਿਆਂ ਨਾਲੋਂ ਡੰਕੇ ਦੀ ਚੋਟ ਤੇ ਸਾਂਝ ਤੋੜਨ ਦਾ ਐਲਾਨਨਾਮਾ ਜਾਰੀ ਕਰ ਦਿੱਤਾ ਗਿਆ ਸੀ। ਸਮਾਜ ਦੇ ਦੁਰਕਾਰੇ ਤੇ ਤ੍ਰਿਸਕਾਰੇ ਵਰਗ ਨੂੰ ਪਿਆਰ ਕਲਾਵੇ ਚ ਲੈਕੇ ਭਾਈ ਬਣਾ ਕੇ ਜਾਤ ਰਹਿਤ ਸਮਾਜ ਸਿਰਜਣ ਦਾ ਟੀਚਾ ਮਿਥਿਆ ਸੀ। ਸਦੀਆਂ ਦੀ ਬਣਾਈ ਮਨੂੰ ਦੀ ਜਾਤ ਦਾ ਫਸਤਾ ਵੱਢਣ ਲਈ ਸੰਗਤ, ਪੰਗਤ, ਬਉਲੀਆਂ, ਸਾਂਝੇ ਸਰੋਵਰ ਤੇ ਸਾਂਝੇ ਗੁਰੂ ਘਰ ਤਾਮੀਰ ਕਰਵਾਏ ਗਏ ਸਨ। ਜਾਤ ਦੇ ਨਾਂ ਤੇ ਅਪਮਾਨਿਤ ਕੀਤੇ ਜਾਂਦੇ ਸੰਤਾਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਉੱਤਮ ਤੇ ਸ੍ਰੇਸ਼ਟ ਰੁਤਬਾ ਦੇਕੇ ਸਰਬ ਸਾਂਝਾ ਗ੍ਰੰਥ ਸਿਰਜਿਆ ਗਿਆ ਸੀ ਜਿਸ ਦਾ ਅਜ ਸਿੱਖ ਜਗਤ ਸੰਪੂਰਨਤਾ ਦਿਵਸ ਮਨਾ ਰਿਹਾ ਐ। ਜੋ ਮਨੁੱਖਤਾ ਨੂੰ ਬਖਸ਼ਿਆ ਸੀ। ਜਿਸਦਾ ਪੰਜਵੇਂ ਨਾਨਕ ਨੂੰ ਤਸੀਹੇ ਸਹਿਕੇ ਜਾਨ ਹੂਲ ਕੇ ਮੁੱਲ ਤਾਰਨਾ ਪਿਆ। ਖਾਲਸੇ ਦੀ ਸਿਰਜਣਾ ਸਮੇਂ ਜਾਤ ਪਾਤ ਦਾ ਬੀਜ਼ ਨਾਸ਼ ਕਰਕੇ ਨਵੇਂ ਮਨੁੱਖ, ਨਵੇਂ ਸਮਾਜ ਦੀ ਸਿਰਜਣਾ ਦਾ ਸੱਦਾ ਸੁਣਕੇ ਸਮਾਜ ਦੇ ਹਾਸ਼ੀਏ ਤੇ ਧੱਕੇ ਲੋਕ ਵਹੀਰਾਂ ਘੱਤਕੇ ਜੁੜ ਰਹੇ ਸਨ। ਜਾਤੀ ਘ੍ਰਿਣਾ ਤੇ ਊਚ ਨੀਚ ਛੱਡ ਕੇ ਉਹ ਇਕ ਮੁੱਠ ਹੋ ਰਹੇ ਸਨ ਭਾਈਚਾਰਾ ਬਣਾ ਰਹੇ ਸਨ। ਤਾਕਤਵਰ ਹੋ ਰਹੇ ਸਨ। ਜਿਸ ਸਦਕਾ ਸਿੱਖ ਵੱਡੀਆਂ ਤਾਕਤਾਂ ਨਾਲ ਭਿੜਨ ਦੀ ਜੁਅਰਤ ਦਿਖਾ ਰਹੇ ਸਨ ਤੇ ਜਿੱਤਾਂ ਹਾਸਲ ਕਰ ਰਹੇ ਸਨ। ਨਿੱਤ ਨਵੀਆਂ ਮੱਲਾਂ ਮਾਰਦੇ ਸਨ ਤੇ ਹਮੇਸ਼ਾ ਚੜ੍ਹਦੀ ਕਲਾ 'ਚ ਨਜ਼ਰ ਆਉਂਦੇ ਸਨ। ਪੱਤਾ ਪੱਤਾ ਵੈਰੀ ਹੋਣ ਦੇ ਬਾਵਜੂਦ ਵੀ ਸਿੱਖ ਦੂਣ ਸਵਾਏ ਵਧਦੇ ਰਹਿੰਦੇ ਸਨ। ਅੰਮ੍ਰਿਤ ਛੱਕਣ ਦਾ ਸਪੱਸ਼ਟ ਅਰਥ ਸੀ ਭਾਈਚਾਰਾ, ਗੈਰ ਬਰਾਬਰੀ ਦਾ ਅੰਤ, ਜਾਤ ਪਾਤ ਦਾ ਬੀਜ਼ ਨਾਸ਼। ਨਵੀਂ ਸੋਚ, ਨਵੀਂ ਤਰਜਿ -ਜਿੰਦਗੀ, ਬਰਾ-ਬਰੀ ਤੇ ਆਜਾਦੀ ਵਾਲਾ ਸਵੈਮਾਣ ਭਰਿਆ ਜੀਵਨ। ਮੈਂ ਗੱਲ ਜਾਰੀ ਰੱਖਦਿਆਂ ਆਖਿਆ ਕਿ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਹੁਣ ਅੰਮ੍ਰਿਤ ਛਕਣ ਤੋਂ ਬਾਅਦ ਵੀ ਜਾਤ ਨਹੀਂ ਬਦਲਦੀ, ਸੋਚ ਨਹੀਂ ਬਦਲਦੀ, ਤਰਜਿ ਜਿੰਦਗੀ ਬਦਲਣੀ ਤਾਂ ਬਹੁਤ ਹੀ ਦੂਰ ਦੀ ਗੱਲ ਐ। ਸਿੱਖ ਧਰਮ ਦੀਆਂ ਸਿਰਮੌਰ ਸੰਸਥਾਵਾਂ ਤੇ ਇਕ ਜਾਤ ਜੱਟ ਭਾਰੂ ਹੈ। ਜੋ ਅਜ ਬ੍ਰਾਹਮਣ ਵਾਦੀਆਂ ਦੀ ਪ੍ਰਤੀਨਿਧਤਾ ਸੰਭਾਲ ਕੇ ਬਹਿ ਗਿਆ ਹੈ ਤੇ ਸਿੱਖ ਸਿਧਾਂਤਾਂ ਤੋਂ ਇਨਕਾਰੀ ਹੋਇਆ ਜਾਤ ਨੂੰ ਬੜਾਵਾ ਦੇ ਰਿਹਾ ਐ। ਸਭ ਨੂੰ ਜਾਤ ਦੇ ਆਧਾਰ 'ਤੇ ਨਫਰਤ ਕਰ ਰਿਹਾ ਐ ਬ੍ਰਾਹਮਣ ਦੇ ਕਹੇ ਅਨੁਸਾਰ। ਦੂਜਿਆਂ ਨੂੰ ਧੱਕ ਕੇ ਦੂਰ ਕਰ ਰਿਹਾ ਐ। ਅੱਜ ਧਰਮਸ਼ਾਲਾਵਾਂ ਜਾਤ ਦੇ ਆਧਾਰ 'ਤੇ ਬਣੀਆਂ ਹਨ। ਗੁਰੂ ਘਰ ਜਾਤਾਂ ਦੇ ਨਾਂ 'ਤੇ ਤਾਮੀਰ ਹੋ ਰਹੇ ਹਨ। ਸਿੱਖਾਂ ਨੂੰ ਨੀਵੀਆਂ ਜਾਤਾਂ ਦੇ ਕਹਿ ਕੇ ਹਿੰਦੂਆਂ ਵਾਂਗ ਹੀ ਦੁਰਕਾਰਿਆ ਜਾਂਦਾ ਹੈ ।

ਸਮਸ਼ਾਨ ਘਾਟ ਜਾਤਾਂ ਦੇ ਨਾਂ ਤੇ ਬਣੇ ਵੇਖੇ ਜਾ ਸਕਦੇ ਹਨ। ਗੁਰਪੁਰਬ ਤੇ ਮਹਾਂ ਪੁਰਖਾਂ ਦੇ ਦਿਹਾੜੇ ਜਾਤਾਂ ਦੇ ਆਧਾਰ 'ਤੇ ਮਨਾਉਣ ਵਾਲੀ ਸੋਚ ਦਿਨੋਂ ਦਿਨ ਪ੍ਰਫੁੱਲਤ ਹੋ ਰਹੀ ਐ । ਜਾਤ ਦਾ ਮਨੂੰਵਾਦੀ ਕੋਹੜ ਅਸੀਂ ਬਦੇਸ਼ਾਂ ਤੱਕ ਵੀ ਫੈਲਾ ਦਿੱਤਾ ਐ।

ਰੋਟੀ ਬੇਟੀ ਦੀ ਸਾਂਝ ਦੇ ਤਾਂ ਸਿੱਖ ਸਮਾਜ ਨੇੜੇ ਤੇੜੇ ਵੀ ਨਜ਼ਰ ਨਹੀਂ ਆਉਂਦਾ। ਕਾਸ਼! ਕਿਧਰੇ ਅਸੀਂ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਜਾਤਾਂ ਦੇ ਆਧਾਰ 'ਤੇ ਵੰਡਣ ਵਰਗੇ ਪਾਪ ਦੇ ਭਾਗੀ ਨਾ ਬਣ ਜਾਈਏ। ਬਹੁਤ ਹੀ ਨੀਝ ਨਾਲ ਗਿਆਨੀ ਜੀ ਮੇਰੀ ਗੱਲ ਬਾਤ ਸੁਣਦੇ ਰਹੇ ਤੇ ਸਮੁੰਦਰ (ਦੁੱਧ) ਛਕਾ ਕੇ ਸਾਨੂੰ ਰੁਖ਼ਸਤ ਕੀਤਾ। ਅਗਲੇ ਦਿਨ ਜਦੋਂ ਫਿਰ ਮੈਂ ਗੋਗੀ ਦੇ ਘਰ ਪਹੁੰਚਿਆ ਤਾਂ ਉਹ ਕਹਿਣ ਲੱਗਾ-- " ਪ੍ਰਧਾਨ ਜੀ ਵਧਾਈਆਂ।"
ਕਾਹਦੀਆਂ ?" ਮੈਂ ਪੁੱਛਿਆ। ਗਿਆਨੀ ਮੇਵਾ ਸਿੰਘ ਜੀ ਨੇ ਆਪਣੇ ਨਾਲ ਹੋਈ ਸਾਰੀ ਗੱਲ ਬਾਤ ਆਪਣੇ ਸ਼ਬਦਾਂ 'ਚ ਦੀਵਾਨ ਵਿੱਚ ਕਹਿ ਸੁਣਾਈ।



ਬਹੁਜਨ ਸਮਾਜ ਪਾਰਟੀ ਹਲਕਾ ਬਾਘਾ ਪੁਰਾਣਾ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਸ ਲਾਲ ਸਿੰਘ ਸੁਲਹਾਣੀ ਜੀ ਦੇ ਸੂਬਾ ਜਨਰਲ ਸੱਕਤਰ ਬਣ ਦੀ ਖ਼ੁਸ਼ੀ ਵਿੱਚ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਜੀ ਦਾ ਵਿਸ਼ੇਸ਼ ਤੋਰ ਤੇ ਧੰਨਵਾਦ ਕੀਤਾ ਅਤੇ ਖ਼ੁਸ਼ੀ ਵਿੱਚ ਲੱਡੂ ਵੰਡੇ ਗਏ।

# ਬਾਬਾ ਬੰਦਾ ਸਿੰਘ ਬਹਾਦਰ (1670-1716)



ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿਚ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਸਿਧਾਂਤ ਹੈ। ਗੁਰੂਆਂ ਦੇ ਉਪਦੇਸ਼ ਜਾਣ ਕੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਆਏ। ਸੰਗਤ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਇਹ ਇਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚੱਲਿਤ ਝੂਠੇ ਸਿਧਾਂਤਾਂ, ਸਮਾਜਿਕ ਰੀਤੀ-ਰਿਵਾਜ਼ਾਂ ਦਾ ਖੰਡਨ ਕਰਕੇ, ਸਮਾਜ ਨੂੰ ਸੱਚੀ ਦਿਸ਼ਾ ਪ੍ਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਿਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ। ਜਿਸ ਨਾਲ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈਮਾਣ ਅਤੇ ਸਵੈ-ਰੱਖਿਆ ਲਈ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ ਤੇ ਬੰਦਾ ਸਿੰਘ ਬਹਾਦਰ ਨੂੰ ਉਸ ਸੰਘਰਸ਼ ਨੂੰ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਫੌਜ ਨੂੰ ਜੁਝਾਰੂ ਰੂਪ ਦਿੱਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਦੇ ਜ਼ੁਲਮਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਂ ਲਛਮਣ ਦਾਸ ਸੀ। ਉਸਦੇ ਕੋਲ ਦੁਨਿਆਵੀ ਵਿੱਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਨ ਵਿਚ ਹੀ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੇਤੀ ਹੀ ਉਸਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਬਣ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਨਾਂ ਬਦਲ ਕੇ ਮਾਧੋਦਾਸ ਰੱਖ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮਾਧੋਦਾਸ ਨੇ ਨਾਂਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾ ਲਿਆ। ਉਥੇ ਆਪਣੇ ਯੋਗ ਵਿੱਦਿਆ ਨਾਲ ਲੋਕਾਂ ਨੂੰ ਭਰਮਾਉਂਦਾ। ਬੰਦਾ ਬਹਾਦਰ ਦੀਆਂ ਕਾਰਵਾਈਆਂ ਦੀ ਖ਼ਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸਦੇ ਡੇਰੇ ਤੇ ਮਿਲੇ। ਮਾਧੋਦਾਸ ਗੁਰੂ ਜੀ ਦੇ ਤੇਜ ਪ੍ਰਤਾਪ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਮੇਰੇ ਤੇ ਕਿਰਪਾ ਕਰੋ, ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਪੰਥ ਦੀ ਅਗਵਾਈ ਸੌਂਪਣ ਲਈ ਕਿਸੇ ਬੰਦੇ ਦੀ ਤਲਾਸ਼ ਸੀ। ਗੁਰੂ ਜੀ ਨੇ ਸੋਚ ਲਿਆ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਂ ਦਿੱਤਾ ਅਤੇ ਸਨਮਾਨ ਵਜੋਂ 'ਬਹਾਦਰ' ਜੋੜ ਦਿੱਤਾ। ਬੰਦ ਸਿੰਘ ਬਹਾਦਰ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਆਇਆ। ਸਰੀਰਕ ਪੱਖੋਂ ਭਾਵੇਂ ਸਾਵੇਂ ਸਨ ਪਰ ਫੁਰਤੀਲੇ ਬਹੁਤ ਸਨ। ਇਹੀ ਉਹਨਾਂ ਦੀ ਬਹਾਦਰੀ ਤੇ ਕਰਤੱਬ ਦਾ ਕਮਾਲ ਸੀ। ਇਹ ਜੀਅ-ਜਾਨ ਨਾਲ ਸਿੱਖ ਕੌਮ ਦੀ ਵਾਗਡੋਰ ਸੰਭਾਲਣ ਦੇ ਸੁਭਾਗੇ ਬਣੇ। ਗੁਰੂ ਨੇ ਉਹਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ ਤਾਂ ਕਿ ਉਹ ਮਾਨਸਿਕ ਤੌਰ ਤੇ ਤਿਆਰ ਹੋ ਸਕਣ। ਗੁਰਾਂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਉੱਤਮ ਕਾਰਜ ਹੈ। ਗੁਰਾਂ ਨੇ ਉਹਨਾਂ ਨੂੰ ਖਾਲਸਾ ਜਥੇਦਾਰ ਦੀ ਜ਼ਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਉਹਨਾਂ ਨੂੰ ਸਿੱਖਾਂ ਲਈ ਹੁਕਮਨਾਮੇ ਦੇਣ ਲਈ ਕਿਹਾ ਕਿ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਜਾਨਣ। ਮੁਗਲਾਂ ਵਿਰੁੱਧ ਆਰੰਭੇ ਜਾਣ ਵਾਲੇ ਯੁੱਧ ਵਿਚ ਉਹਨਾਂ ਦਾ ਸਾਥ ਦੇਣ। ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਭੇਜੇ ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫਲੇ ਸਮੇਤ ਅਕਤੂਬਰ 1708 ਵਿਚ ਜੰਗੀ ਮੁਹਿੰਮ ਤੇ ਤੁਰੇ।

ਇਹ ਕਾਫਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ-ਸੋਨੀਪਤ ਸਹੇਰੀ-ਖੰਡਾ ਪਿੰਡ ਵਿਚ ਰੁਕਿਆ। ਇੱਥੋਂ ਉਹਨਾਂ ਸਫਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇੱਥੋਂ ਉਹਨਾਂ ਨੇ ਸੂਚਨਾ ਪੱਤਰ ਅਤੇ ਗੁਰੂ ਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ ਖੰਡਾ ਪਹੁੰਚਣ। ਸਿੰਘ ਜੋ ਵੀ ਹਥਿਆਰ ਲੱਭਾ, ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ, ਜਿਵੇਂ ਭਾਈ ਭਗਤੂ ਦਾ ਪੋਤਰਾ ਫਤਿਹ ਸਿੰਘ, ਭਾਈ ਰੂਪੇ ਦੀ ਸੰਤਾਨ ਵਿਚ ਕਰਮ ਸਿੰਘ, ਧਰਮ ਸਿੰਘ ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੌਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸੇਹਰੀ ਖੰਡਾ ਇਕ ਫੌਜੀ ਛਾਉਣੀ ਕੇਂਦਰ ਬਣ ਗਿਆ।

ਸੋਨੀਪਤ ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗਲ ਹਕੂਮਤ ਦੀ ਮਜ਼ਬੂਤ ਚੌਂਕੀ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਅਤ ਦਾ ਫੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜੇ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖਜ਼ਾਨੇ ਨੂੰ ਲੁੱਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ 'ਤੇ ਕਬਜ਼ਾ ਹੋ ਗਿਆ। ਸੋਨੀਪਤ ਅਤੇ ਕੈਥਲ ਦੇ ਪ੍ਰਬੰਧ ਪੰਚਾਇਤਾਂ ਨੂੰ ਸੌਂਪ ਦਿੱਤੇ। ਨਵੰਬਰ 11, 1709 ਨੂੰ ਸਮਾਣਾ ਸ਼ਹਿਰ 'ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜਲੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿਚ ਆ ਰਲੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਅਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ, ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਿਹ ਸਿੰਘ ਨੂੰ ਸਮਾਣਾ ਦਾ ਫੌਜਦਾਰ ਨਿਯੁਕਤ ਕੀਤਾ ਅਤੇ ਇਕ ਖਾਲਸਾ ਪੰਚਾਇਤ ਕਾਇਮ ਕੀਤੀ।

ਸਮਾਣੇ ਨੂੰ ਜਿੱਤ ਕੇ ਖਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਜ਼, ਕੁੰਜਪੁਰਾ, ਮੁਸਤਾਬਾਦ ਆਦਿ ਮੁਗਲਾਂ ਦੇ ਅੱਡੇ ਫਤਿਹ ਕੀਤੇ। ਇਹਨਾਂ ਹਮਲਿਆਂ ਵਿਚੋਂ ਖ਼ਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮਦੀਨ ਬੜੇ ਜ਼ੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰੀ ਨੂੰ ਸਰ ਕਰਕੇ ਉਸਦੇ ਚਲਦੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸਦੀ ਦੌਲਤ ਨੂੰ ਕਾਬੂ ਕੀਤਾ। ਸਢੌਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਹਨਾਂ ਨੂੰ ਧਾਰਮਿਕ ਰਸਮਾਂ ਨਿਭਾਉਣ 'ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾਂ ਨੇ ਹਮਲਾ ਕੀਤਾ ਤਾਂ ਪਿੰਡਾਂ ਦੇ ਦੁਖੀ ਕਿਸਾਨ ਵੀ ਸ਼ਾਮਲ ਹੋ ਗਏ। ਖੂਨੀ ਲੜਾਈ ਹੋਈ। ਅਮੀਰ ਵਜ਼ੀਰ ਡਰ ਕੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ। ਹਜੂਮ ਨੇ ਉਹਨਾਂ ਨੂੰ ਹਵੇਲੀ ਵਿਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਂ 'ਕਤਲਗੜ੍ਹੀ' ਪੈ ਗਿਆ। ਪੁਰਾਣੀਆਂ ਮਸਜਿਦਾਂ, ਈਦਗਾਹਾਂ, ਕਬਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਅਮੀਰ ਰਜਵਾੜਿਆਂ ਦੀਆਂ ਹਵੇਲੀਆਂ ਵਿਚ ਦੌਲਤ ਅਤੇ ਹਥਿਆਰ ਕਬਜ਼ੇ ਵਿਚ ਆ ਗਏ। ਪਹਾੜੀ ਕਿਲਾ ਮੁਖਲਿਸਗੜ੍ਹ ਤੇ ਵੀ ਕਬਜ਼ਾ ਕਰ ਲਿਆ।

ਅਗਲਾ ਨਿਸ਼ਾਨਾ ਸਰਹਿੰਦ ਸੀ। ਮਾਝੇ ਅਤੇ ਦੁਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ, ਵਜ਼ੀਰ ਖਾਂ ਨੇ ਮਲੇਰਕੋਟਲਾ ਦੇ ਨਵਾਬ ਨੂੰ ਕਿਹਾ, ਉਹ ਤਕੜੀ ਫੌਜ ਲੈ ਕੇ ਰੋਪੜ ਵੱਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖ਼ਤ ਲੜਾਈ ਹੋਈ। ਸਿੰਘਾਂ ਕੋਲ ਫੌਜ ਵੀ ਥੋੜ੍ਹੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵੱਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖਾਲਸੇ ਦੀ ਤਾਕਤ ਵੱਧ ਗਈ, ਉਹ ਸਰਹਿੰਦ ਵੱਲ ਵੱਧ ਗਏ।

ਸਿੰਘਾਂ ਨੇ ਚਪੜਚਿੜੀ ਦਾ ਮੈਦਾਨ ਆ ਮੱਲਿਆ। ਚਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ ਤੇ ਖਰੜ ਲਾਂਡਰਾਂ ਸੜਕ 'ਤੇ ਹੈ। ਵਜ਼ੀਰ ਖਾਂ ਦੀਆਂ ਫੌਜਾਂ ਸਿੰਘਾਂ ਦੀ ਚੜ੍ਹਾਈ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ ਤੇ ਹਮਲੇ ਦੀਆਂ ਤਿਆਰੀਆਂ ਵਿਚ ਬਹੁਤ ਸਮਾਂ ਜੰਗੀ ਅਭਿਆਸ ਵਿਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12, 1710 ਨੂੰ ਚਪੜਚਿੜੀ ਦੇ ਮੈਦਾਨ ਵਿਚ ਖੂਨ ਡੋਲਵੀਂ ਜ਼ੋਰਦਾਰ ਜੰਗ ਹੋਈ। ਇਸ ਮੁਕਾਬਲੇ ਦੀ ਜੰਗ ਵਿਚ ਵਜ਼ੀਰ ਖਾਂ ਮਾਰਿਆ ਗਿਆ। ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖਾਲਸੇ ਨੇ ਸਰਹਿੰਦ ਫਤਿਹ ਕਰ ਲਈ।

ਮੁਗਲਾਂ ਨੂੰ ਲੱਕ ਤੋੜਵੀਂ ਮਾਤ ਦੇਣ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿਚ ਖਾਲਸਾ ਦਾਖਲ ਹੋਇਆ। ਬਾਬਾ ਜੀ ਨੇ ਇਸ ਜ਼ੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਨਾਲ ਆਣ ਰਲੇ ਹਜੂਮ ਨੇ ਤਿੰਨ ਦਿਨ ਸ਼ਹਿਰ ਦੀ ਲੁੱਟਮਾਰ ਕੀਤੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾਂ ਵਿਚੋਂ ਬਹੁਤ ਸਾਰਾ ਧਨ ਖਾਲਸੇ ਦੇ ਹੱਥ ਲੱਗੇ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ। ਸਮਾਣਾ ਦਾ ਹੁਕਮਰਾਨ ਸਰਦਾਰ ਫਤਿਹ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਸਰਹਿੰਦ ਤੋਂ ਬਾਅਦ ਬਾਬਾ ਜੀ ਮਲੇਰਕੋਟਲੇ ਵੱਲ ਵਧੇ। ਨਵਾਬ ਮਲੇਰਕੋਟਲੇ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਸ਼ਹਿਰ ਵਿਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ ਬੀਬੀ ਅਨੂਪ ਕੌਰ ਦੀ ਕਬਰ ਪੁੱਟੀ ਅਤੇ ਲਾਸ਼ ਨੂੰ ਸਿੱਖ ਮਰਿਆਦਾ ਅਨੁਸਾਰ ਸਸਕਾਰ ਕੀਤਾ, ਜਿਸਨੂੰ ਸ਼ੇਰ ਮੁਹੰਮਦ ਖਾਂ ਜਬਰੀ ਚੁੱਕ ਕੇ ਲੈ ਗਿਆ ਸੀ, ਉਸਨੇ ਆਪਣੀ ਅਣਖ ਖਾਤਰ ਆਤਮ ਹੱਤਿਆ ਕਰ ਲਈ ਸੀ।

ਬਾਬਾ ਜੀ ਨੇ ਮੁਖਲਿਸਗੜ੍ਹ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਾਵਾਇਆ ਸੀ। ਇਸ ਸਮੇਂ ਬਾਬਾ ਜੀ ਨੇ ਇਸ ਕਿਲ੍ਹੇ 'ਤੇ ਕਬਜ਼ਾ ਕੀਤਾ ਤਾਂ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ। ਇਸਦੀ ਮੁਰੰਮਤ ਕਰਵਾ ਕੇ ਨਾਂ ਲੋਹਗੜ੍ਹ ਰੱਖਿਆ ਗਿਆ। ਜੰਗਾਂ ਵਿਚੋਂ ਪ੍ਰਾਪਤ ਹੋਇਆ ਮਾਲ ਅਸਬਾਬ, ਜੰਗੀ ਸਮਾਨ, ਉਗਰਾਹਿਆ ਮਾਮਲਾ ਸਭ ਕੁਝ ਇੱਥੇ ਇਕੱਠਾ ਕਰ ਲਿਆ। ਫੌਜੀ ਸੁਰੱਖਿਆ ਵਜੋਂ ਇਹ ਜਗ੍ਹਾ ਲਾਭਕਾਰੀ ਸੀ ਕਿ ਇਹ ਮੁੱਖ ਮਾਰਗ ਤੋਂ ਹਟ ਕੇ ਪਹਾੜੀ ਇਲਾਕੇ ਵਿਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫੌਜ ਸੀ। ਰਾਜ-ਕਾਜ ਲਈ ਰਾਜਧਾਨੀ ਅਤ ਰਹਿਣ ਲਈ ਮਹਿਲ ਸੀ।

ਬਾਦਸ਼ਾਹ ਦੀ ਪੱਕੀ ਨਿਸ਼ਾਨੀ ਵਜੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਜਾਰੀ ਕਰ ਦਿੱਤਾ, ਜਿਸ ਤੇ ਫਾਰਸੀ ਵਿਚ ਉੱਕਰਿਆ ਸੀ ਕਿ-

ਸਿੱਕਾ ਜ਼ਦਬਰ ਹਰ ਦੋ ਆਲਤ ਤੇਗਿ ਨਾਨਕ ਵਾਹਿਬ ਅਸਤ।।
ਫਤਿਹ ਗੋਬਿੰਦ ਸਿੰਘ ਜਾਹਿ-ਸ਼ਾਹਾਨ ਫਜਲਿ ਸੱਚਾ ਸਾਹਿਬ ਅਸਤ।।

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉਤੇ
ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ।
ਫਤਿਹ ਸ਼ਾਹਿ ਸ਼ਹਾਨ ਗੋਬਿੰਦ ਸਿੰਘ ਦੀ,
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ-

ਜਰਬ ਬ-ਅਮਾਨੁ-ਦਹਿਰ ਮੁਸਵਰਤ ਸ਼ਹਿਰ,
ਜੀਨਤੁ ਤਖਤੁ, ਮੁਬਾਰਕ ਬਖਤ।

ਅਰਥਾਤ

ਜਾਰੀ ਹੋਇਆ ਸੰਸਾਰ ਦੇ ਸ਼ਾਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ ਬਾਬਾ ਜੀ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿਸਦੇ ਸ਼ਬਦ ਸਨ:-

ਦੇਗੋ ਤੇਗੋ ਫਤਿਹ ਓ ਨੁਸਰਤਿ ਬੇ-ਦਿਰੰਗ।।
ਯਾਫਤ ਅਜ਼ ਨਾਨਕ ਗੁਰ ਗੋਬਿੰਦ ਸਿੰਘ।।

ਅਰਥਾਤ

ਦੇਗ ਤੇਗ ਜਿੱਤ, ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗਲ ਬਾਦਸ਼ਾਹਾਂ ਦੇ ਰਾਜ ਸੰਗਤ ਦੀ ਤਰ੍ਹਾਂ ਬਾਬਾ ਜੀ ਨੇ ਵੀ ਸਰਹਿੰਦ ਦੀ ਫਤਿਹ ਤੋਂ ਇਕ ਨਵਾਂ ਸਮੰਤ ਨਾਨਕਸ਼ਾਹੀ ਆਰੰਭ ਕੀਤਾ ਜੋ ਉਹਨਾਂ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗਲ ਬਾਦਸ਼ਾਹਾਂ ਨੂੰ ਅਹਿਸਾਸ ਕਰਵਾਉਣ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿੱਜੀ ਨਾਂ ਉਤੇ ਕੁਝ ਨਹੀਂ ਕੀਤਾ। ਉਹਨਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦਾ ਸੇਵਕ ਦੱਸਿਆ।

ਖਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1710 ਵਿਚ ਗੰਗਾ ਤੇ ਯਮਨਾ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਅਕਤੂਬਰ 1710 ਵਿਚ ਕਿਲਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜ਼ੇ ਹੇਠ ਆ ਗਏ। ਜਦ ਮੁਗਲ ਸਮਰਾਟ ਬਹਾਦਰ ਸ਼ਾਹ ਨੂੰ ਜਦੋਂ ਖਾਲਸੇ ਦੀਆਂ ਜਿੱਤਾਂ ਦਾ ਪਤਾ ਲੱਗਾ, ਉਸਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਕੂਚ ਕੀਤਾ। ਵਕਤ ਦੀ ਨਜ਼ਾਕਤ ਦੇਖ ਕੇ ਬਾਬਾ ਜੀ ਲੋਹਗੜ੍ਹ ਦੇ ਕਿਲੇ ਵਿਚ ਜਾ ਟਿਕੇ। ਸ਼ਾਹੀ 60 ਹਜ਼ਾਰ ਦੀ ਫੌਜ ਨੇ ਕਿਲੇ ਨੂੰ ਘੇਰ ਲਿਆ। ਬਾਬਾ ਜੀ ਖਾਲਸਾ ਫੌਜ ਨਾਲ ਪਹਾੜਾਂ ਵੱਲ ਚਲੇ ਗਏ। ਖਾਲਸਾ ਫੌਜ ਨੇ ਬਿਲਾਸਪੁਰ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਪਹਾੜੀ ਰਾਜੇ ਭੀਮ ਚੰਦ ਦੇ ਨਾਲ ਉਸਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿਚ ਆ ਗਏ। ਮੰਡੀ ਦੇ ਰਾਜੇ ਸਿੱਧ ਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸਨੇ ਕੁੱਲੂ ਦੇ ਰਾਜੇ ਵਿਰੁੱਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸਦੀ ਕੁੱਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 4, 1711 ਨੂੰ ਬਹਿਰਾਮ ਦੀ ਜੰਗ ਹੋਈ। ਜੰਮੂ ਦਾ ਫੌਜਦਾਰ ਹਾਰ ਗਿਆ। ਖਾਲਸੇ ਨੇ ਬਹਿਰਾਮ ਤੇ ਰਾਏਪੁਰ 'ਤੇ ਕਬਜ਼ਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ 'ਤੇ ਕਬਜ਼ਾ ਕਰ ਲਿਆ। ਉਸ ਵੇਲੇ ਮੁਹੰਮਦ ਅਮੀਨ ਖਾਂ ਤੇ ਰੁਸਤਮਦਿਲ ਖਾਂ ਦੀ ਫੌਜ ਆਉਣ ਤੇ ਬਾਬਾ ਜੀ ਫਿਰ ਪਹਾੜੀਆਂ ਵਿਚ ਜਾਣਾ ਪੈਂਦਾ ਰਿਹਾ। ਬਾਦਸ਼ਾਹ ਵੱਲੋਂ ਹੁਕਮ ਹੋਇਆ ਕਿ ਜਿੱਥੇ ਵੀ ਕੋਈ ਸਿੱਖ ਮਿਲੇ ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ 1712 ਨੂੰ ਪਾਗਲ ਹੋ ਕੇ ਮਰ ਗਿਆ। ਸੰਨ 1713 ਨੂੰ ਫਰੁੱਖਸ਼ੀਅਰ ਬਾਦਸ਼ਾਹ ਬਣ ਗਿਆ। ਤਖਤ ਵਾਸਤੇ ਮੁਗਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ ਤੇ ਮੁੜ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ। ਸਢੌਰਾ ਅਤੇ ਲੋਹਗੜ੍ਹ ਤੇ ਕਬਜ਼ਾ ਕਰ ਲਿਆ। ਅਬਦੁਲ ਸਮੱਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸਦੇ ਪੁੱਤਰ ਜ਼ਕਰੀਆ ਖਾਂ ਨੂੰ ਜੰਮੂ ਦਾ ਹਾਕਮ ਥਾਪਿਆ। ਉਹਨਾਂ ਨੇ ਅਕਤੂਬਰ 1713 ਵਿਚ ਸਢੌਰਾ ਤੇ ਲੋਹਗੜ੍ਹ 'ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿਚ ਚਲੇ ਗਏ। ਸੰਨ 1715 ਵਿਚ ਕਲਾਨੌਰ 'ਤੇ ਬਟਾਲਾ ਜਿੱਤ ਲਏ। ਮੁਗਲਾਂ ਨੇ ਲਾਹੌਰ ਵਿਖੇ ਵੱਡੀ ਸੈਨਾ ਇਕੱਠੀ ਕਰ ਲਈ। ਕਾਂਗੜੇ ਦਾ ਕਟੋਚ ਰਾਜਾ ਅਤੇ ਜਸਰੋਟਾ ਦੇ ਰਾਜੇ ਵੱਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤਾ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫੌਜਾਂ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗਲਾਂ ਦੀ ਹੋਰ ਭਾਰੀ ਫੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੂੰ ਗੁਰਦਾਸ-ਨੰਗਲ ਪਿੰਡ ਵੱਲ ਪਿੱਛੇ ਹਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਣਾਏ। ਦੋਹੀਂ ਪਾਸੀ ਖਾਈ ਪੁੱਟ ਕੇ ਪਾਣੀ ਭਰ ਲਿਆ ਤੇ ਖੋਭੇ ਵਾਲੀ ਥਾਂ ਬਣਾ ਲਈ ਤਾਂ ਜੋ ਵਾਰੀ ਅਗਾਂਹ ਨਾ ਵਧਣ।

ਸ਼ਾਹੀ ਫੌਜਾਂ ਨੇ ਅਪ੍ਰੈਲ 1715 ਈ: ਵਿਚ ਗੁਰਦਾਸ-ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧ ਨੀਤੀ ਅਪਣਾਈ। ਚਾਲੀ ਪੰਜਾਹ ਸਿੱਖ ਬਾਹਰ ਨਿਕਲਦੇ ਪਸ਼ੂਆਂ ਲਈ ਘਾਹ-ਪੱਠਾ ਲੈਂਦੇ, ਸ਼ਾਹੀ ਫੌਜਾਂ ਟਾਕਰਾ ਕਰਦੀਆਂ ਤਾਂ ਉਹਨਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕ ਆਟਾ ਦਾਣਾ ਮੱਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਕਿਲਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੁਆਂ ਦਾ ਮਾਸ ਖਾਣਾ ਪਿਆ। ਉਹਨਾਂ ਨੇ ਘਾਹ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰੀ ਕੀਤਾ। ਬਹੁਤ ਸਾਰੇ ਬਿਮਾਰੀਆਂ ਕਰਕੇ ਮਰਦੇ ਗਏ। ਸਿੰਘ 8 ਮਹੀਨੇ ਤੱਕ ਮੁਗਲਾਂ ਦੀ ਫੌਜ ਦਾ ਟਾਕਰਾ ਕਰਦੇ ਰਹੇ। ਜਿਸ ਵਿਚ 8000 ਸਿੰਘ ਸ਼ਹੀਦੀ ਪਾ ਗਏ। ਦਸੰਬਰ 7, 1715 ਨੂੰ ਮੁਗਲ ਫੌਜ ਨੇ ਹਵੇਲੀ 'ਤੇ ਕਬਜ਼ਾ ਕਰ ਲਿਆ। ਬਾਬਾ ਜੀ ਅਤੇ ਸਿੰਘਾਂ ਨੂੰ ਕੈਦ ਕਰ ਲਿਆ ਗਿਆ।

ਮੁਗਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰ-ਫਾੜ ਕਰ ਦਿੱਤੀ ਕਿ ਉਹਨਾਂ ਨੇ ਸੋਨੇ ਦੇ ਸਿੱਕੇ ਨਿਗਲੇ ਹੈ ਹਨ। ਸ਼ਹੀਦ ਸਿੰਘਾਂ ਦੇ ਸਿਰ ਨੇਜਿਆਂ, ਬਰਛਿਆਂ ਤੇ ਟੰਗੇ ਗਏ। ਬਾਬਾ ਜੀ ਸੁਪਤਨੀ ਤੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ ਨੰਗਲ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਿੰਜਰਾ ਹਾਥੀ ਉਪਰ ਬੰਨ੍ਹ ਦਿੱਤਾ। ਦੋ ਮੁਗਲ ਸੈਨਿਕ ਖੰਜਰ ਲੈ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜ਼ੰਜੀਰਾਂ ਨਾਲ ਬੰਨ੍ਹ ਕੇ ਖੱਚਰਾਂ-ਖੋਤਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿਚ ਦਿੱਲੀ ਤੋਰਿਆ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸਨੇ ਕੈਦੀਆਂ ਨੂੰ ਵਧਾਉਣ ਦੀ ਸੋਚੀ ਰਾਹ ਵਿਚ ਹੋਰ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ, ਕੁਝ ਦੇ ਸਿਰ ਵੱਢ ਕੇ ਹੋਰ ਨੇਜ਼ਿਆਂ ਤੇ ਟੰਗ ਲਏ। ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2000 ਹੋ ਗਈ। ਇਸ ਤੋਂ ਇਲਾਕਾ ਸਿੱਖਾਂ ਦੇ ਸਿਰ ਗੱਡਿਆਂ ਤੇ ਵੀ ਲੱਦੇ ਹੋਏ ਸਨ। ਇਹ ਜਲੂਸ 29 ਫਰਵਰੀ 1716 ਨੂੰ ਦਿੱਲੀ ਪੁੱਜਾ। ਜਲੂਸ ਦੇ ਅੱਗੇ ਟੰਗੇ ਹੋਏ ਸਿਰ ਸਨ। ਉਹਨਾਂ ਨਾਲ ਇਕ ਬਿੱਲੀ ਵੀ ਟੰਗੀ ਸੀ। ਇਹ ਦੱਸਣ ਲਈ ਕਿ ਗੁਰਦਾਸ-ਨੰਗਲ ਵਿਚ ਸਿੱਖ ਤਾਂ ਇਕ ਪਾਸੇ ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ 'ਤੇ ਇਕ ਪਿੰਜਰੇ ਵਿਚ ਸਨ। ਮਖੌਲ ਉਡਾਉਣ ਲਈ ਤਿਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਹਨਾਂ ਦੇ ਪਿੱਛੇ ਇਕ ਸੈਨਿਕ ਨੰਗੀ ਤਲਵਾਰ ਲੈ ਕੇ ਖੜ੍ਹਾ ਸੀ। ਪਿੱਛੇ ਬਾਕੀ ਕੈਦੀ ਆ ਰਹੇ ਸਨ। ਜੋ ਦੋ-ਦੋ ਬੰਨ ਕੇ ਬਿਨਾਂ ਕਾਠੀ ਵਾਲੇ ਊਠਾਂ ਉਤੇ ਬੰਨ੍ਹੇ ਹੋਏ ਸਨ। ਜਿਹਨਾਂ ਦੇ ਸਿਰਾਂ ਉਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਅਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜ਼ੇ ਦੇ ਵਿਚਕਾਰ ਮੀਲਾਂ ਲੰਮੀ

(ਬਾਕੀ ਅਗਲੇ ਸਫੇ 'ਤੇ)

# ਪਿਤਾ ਦਿਵਸ ਨੂੰ ਸਮਰਪਿਤ ਸਤਨਾਮ ਸਿੰਘ ਮੱਟੂ ਦੀ ਖੂਬ ਚਰਚਿਤ ਰਚਨਾ

**ਪਟਿਆਲਾ-ਗੁਰਪ੍ਰੀਤ ਸਿੰਘ ਬੱਲ**

ਇਨਸਾਨ ਅੰਦਰ ਇਨਸਾਨੀਅਤ, ਈਮਾਨਦਾਰੀ, ਸਖ਼ਤ ਮਿਹਨਤ, ਬੁਲੰਦ ਹੌਸਲਾ, ਦ੍ਰਿੜ ਇਰਾਦਾ, ਸੰਜੀਦਗੀ, ਸੁਹਿਰਦਤਾ, ਮਿਲਵਰਤਣ, ਨਿਮਰਤਾ, ਤਿਆਗ, ਦਾਨ ਆਦਿਕ ਗੁਣ ਵਿਰਸੇ ਚੋਂ ਪੀੜ੍ਹੀ ਦਰ ਪੀੜ੍ਹੀ ਚਲਦੇ ਹਨ ਅਤੇ ਸਮਾਜ ਚ ਵਿਚਰਦੇ ਇਨਸਾਨਾਂ ਤੋਂ ਝਲਕਦੇ ਵੀ ਹਨ। ਇੰਜ-ਨੀਅਰ ਸਤਨਾਮ ਸਿੰਘ ਮੱਟੂ ਜਿੱਥੇ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਂਦੇ ਹਨ, ਉੱਥੇ ਉਹਨਾਂ ਚੋਂ ਆਪਣੀ ਮਿੱਟੀ ਅਤੇ ਵਿਰਾਸਤੀ ਗੁਣਾਂ ਦਾ ਵੀ ਬਾਖੂਬੀ ਝਲਕਾਰਾ ਪੈਂਦਾ ਹੈ। ਉਹਨਾਂ ਦੀ ਡਿਊਟੀ ਪ੍ਰਤੀ ਮੁਸਤੈਦੀ ਅਤੇ ਤਨਦੇਹੀ, ਇਮਾਨਦਾਰੀ, ਦ੍ਰਿੜਤਾ ਆਦਿ ਦੇ ਕਿੱਸੇ ਕਿਸੇ ਤੋਂ ਲੁਕੇ ਨਹੀਂ ਹਨ। ਉਹਨਾਂ ਦੀ ਸਾਹਿਤ ਵਿਚ ਪ੍ਰਗਤੀਸ਼ੀਲਤਾ ਵੀ ਕਿਸੇ ਤੋਂ ਗੁੱਝੀ ਨਹੀਂ ਹੈ। ਅਖ਼ਬਾਰਾਂ , ਰਸਾਲਿਆਂ ਦੀਆਂ ਸੁਰਖੀਆਂ ਬਣਦੇ ਉਹਨਾਂ ਦੀਆਂ ਰਚਨਾਵਾਂ ਖੂਬ ਸਰਾਹੇ ਜਾਂਦੇ ਹਨ।ਅੱਜ "ਪਿਤਾ ਦਿਵਸ" ਤੇ ਉਹਨਾਂ ਦੀ ਲਿਖੀ ਰਚਨਾ ਨੂੰ ਪਾਠਕਾਂ ਦੇ ਰੂਬਰੂ ਕਰਨ ਦੀ ਖੁਸ਼ੀ ਲੈ ਰਹੇ ਹਾਂ:-

### "ਨਿੱਤ ਮਾਂ ਪਿਓ ਦਿਵਸ"

ਪੜ੍ਹਨ ਸਕੂਲੇ ਮੈਂਨੂੰ ਪਾਇਆ
ਬਾਪੂ ਦੇ ਨਸੀਹਤਾਂ ਬੜੀਆਂ,
ਮੰਦਹਾਲੀ ਦੇ ਦੌਰ ਚ ਬਾਪੂ
ਮਿਹਨਤਾਂ ਕੀਤੀਆਂ ਕੜੀਆਂ,
ਉੱਠ ਸਵੱਖਤੇ ਰਾਤ ਕੁਵੇਲੇ
ਨਾਂ ਧੁੱਪਾਂ ਦੇਖੀਆਂ ਚੜੀਆਂ,
ਮੰਜੇ ਸੇਲ ਤੋਂ ਕੱਪੜੇ ਪਾਕੇ
ਕੰਗਾਲੀ,ਬੇਆਰਾਮੀ ਨੂੰ ਦਿਖਾਈਆਂ ਤੜੀਆਂ,
ਤੇਰੀ ਕਿਰਤ ਦੇ ਅੱਗੇ ਬਾਪੂ
ਮੇਰੀਆਂ ਜ਼ੀਰੋ ਪੜੀਆਂ,
ਨਾਲ ਹੌਸਲੇ ਜਿੱਤੀਆਂ ਮਾਂ ਦੇ
ਜੋ ਆਣ ਔਕੜਾਂ ਖੜ੍ਹੀਆਂ,
ਆਉਣ ਦਿੱਤੀ ਤੋਟ ਕੋਈ ਸਾਨੂੰ
ਜੋ ਇੱਛਾਵਾਂ ਅੜੀਆਂ,
ਹੱਕ ਸੱਚ, ਪਿਆਰ,ਨਿਮਰਤਾ ਦੱਸਿਆ
ਨਹੀਂ ਦਿਖਾਉਣੀਆਂ ਤੜੀਆਂ,
ਸਹਿਣਸ਼ੀਲਤਾ, ਤਿਆਗ ਤੇ ਪੂਜਾ
ਮਿਹਨਤ ਅਤੇ ਵੰਡਣਾ ਕੜੀਆਂ,
ਏਸੀ ਕਾਰਾਂ ਮਹਿਲ ਮੁਨਾਰੇ
ਤੇਰੀਆਂ ਰਹਿਮਤਾਂ ਬੜੀਆਂ,
ਮੋਢੇ ਉੱਤੇ ਹੱਥ ਜਦ ਧਰ ਦੇਂ
ਨਾਂ ਰਹਿਣ ਮੁਸੀਬਤਾਂ ਖੜੀਆਂ,
ਬਾਪੂ ਤੇਰੇ ਰਹਿਮਤ ਸਦਕਾ
ਰਹਿਣ ਗੁੱਡੀਆਂ ਚੜ੍ਹੀਆਂ,
ਬਾਪੂ ਮੇਰਾ ਦਿਲ ਦਾ ਰਾਜਾ
ਮਾਂ ਜੰਨਤ ਦੀ ਮਣੀ ਆ,
ਸਿਰ ਝੁਕਦੈ ਤੇਰੀ ਮਿਹਨਤ ਬਾਪੂ
ਨਾਲ ਨੇ ਗੁੱਡੀਆਂ ਚੜ੍ਹੀਆਂ,
ਮਾਂ ਪਿਓ ਦੀ ਰੱਬਾ ਉਮਰ ਵਧਾ ਦੇ
ਭਾਵੇਂ ਕੱਟ ਲੈ ਮੇਰੀਆਂ ਘੜੀਆਂ,



ਮਾਪਿਆਂ ਦੀ ਜੋ ਇੱਜ਼ਤ ਕਰਦੇ
ਸਵਰਗ ਉਹਨਾਂ ਦੇ ਵਿੱਚ ਘਰਦੇ,
ਨਿੱਤ ਮਾਂ ਪਿਓ ਦਿਵਸ ਮੱਟੂਆ
ਜੇ ਚਰਨਾਂ ਤੇ ਸਿਰ ਨੇ ਧਰਦੇ।

# ਬਾਬਾ ਬੰਦਾ ਸਿੰਘ ਬਹਾਦਰ (1670-1716)

**(ਸਫਾ 16 ਦੀ ਬਾਕੀ)**

ਸੜਕ ਦੇ ਦੋਵੇਂ ਪਾਸੇ ਤਮਾਸ਼ਬੀਨ ਖੜ੍ਹੇ ਸਨ।

ਮਿਰਜ਼ਾ ਮੁਹੰਮਦ ਹਰੀਸੀ ਜੋ ਇਸ ਨੂੰ ਦੇਖਿਆ ਤਮਾਸ਼ਾ ਕਹਿੰਦਾ ਹੈ ਗਲੀਆਂ-ਬਜ਼ਾਰਾਂ ਵਿਚ ਇਤਨਾ ਭਾਰੀ ਇਕੱਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਦਿਨ ਦਿਖਾਏ ਹਨ। ਸਿੰਘ ਕਹਿੰਦੇ ਸਭ ਕੁਝ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਅਸੀਂ ਮੌਤ ਤੋਂ ਕਦ ਡਰੇ ਹਾਂ? ਜੇਕਰ ਅਸੀਂ ਡਰਦੇ ਹੁੰਦੇ ਤਾਂ ਇੰਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ। ਅਸੀਂ ਤਾਂ ਮਜਬੂਰੀ ਵੱਸ ਤੁਹਾਡੇ ਕਾਬੂ ਆ ਗਏ। ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ।

ਜਦੋਂ ਸ਼ਾਹੀ ਕਿਲ੍ਹੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥੀ ਜਿਵੇਂ ਬਾਜ਼ ਸਿੰਘ, ਫਤਿਹ ਸਿੰਘ, ਬਾਬਾ ਕਾਨ੍ਹ ਸਿੰਘ ਆਦਿ ਨੂੰ ਬੰਦੀਖਾਨੇ ਭੇਜ ਦਿੱਤਾ। ਬਾਬਾ ਜੀ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ, ਉਸਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜਲਾਲਖਾਨਾਂ ਵਿਚ ਰੱਖਿਆ। ਮਾਰਚ 5, 1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖ ਕੈਦੀਆਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ-ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ, ਉਸਦੀ ਜਾਨ ਬਖਸ਼ ਦਿੱਤੀ ਜਾਵੇ। ਜਾਨ ਸਰਮਾਨ ਸ਼ਟੀਫਨਸਨ ਜੋ ਸ਼ਾਹੀ ਦਰਬਾਰ ਵਿਚ ਸਨ ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ ਉਤੇ ਲੱਦ ਕੇ ਸ਼ਹਿਰੋਂ ਬਾਹਰ ਦਰਖਤਾਂ ’ਤੇ ਟੰਗ ਦਿੱਤੇ ਜਾਂਦੇ।

ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖ਼ਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖਜ਼ਾਨੇ ਅਤੇ ਉਹਨਾਂ ਦੇ ਮਦਦਗਾਰ ਕੌਣ ਸਨ, ਦਾ ਪਤਾ ਦੇਣ ਅਤੇ ਬਾਬਾ ਜੀ ਅਤੇ ਉਹਨਾਂ ਦੇ 16 ਸਾਥੀਆਂ ਨੂੰ 9 ਜੂਨ 1716 ਨੂੰ ਸ਼ਹੀਦ ਕਰਨ ਲਈ ਖਵਾਜ਼ਾ ਕੁਤਬਦੀਨ ਬਖਤਿਆਰ ਕਾਕੀ ਦੇ ਮਕਬਰੇ ਦੀ ਪ੍ਰਕਿਰਿਆ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸਮੇਸ਼ ਪਿਤਾ ਦੇ ਸਿਦਕੀ ਸੰਤ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਬਾਬਾ ਜੀ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖੁਦ ਵੱਢਣ ਲਈ ਕਿਹਾ। ਬਾਬਾ ਜੀ ਨੇ ਇਨਕਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਬਾਬਾ ਜੀ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਅਡੋਲ ਰਹੇ।

ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਤਮਾਦਲ ਦੌਲਾ ਮੁਹੰਮਦ ਅਮੀਨ ਖਾਂ ਜੋ ਬਾਬਾ ਜੀ ਦੇ ਕੋਲ ਖੜ੍ਹਾ ਸੀ। ਇਸ ਸ਼ਹੀਦੀ ਦਾ ਉਸਦੇ ਮਨ ’ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜਿਹੀ ਸਿਆਣਪ, ਸਾਊਪੁਣੇ ਤੇ ਉਚਿਤਾ ਦੇ ਮਾਲਕ ਨੇ ਦੁਨੀਆਂ ਨੂੰ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿਚ ਫਸਾਇਆ।

ਜਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਨਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣਮਨੁੱਖੀ ਤਸੀਹੇ ਸਹਿੰਦਿਆਂ ਬਬਾ ਜੀ ਜੂਨ 9, 1716 ਨੂੰ ਸ਼ਹੀਦੀ ਪਾ ਗਏ।

ਬਾਬਾ ਜੀ ਦੇ 6 ਸਾਲ ਦੇ ਰਾਜ ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ, ਜਿਹਨਾਂ ਸਿੱਖ ਧਰਮ ਵਿਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖਾਲਸੇ ਨੇ ਬਰਾਬਰਤਾ ਦੇ ਸਿਧਾਂਤ ’ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ ਦੇ ਕਬਜ਼ਾ ਕੀਤਾ। ਉਹਨਾਂ ਨੇ ਨੀਚਾਂ ਵਿਚੋਂ ਨੀਚ ਨੂੰ ਹਾਕਮ ਬਣਾਇਆ। ਖਾਲਸੇ ਨੇ ਜਿਸ ਇਲਾਕੇ ’ਤੇ ਕਬਜ਼ਾ ਕੀਤਾ, ਉਸ ਸੂਬੇ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ ਜੋ ਇਕ ਨੀਵੀਂ ਜਾਤ ਵਿਚੋਂ ਸਨ। ਉਹਨਾਂ ਦੇ ਰਾਜ ਵਿਚ ਸਿੱਖ ਇਕ ਅਜਿੱਤ ਕੌਮ ਦੇ ਰੂਪ ਵਿਚ ਸਾਹਮਣੇ ਆਏ।

ਉਹਨਾਂ ਦੇ ਰਾਜ ਕਾਲ ਵਿਚ ਹਰ ਇਕ ਨੂੰ ਬਰਾਬਰ ਆਜ਼ਾਦੀ ਸੀ। ਉਹ ਕਿਸੇ ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀ ਸਨ। ਉਹਨਾਂ ਤੋਂ ਬਾਅਦ 1717-1748 ਤੱਕ ਮੁਗਲਾਂ ਦੇ ਅਕਹਿ ਜ਼ੁਲਮ ਸਹਿ ਕੇ ਵੀ ਖਾਲਸੇ ਦੀਆਂ ਬਾਰਾਂ ਮਿਸਾਲਾਂ ਹੋਂਦ ਵਿਚ ਆਈਆਂ, ਫਿਰ 1801 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤੇ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਜੀ ਅਨੁਸਾਰ ਬਾਬਾ ਜੀ ਦੀ ਅਗਵਾਈ ਹੇਠ ਖਾਲਸੇ ਨੇ ਜ਼ਿਮੀਦਾਰਾ ਪ੍ਰਬੰਧ ਖਤਮ ਕੀਤਾ। ਜ਼ਮੀਨ ਤੇ ਉਹਨਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖੁਦ ਹੱਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉਘਾ ਕੀਤਾ ਜੋ ਬੇਜ਼ਮੀਨੇ ਅਤੇ ਨਿਖਿੱਧ ਸਨ।

ਬਾਬਾ ਜੀ ਇਕ ਸੂਰਬੀਰ ਯੋਧਾ, ਸਫਲ ਪ੍ਰਬੰਧਕ, ਸਿਦਕੀ ਅਤੇ ਧਰਮੀ ਸਿੱਖ ਸਨ। ਉਹਨਾਂ ਦੀ ਸਿੱਖ ਕੌਮ ਨੂੰ ਦੇਣ ਬੇਮਿਸਾਲ ਹੈ। ਉਹਨਾਂ ਦੀ ਵਿਲੱਖਣ ਸ਼ਹੀ ਅਤੇ ਉਹਨਾਂ ਦਾ ਸਿੱਖ ਪੰਥ ਦੀ ਸਥਾਪਤੀ ਵਿਚ ਪਾਏ ਯੋਗਦਾਨ ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ। ਕੌਮ ਦਾ ਪ੍ਰਮਾਣ ਹੈ।

ਅੰਤਿਕਾ:- ਜੋ ਮਨੁੱਖ ਜਗਤ-ਰੂਪ ਰਣਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ’ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਹਨਾਂ ਨਾਲ ਲੜਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸਦੇ ਦਸਮ ਦੁਆਰ ਵਿਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਨਾਂ ਵਿਚ ਉਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿਚ ਪ੍ਰਭੂ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਸੂਰਮਾ ਹੋਰ ਵੀ ਹੈ। ਉਸ ਮਨੁੱਖ ਨੂੰ ਵੀ ਸੂਰਮਾ ਸਮਝਣਾ ਚਾਹੀਦਾ ਹੈ। ਜੋ ਗਰੀਬ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ-ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਅੰਗ 1105- ਭਗਤ ਕਬੀਰ ਜੀ।


**ਜੋ ਦਿਨ ਆਵਹਿ ਸੋ ਦਿਨ ਜਾਹੀ।। ਕਰਨਾ ਕੂਚ ਰਹਨੁ ਥਿਰੁ ਨਾਹੀ।।**

## ਸ੍ਰੀਮਤੀ ਰੋਸ਼ਨੀ ਚੋਪੜਾ ਸੁਪਤਨੀ ਸ੍ਰੀ ਸੁਖਰਾਜ ਚੋਪੜਾ

## ਸਾਨ ਫਰਾਂਸਿਸਕੋ ਨਿਵਾਸੀ

## ਮਿਤੀ 3 ਜੂਨ 2020 ਨੂੰ ਇਸ ਸੰਸਾਰ ਤੋਂ ਕੂਚ ਕਰ ਗਏ



ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਉਘੇ ਦਾਨੀ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦੇ ਮਿਸਿਜ਼ ਸ੍ਰੀਮਤੀ ਰੋਸ਼ਨੀ ਚੋਪੜਾ ਜੀ ਦੇ ਅਕਾਲ ਚਲਾਣਾ ਕਰ ਜਾਣ ’ਤੇ ਦਿਲੀ ਦੁੱਖ ਪ੍ਰਗਟ ਕਰਦੀ ਹੈ। ਵਾਹਿਗੁਰੂ ਉਹਨਾਂ ਦੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

**ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ**

ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚ ਰਹਨੁ ਥਿਰੁ ਨਾਹੀ॥

# ਸ੍ਰੀਮਤੀ ਰੋਸ਼ਨੀ ਚੋਪੜਾ ਸੁਪਤਨੀ ਸ੍ਰੀ ਸੁਖਰਾਜ ਚੋਪੜਾ

## ਸਾਨ ਫਰਾਂਸਿਸਕੋ ਨਿਵਾਸੀ ਮਿਤੀ 3 ਜੂਨ 2020 ਨੂੰ ਇਸ ਸੰਸਾਰ ਤੋਂ ਕੂਚ ਕਰ ਗਏ

ਬੜੇ ਦੁਖੀ ਹਿਰਦੇ ਨਾਲ ਲਿਖਣਾ ਪੈਂਦਾ ਹੈ ਕਿ ਸ੍ਰੀਮਤੀ ਰੋਸ਼ਨੀ ਚੋਪੜਾ ਸੁਪਤਨੀ ਸ੍ਰੀ ਸੁਖਰਾਜ ਚੋਪੜਾ ਸਾਨ ਫਰਾਂਸਿਸਕੋ ਨਿਵਾਸੀ ਮਿਤੀ 3 ਜੂਨ 2020 ਨੂੰ ਸੰਸਾਰ ਵਿਚ ਚੱਲ ਰਹੀ ਮਹਾਂਮਾਰੀ ਕਰੋਨਾ ਵਾਇਰਸ ਦੀ ਵਜ੍ਹਾ ਨਾਲ ਇਸ ਸੰਸਾਰ ਤੋਂ ਕੂਚ ਕਰ ਗਏ ਹਨ। ਰੋਸ਼ਨੀ ਚੋਪੜਾ ਜੀ ਇਕ ਨੇਕ ਦਿਲ ਇਨਸਾਨ ਤੇ ਧਾਰਮਿਕ ਖਿਆਲਾਂ ਦੀ ਸ਼ਖਸੀਅਤ ਸੀ। ਆਪਣੇ ਭਾਈਚਾਰੇ ਦੇ ਮੰਦਰਾਂ/ਗੁਰਦੁਆਰਿਆਂ ਵਿਚ ਭਜਨ ਸ਼ਬਦ ਕੀਰਤਨ ਗਾਉਣਾ ਉਹਨਾਂ ਦੀ ਇਕ ਖਾਸ ਰੁਚੀ ਸੀ। ਰੋਸ਼ਨੀ ਜੀ ਦੇ ਜਾਣ ਨਾਲ ਚੋਪੜਾ ਪਰਿਵਾਰ ਨੂੰ ਤਾਂ ਬਹੁਤ ਘਾਟਾ ਪਿਆ ਹੀ ਹੈ ਪਰ ਸਾਡੀ ਕਮਿਊਨਿਟੀ ਨੂੰ ਵੀ ਬਹੁਤ ਘਾਟਾ ਪਿਆ ਹੈ। ਅਸੀਂ ਵਾਹਿਗੁਰੂ ਅੱਗੇ ਇਹੋ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਸ਼ਾਹ ਰੋਸ਼ਨੀ ਚੋਪੜਾ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ ਤੇ ਪਿੱਛੇ ਪਰਿਵਾਰ ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦੀ ਸਮਰੱਥਾ ਬਖਸ਼ੇ।

ਫਰਿਜ਼ਨੋ ਸਿਲਮਾ ਤੇ ਇਲਾਕੇ ਦੀਆਂ ਸੰਗਤਾਂ ਨੇ ਫਰਿਜ਼ਨੋ ਵਿਖੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਨਾਂ ਤੇ ਗੁਰਦੁਆਰਾ ਸਥਾਪਤ ਕਰਨਾ ਚਾਹਿਆ। ਸਾਨੂੰ ਪਤਾ ਲੱਗਾ ਕਿ ਸੁਖਰਾਜ ਚੋਪੜਾ ਤੇ ਰੋਸ਼ਨੀ ਚੋਪੜਾ ਜੀ, ਜਿਹਨਾਂ ਨੇ ਫਿਜ਼ੀ ਵਿਚ ਤੇ ਅਮਰੀਕਾ ਵਿਚ ਆ ਕੇ ਪਿਟਸਬਰਗ ਵਿਚ ਗੁਰਦੁਆਰੇ ਬਣਾਉਣ ਵਿਚ ਤਨ ਮਨ ਅਤੇ ਧਨ ਨਾਲ ਬੇਅੰਤ ਸੇਵਾ ਕੀਤੀ ਹੈ। ਰਵਿਦਾਸੀਆ ਕੌਮ ਦੇ ਭਾਈਚਾਰੇ ਨੇ ਸਾਨੂੰ ਚੋਪੜਾ ਪਰਿਵਾਰ ਨੂੰ ਮਿਲਣ ਦੀ ਸਲਾਹ ਦਿੱਤੀ। ਸੋ, ਅਸੀਂ ਚੋਪੜਾ ਪਰਿਵਾਰ ਨੂੰ ਮਿਲਣ ਉਹਨਾਂ ਦੇ ਗ੍ਰਹਿ ਵਿਚ ਗਏ। ਜਿਸ ਤਰ੍ਹਾਂ ਸੁਖਰਾਜ ਜੀ ਤੇ ਰੋਸ਼ਨੀ ਚੋਪੜਾ ਜੀ ਨੇ ਸਾਡੀ ਆਓ ਭਗਤ ਕੀਤੀ ਤੇ ਜੋ ਬਚਨ ਸਾਡੇ ਨਾਲ ਸਾਂਝੇ ਕੀਤੇ, ਉਹ ਬਹੁਤ ਹੀ ਵਡਮੁੱਲੇ ਸਨ। ਉਹਨਾਂ ਨੇ ਕਿਹਾ ਕਿ "ਇਹ ਸਾਡੇ ਵੱਡੇ ਭਾਗ ਹਨ ਕਿ ਐਡੀ ਦੂਰੋਂ ਸੰਗਤਾਂ ਚੱਲ ਕੇ ਸਾਡੇ ਗਰੀਬਖਾਨੇ ਆਈਆਂ ਹਨ ਤੇ ਉਹਨਾਂ ਨੇ 20,000 ਡਾਲਰ ਭੇਟਾ ਦਿੱਤੀ। ਇੱਥੇ ਹੀ ਬੱਸ ਨਹੀਂ ਚੋਪੜਾ ਜੀ ਨੇ ਸਾਡੇ ਸਾਹਮਣੇ ਆਪਣੇ ਸਾਕ ਸਬੰਧੀਆਂ ਨੂੰ ਫੋਨ ਕੀਤੇ ਤੇ ਫੋਨ 'ਤੇ ਹੀ ਹਜ਼ਾਰਾਂ ਡਾਲਰ ਇਕੱਠੇ ਕਰਕੇ ਦਿੱਤੇ। ਬਾਅਦ ਵਿਚ ਅਸੀਂ ਇੰਗਲੈਂਡ, ਕੈਨੇਡਾ ਵੀ ਉਗਰਾਹੀ ਕਰਨ ਗਏ। ਉਦੋਂ ਚੋਪੜਾ ਜੀ ਨੇ ਆਪਣੇ ਰਿਸ਼ਤੇਦਾਰਾਂ ਨੂੰ ਫੋਨ ਕੀਤੇ ਤੇ ਉਥੋਂ ਵੀ ਅਸੀਂ ਚੋਖੀ ਮਾਇਆ ਇਕੱਤਰ ਕੀਤੀ। ਇਸ ਤਰ੍ਹਾਂ ਦੀ ਸੇਵਾ ਕਿਸੇ-ਕਿਸੇ ਦੇ ਹੀ ਭਾਗਾਂ ਵਿਚ ਨਸੀਬ ਹੁੰਦੀ ਹੈ।

ਗੁਰੂ ਘਰ ਫਰਿਜ਼ਨੋ ਦੀ ਓਪਨਿੰਗ ਸੈਰੇਮਨੀ ਵੀ ਸੰਨ 2004 ਵਿਚ ਸੁਖਰਾਜ ਚੋਪੜਾ ਤੇ ਰੋਸ਼ਨੀ ਚੋਪੜਾ ਜੀ ਨੇ ਕੀਤੀ। ਅਸੀਂ ਇਕ ਵਾਰ ਫਿਰ ਰੋਸ਼ਨੀ ਚੋਪੜਾ ਜੀ ਦੀ ਆਤਮਾ ਲਈ ਅਰਦਾਸ ਕਰਦੇ ਹਾਂ। ਵਾਹਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ ਤੇ ਸੁਖਰਾਜ ਚੋਪੜਾ ਜੀ ਨੂੰ ਲੰਬੀ ਉਮਰ ਬਖਸ਼ੇ ਕਿ ਉਹ ਆਪਣੀ ਕੌਮ ਦੀ ਸੇਵਾ ਕਰਦੇ ਰਹਿਣ।

**ਬੋਲੇ ਸੋ ਨਿਰਭੈਅ! ਸਤਿਗੁਰ ਰਵਿਦਾਸ ਮਹਾਰਾਜ ਜੀ ਕੀ ਜੈ!!**

**ਰਾਮ ਲਾਲ ਮਹਿਮੀ ਸੈਲਮਾ 559-301-1529**

**ਬੰਸੀ ਲਾਲ ਬੰਗੜ ਫਰਿਜ਼ਨੋ 559-801-8908**



ਸ੍ਰੀਮਤੀ ਰੋਸ਼ਨੀ ਚੋਪੜਾ

# ਚੋਪੜਾ ਪਰਿਵਾਰ ਨੂੰ ਅਸਹਿ ਗਹਿਰਾ ਸਦਮਾ

## ਇੰਡੋ-ਫੀਜ਼ੀ-ਅਮੈਰੀਕਨ ਭਾਈਚਾਰੇ 'ਚ ਜਾਣੀ ਪਹਿਚਾਣੀ ਸ਼ਖਸੀਅਤ ਮਿਸਿਜ਼ ਰੌਸ਼ਨੀ ਚੋਪੜਾ ਦਾ ਦਿਹਾਂਤ-ਸਸਕਾਰ

**ਬੇ-ਏਰੀਆ (ਬਿਊਰੋ)-** ਬ੍ਰਿਟਿਸ਼-ਇੰਡੀਆ ਦੌਰਾਨ ਬਹੁਤ ਸਾਰੇ ਭਾਰਤੀਆਂ ਨੂੰ ਬ੍ਰਿਟਿਸ਼ ਸਰਕਾਰ ਕੰਮਕਾਰ ਲਈ ਜਾਂ ਤਾਂ ਲੈ ਗਈ ਜਾਂ ਕੁਝ ਪਰਿਵਾਰ ਕੰਮਕਾਰਾਂ ਲਈ 19ਵੀਂ ਸਦੀ ਵਿਚ ਫਿਜ਼ੀ ਚਲੇ ਗਏ ਅਤੇ ਜਿਉਂ ਹੀ ਫਿਜ਼ੀ ਆਜ਼ਾਦ ਹੋਇਆ ਤਾਂ ਬਹੁਤ ਸਾਰੇ ਲੋਕ ਇੰਗਲੈਂਡ-ਕੈਨੇਡਾ6ਅਮਰੀਕਾ ਆਦਿ ਦੇਸ਼ਾਂ









'ਚ ਚਲੇ ਗਏ। ਉਹਨਾਂ ਪਰਿਵਾਰਾਂ 'ਚੋਂ ਸ. ਸੁਖਰਾਜ ਸਿੰਘ ਚੋਪੜਾ ਵੀ ਇਕ ਰਿਹਾ ਹੈ।

ਇੱਥੇ ਇਹ ਵਰਣਨ ਕਰਨਾ ਜ਼ਰੂਰੀ ਹੋਵੇਗਾ ਕਿ ਭਾਰਤੀ ਜਿੱਥੇ ਵੀ ਗਏ, ਉਥੇ ਉਹ ਆਪਣੇ ਨਾਲ ਆਪਣੇ ਸੰਸਕਾਰ, ਧਾਰਮਿਕ, ਸਮਾਜਿਕ ਤੇ ਸਭਿਆਚਾਰ ਆਦਿ ਨੂੰ ਵੀ ਭੁੱਲੇ ਹੀ ਨਹੀਂ ਬਲਕਿ ਆਪੋ-ਆਪਣੀ ਆਸਥਾ ਤੇ ਸਮਰੱਥਾ ਅਨੁਸਾਰ ਆਪਣੇ ਇਸ਼ਟ ਨੂੰ ਯਾਦ ਕਰਨ ਲਈ ਮੰਦਰ, ਗੁਰਦੁਆਰੇ, ਮਸਜਿਦ, ਚਰਚ ਆਦਿ ਵੀ ਉਸਾਰੇ। ਇਸੇ ਤਰ੍ਹਾਂ ਪਿਟਸਬਰਗ (ਕੈਲੇਫੋਰਨੀਆ) 'ਚ ਸ੍ਰੀ ਗੁਰੂ ਰਵਿਦਾਸ ਟੈਂਪਲ 'ਚ ਉਸਾਰਿਆ ਗਿਆ ਜੋ ਉਤਰੀ ਅਮਰੀਕਾ ਦਾ ਇਹ ਪਹਿਲਾ ਗੁਰੂ ਘਰ ਹੈ, ਜਿਸ ਵਿਚ ਫਿਜ਼ੀ ਦੇ ਲੋਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਤੋਂ ਪਹਿਲਾਂ ਉਹਨਾਂ ਫਿਜ਼ੀ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਉਤੇ ਵੀ ਗੁਰੂ ਘਰ ਉਸਾਰਿਆ ਸੀ ਜੋ ਭਾਰਤ ਤੋਂ ਬਾਹਰ ਕਿਸੇ ਹੋਰ ਦੇਸ਼ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਉਸਾਰਿਆ ਜਾਣ ਵਾਲਾ ਪਹਿਲਾ ਗੁਰੂ ਘਰ ਹੈ। ਸੋ ਸ੍ਰੀਮਾਨ ਸੁਖਰਾਜ ਸਿੰਘ ਚੋਪੜਾ ਜੀ ਨੂੰ ਕੈਲੇਫੋਰਨੀਆ 'ਚ ਸਾਰੇ ਹੀ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੀ ਨਹੀਂ ਬਲਕਿ ਵੱਧ-ਚੜ੍ਹ ਕੇ ਤਨ, ਮਨ, ਧਨ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਨਤਮਸਤਕ ਹੁੰਦਿਆਂ ਸੇਵਾ ਵੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਸਭ ਉਹਨਾਂ ਨੂੰ ਆਪਣੀ ਧਰਮ ਪਤਨੀ ਮਿਸਿਜ਼ ਰੌਸ਼ਨੀ ਚੋਪੜਾ ਦੇ ਸੰਪੂਰਨ ਨਹਿਯੋਗ ਨਾਲ ਸੰਭਵ ਹੋਇਆ।



ਹੁਣ ਉਹੀ ਮਿਸਿਜ਼ ਰੌਸ਼ਨੀ ਚੋਪੜਾ ਇਸ ਫਾਨੀ ਸੰਸਾਰ ਤੋਂ 3 ਜੂਨ 2020 ਨੂੰ ਆਖਰੀ ਅਲਵਿਦਾ ਆਖ ਕੇ ਸਵਰਗੀ ਰੌਸ਼ਨੀ ਚੋਪੜਾ ਹੋ ਗਈ। ਸਵਰਗੀ ਮਿਸਿਜ਼ ਰੌਸ਼ਨੀ ਚੋਪੜਾ ਦੇ ਬੇਵਕਤੀ ਅਕਾਲ ਚਲਾਣਾ ਕਰ ਜਾਣ ਨਾਲ ਜਿੱਥੇ ਸਮੂਹ ਚੋਪੜਾ ਪਰਿਵਾਰ ਨੂੰ ਅਸਹਿ ਗਹਿਰੇ ਸਦਮਾ ਲੱਗਾ ਹੈ, ਉਥੇ ਆਪਣੇ ਭਾਈਚਾਰੇ ਦੀ ਇਕ ਸੁਹਿਰਦ ਤੇ ਨੇਕ ਦਿਲ ਔਰਤ ਦਾ ਸਦਾ-ਸਦਾ ਲਈ ਵਿੱਛੜ ਜਾਣਾ ਬੜਾ ਦੁਖਦਾਇਕ ਹੈ। ਸਵਰਗੀ ਰੌਸ਼ਨੀ ਚੋਪੜਾ ਕਮਿਊਨਿਟੀ 'ਚ ਬੜੇ ਵਧੀਆ ਸੁਭਾਅ ਤੇ ਸਭ ਨਾਲ ਪਿਆਰ ਨਾਲ ਮਿਲਣ ਵਾਲੀ ਸ਼ਖਸੀਅਤ ਸੀ। ਉਸ ਦਾ ਗੁਰਬਾਣੀ ਨਾਲ ਪਿਆਰ ਸੀ, ਇਸੇ ਲਈ ਗੁਰੂ ਘਰਾਂ 'ਚ ਸਮਾਗਮ ਵਕਤ ਅਕਸਰ ਹੀ ਸ਼ਬਦ/ਗੀਤ ਜਾਂ ਕਵਿਤਾ ਨਾਲ ਹਾਜ਼ਰੀ ਲਗਾਇਆ ਕਰਦੀ ਸੀ।

ਉਹ ਪੁੰਨ ਦਾਨ 'ਚ ਵਿਸ਼ਵਾਸ ਹੀ ਨਹੀਂ ਬਲਕਿ ਕਰਿਆ ਕਰਦੀ ਸੀ। ਉਹ ਆਪਣੇ ਨੇਕ ਸੁਭਾਅ ਅਤੇ ਕਮਿਊਨਿਟੀ 'ਚ ਪਾਏ ਯੋਗਦਾਨ ਲਈ ਲੰਬੇ ਸਮੇਂ ਲਈ ਯਾਦ ਕੀਤੀ ਜਾਂਦੀ ਰਹੇਗੀ। ਅਦਾਰਾ 'ਦੇਸ਼ ਦੁਆਬਾ' ਇਸ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਤੇ ਅਕਾਲ ਪੁਰਖ ਆਪਣੇ ਚਰਨਾਂ 'ਚ ਨਿਵਾਸ ਦੇਵੇ, ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਅਤੇ ਮਗਰ ਦੁਖੀ ਚੋਪੜਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਸ੍ਰੀ ਸੁਖਰਾਜ ਚੋਪੜਾ ਦੀ ਮਿਸਜ਼ ਸ੍ਰੀਮਤੀ ਰੌਸ਼ਨੀ ਚੋਪੜਾ ਦਾ ਦੇਹਾਂਤ

**ਹੇਵਰਡ (ਬਿਊਰੋ)-** ਨਾਮਵਰ ਸ਼ਖਸੀਅਤ ਸ੍ਰੀਮਾਨ ਸੁਖਰਾਜ ਸਿੰਘ ਚੋਪੜਾ ਪਰਿਵਾਰ ਨੂੰ ਉਸ ਵਕਤ ਅਸਹਿ ਸਦਮਾ ਲੱਗਾ ਜਦੋਂ ਉਹਨਾਂ ਦੀ ਸੁਪਤਨੀ ਸ੍ਰੀਮਤੀ ਰੌਸ਼ਨੀ ਚੋਪੜਾ ਦਾ 3 ਜੂਨ ਨੂੰ ਦੇਹਾਂਤ ਹੋ ਗਿਆ। ਚੋਪੜਾ ਪਰਿਵਾਰ ਵੱਲੋਂ ਕੈਲੇਫੋਰਨੀਆ ਦੇ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਨੂੰ ਸ਼ੁਰੂ ਤੋਂ ਮਾਇਕ ਮਦਦ ਰਹੀ ਹੈ। ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਸਾਰੇ ਗੁਰੂ ਘਰਾਂ ਦੇ ਓਪਨਿੰਗ ਉਦਘਾਅਨ ਕਰਨ ਦਾ ਸੇਵਾ ਮਾਣ ਪ੍ਰਾਪਤ ਹੋਇਆ ਹੈ। ਇਹ ਸਭ ਸ੍ਰੀਮਤੀ ਰੌਸ਼ਨੀ ਚੋਪੜਾ ਦੇ ਸਦਕੇ ਹੀ ਸੰਭਵ ਸੀ। ਸਵਰਗੀ ਸ੍ਰੀਮਤੀ ਰੌਸ਼ਨੀ ਚੋਪੜਾ ਦਾ ਸਸਕਾਰ 8 ਜੂਨ ਨੂੰ ਚੈਪਲ ਆਫ ਚਾਇਮ ਹੇਵਰਡ ਵਿਖੇ ਕੀਤਾ ਗਿਆ, ਜਿੱਥੇ ਸਰਵ ਸ੍ਰੀ ਸੁਖਰਾਜ ਸਿੰਘ ਚੋਪੜਾ ਤੋਂ ਇਲਾਵਾ ਸ੍ਰੀ ਵਿਨੋਦ ਕੁਮਾਰ ਚੁੰਬਰ, ਕਮਲ ਚੋਪੜਾ, ਬਿਮਲ ਚੋਪੜਾ, ਯਸ਼ ਚੋਪੜਾ, ਡਾ. ਹਰਮੇਸ਼ ਕੁਮਾਰ ਆਦਿ। ਸਭ ਨੇ ਆਪਣੇ ਤੇ ਆਪਣੇ ਪਰਿਵਾਰ ਵੱਲੋਂ ਸ੍ਰੀ ਚੋਪੜਾ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ, ਜਿੱਥੇ ਉਹਨਾਂ ਕਿਹਾ ਕਿ ਸਵਰਗੀ ਰੌਸ਼ਨੀ ਚੋਪੜਾ ਦੇ ਵਿਛੋੜੇ ਨਾਲ ਕਮਿਊਨਿਟੀ ਨੂੰ ਬੜਾ ਵੱਡਾ ਘਾਟਾ ਪਿਆ, ਉਥੇ ਚੋਪੜਾ ਪਰਿਵਾਰ ਨੇ ਗਹਿਰਾ ਸਦਮਾ ਤਾਂ ਹੈ ਹੀ ਪਰ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਪਲ-ਪਲ ਸਾਥ ਦੇਣ ਵਾਲੀ ਉਹਨਾਂ ਦੀ ਨੇਕ ਸੁਭਾਅ ਵਾਲੀ ਧਰਮ ਪਤਨੀ ਦਾ ਇੰਨੀ ਜਲਦੀ ਚਲੇ ਜਾਣਾ ਬੜੇ ਦੁੱਖ ਦੀ ਗੱਲ ਹੈ। ਸ੍ਰੀ ਵਿਨੋਦ ਕੁਮਾਰ ਚੁੰਬਰ ਚੇਅਰਮੈਨ ਨੇ ਆਪਣੇ ਵੱਲੋਂ ਆਪਣੇ ਪਰਿਵਾਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਅਸੀਂ ਸਾਰੇ ਮਿਸਿਜ਼ ਰੌਸ਼ਨੀ ਚੋਪੜਾ ਦਾ ਸਾਡੇ ਸਮਾਜ 'ਚ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਾਂਗਾ।

# ਜੇ ਕੋ ਗੁਰਮੁਖਿ ਹੋਇ।।



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

ਸਾਨੂੰ ਅੱਜ ਗੁਰਬਾਣੀ ਦੀ ਸਹੀ ਸਮਝ ਨਾ ਆਉਣ ਦੇ ਕਾਰਣ ਤਾਂ ਬਹੁਤ ਹਨ, ਜਿਨਾਂ ਵਿੱਚੋਂ ਵਿੱਦਿਆ, ਅਵਿੱਦਿਆ ਅਤੇ ਬ੍ਰਹਮ ਵਿੱਦਿਆ ਵਿਚਲੇ ਫਰਕ ਤੋਂ ਸਾਡਾ ਜਾਣੂ ਨਾ ਹੋਣਾ ਸਭ ਤੋਂ ਵੱਡਾ ਕਾਰਣ ਹੈ । ਗੁਰਬਾਣੀ ਵਿੱਚ ਕਈ ਜਗਾ ਅਜਿਹੇ ਸੰਕੇਤ ਦਿੱਤੇ ਹੋਏ ਨੇ ਜਿਵੇਂ:-

ਮਾਧੋ ਅਵਿਦਿਆ ਹਿਤ ਕੀਨ।।
ਬਿਬੇਕ ਦੀਪ ਮਲੀਨ
।।੧।। ਰਹਾਉ।।
(ਰਾਗ ਆਸਾ, ਭਗਤ ਕਬੀਰ ਜੀ, ਪੰਨਾ ੪੯੬)

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ।।
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ।।
(ਰਾਗ ਰਾਮਕਲੀ , ਮ:੧, ਪੰਨਾ ੯੩੮)

ਵਿਦਿਆ ਵੀਚਾਰੀ ਤਾਂ ਪਰਉਪਕਾਰੀ ।।
(ਰਾਗ ਆਸਾ, ਮ:੧, ਪੰਨਾ ੩੫੬)

ਉਪਰੋਕਤ ਪੰਕਤੀਆਂ ਤੋਂ ਪਤਾ ਲਗਦਾ ਹੈ ਕਿ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਪੜੇ ਹੋਏ ਜਾਂ ਪੜਾਉਣ ਵਾਲੇ ਗੁਰਬਾਣੀ ਨੂੰ ਨਹੀਂ ਅਰਥਾ ਸਕਣਗੇ ਕਿਉਂਕਿ ਇਨਾਂ ਵਿੱਚ ਮਹਿਜ਼ ਵਿਦਿਆ ਪੜਾਈ ਜਾਂਦੀ ਹੈ ਵੀਚਾਰੀ ਨਹੀਂ ਜਾਂਦੀ । ਵੀਚਾਰੀ ਹੋਈ ਵਿੱਦਿਆ ਹੀ ਸਾਡੇ ਆਤਮਕ ਭਲੇ ਲਈ ਉਪਯੋਗੀ ਸਿੱਧ ਹੋ ਸਕਦੀ ਹੈ । ਨਹੀਂ ਤਾਂ ਵਿਦਵਾਨ ਵਾਦ-ਵਿਵਾਦ ਵਿੱਚ ਉਲਝ ਕੇ ਸਗੋਂ ਆਪਣੀ ਅਕਲ ਦਾ ਨਾਸ ਹੀ ਕਰਿਆ ਕਰਦੇ ਹਨ ।

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ।।
(ਰਾਗ ਸਾਰੰਗ, ਮ:੧, ਪੰਨਾ ੧੨੪੫)

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ।।
(ਰਾਗ ਮਲਾਰ, ਮ:੧, ਪੰਨਾ ੧੨੫੪)

ਉਪਰੋਕਤ ਪੰਕਤੀਆਂ ਉਸ ਵੇਲੇ ਦੇ ਵਿਦਵਾਨਾਂ ਜਾਂ ਪੰਡਿਤਾਂ ਦੇ ਪ੍ਰਥਾਏ ਹੀ ਉਚਾਰੀਆਂ ਹੋਈਆਂ ਹਨ ਜੋ ਕਿ ਅੱਜ ਦੇ ਵਿਦਵਾਨਾਂ ਉਪਰ ਵੀ ਸੌ ਫੀਸਦੀ ਲਾਗੂ ਹਨ ਕਿਉਂਕਿ ਅੱਜ ਦੇ ਸਿੱਖ ਵਿਦਵਾਨ ਵਾਦ ਵਿਵਾਦ ਵਿੱਚ ਉਲਝੇ ਹੋਏ ਹਨ।

ਵਿਦਵਾਨ ਵਿਦਿਆ ਪੜਣ ਤੱਕ ਹੀ ਸੀਮਿਤ ਹੁੰਦੇ ਹਨ, ਜਦਕਿ ਗੁਰਮੁਖ ਜੋ ਪੜਦੇ ਹਨ ਉਸਨੂੰ ਵਿਚਾਰਦੇ ਹਨ ਕਿ ਇਸ ਵਿੱਚ ਸੱਚ ਕਿੰਨਾ ਹੈ?

ਇਸ ਲਈ ਗੁਰਮੁਖ ਮਨਮਤਿ ਦੇ ਗ੍ਰੰਥਾਂ ਤੋਂ ਕਦੀ ਪ੍ਰਭਾਵਿਤ ਨਹੀਂ ਹੋਏ। ਜਦਕਿ ਵਿਦਵਾਨਾਂ ਨੂੰ ਮਨਮੱਤ ਦੀ ਸਮਝ ਹੀ ਨਹੀਂ ਹੁੰਦੀ । ਕਿਉਂਕਿ ਮਨਮੱਤ ਦੀ ਸਮਝ ਹੀ ਉਦੋਂ ਆਉਂਦੀ ਹੈ ਜਦੋਂ ਕੋਈ ਆਪਣੀ ਅੰਤਰ ਆਤਮਾ ਤੋਂ ਆਪਣੀ ਮੱਤ(ਅਕਲ) ਨੂੰ ਥੋੜੀ ਮੰਨ ਲੈਂਦਾ ਹੈ।

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ।।
(ਰਾਗ ਬਿਹਾਗੜਾ, ਮ:੫, ਪੰਨਾ-੫੪੭)

ਵਿਦਵਾਨਾਂ ਵਿੱਚ ਇਹ ਗੁਣ ਨਾ ਕਦੀ ਹੋਇਆ ਹੈ ਅਤੇ ਨਾ ਹੀ ਹੋ ਸਕਦਾ ਹੈ, ਪਰ ਜੇ ਕਦੀ ਅਜਿਹਾ ਹੋ ਜਾਵੇ ਫਿਰ ਵਿਦਵਾਨ ਆਪਣੇ ਆਪ ਨੂੰ ਵਿਦਵਾਨ ਨਹੀਂ ਮੰਨਦਾ ਉਹ ਗੁਰਮੁਖ ਹੋ ਜਾਂਦਾ ਹੈ । ਇਸੇ ਲਈ ਗੁਰਬਾਣੀ ਨੂੰ ਅਰਥਾਉਣਾ ਗੁਰਮੁਖਾਂ ਦੇ ਹਿੱਸੇ ਹੀ ਆਉਂਦਾ ਹੈ :-

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ।।
(ਰਾਗ ਰਾਮਕਲੀ, ਮ:੧, ਪੰਨਾ ੯੩੫)

ਬਾਣੀ ਨੂੰ ਕੇਵਲ ਉਹ ਹੀ ਵਿਚਾਰ ਸਕਦਾ ਹੈ ਜਿਹੜਾ ਗੁਰਬਾਣੀ ਨੂੰ ਪੜਨ ਦੀ ਬਜਾਏ ਗੁਰਬਾਣੀ ਤੋਂ ਪੜਿਆ ਹੋਵੇ।

ਪਿਛਲੇ ਕੁੱਝ ਸਾਲਾਂ ਵਿੱਚ ਵਿਦਵਾਨਾਂ ਨੇ ਵੀ ਇਹ ਮੰਨ ਲਿਆ ਹੈ ਕਿ ਗੁਰਬਾਣੀ ਨੂੰ ਅਰਥਾਉਣ ਲਈ ਸਾਡੇ ਕੋਲ ਕੋਈ ਡਿਕਸ਼ਨਰੀ (Dictionary) ਨਹੀਂ ਹੈ ਕਿਉਂਕਿ ਗੁਰਬਾਣੀ ਦੀ ਭਾਸ਼ਾ ਆਪਣੇ ਆਪ ਵਿੱਚ ਇੱਕ ਵੱਖਰੀ ਭਾਸ਼ਾ ਹੈ। ਜਿਸ ਵਿੱਚ ਨਿਰਾਕਾਰ ਦਾ ਗਿਆਨ ਕਰਵਾਇਆ ਹੋਇਆ ਹੈ । ਜਦਕਿ ਨਿਰਾਕਾਰ ਦੇ ਗਿਆਨ ਦਾ ਵਿਸ਼ਾ ਸੰਸਾਰੀ ਕਾਲਜਾਂ ਅਤੇ ਯੂਨੀਵਰਿਸਟੀਆਂ ਦਾ ਹੈ ਹੀ ਨਹੀਂ।

# ਮਾਂਵਾਂ ਬੇਸ਼ੱਕ ਠੰਢੀਆਂ ਛਾਂਵਾਂ ਪਰ ਪਿਤਾ ਦਾ ਨਾ ਭੁੱਲ ਜਾਇਓ ਸਿਰਨਾਂਵਾਂ

ਰਮੇਸ਼ ਬੱਗਾ ਚੋਹਲਾ
91-9463132719

ਦੁਨੀਆਂ ਦੇ ਸੂਝਵਾਨ ਹਲਕਿਆਂ ਵਿਚ ਮਾਂ ਨੂੰ ਰੱਬ ਦਾ ਦੂਜਾ ਰੂਪ ਕਹਿ ਕੇ ਸਤਿਕਾਰਿਆ ਅਤੇ ਪਿਆਰਿਆ ਜਾਂਦਾ ਹੈ। ਕਿਉਂਕਿ ਆਪਣੇ ਬੱਚੇ ਦੇ ਪਾਲਣ-ਪੋਸ਼ਣ ਹਿੱਤ ਆਪਣੀ ਮਾਂ ਤੋਂ ਵੱਡੀ ਕੁਰਬਾਨੀ ਦੁਨੀਆਂ ਦੇ ਹੋਰ ਕਿਸੇ ਵੀ ਰਿਸ਼ਤੇ ਵਿਚ ਦੇਖਣ ਨੂੰ ਨਹੀਂ ਮਿਲਦੀ ਪਰ ਇਸ ਕੁਰਬਾਨੀ ਦੇ ਜਜ਼ਬੇ ਨੂੰ ਹੁਲਾਰਾ ਬੱਚੇ ਦੇ ਪਿਤਾ ਵੱਲੋਂ ਹੀ ਦਿੱਤਾ ਜਾਂਦਾ ਹੈ। ਪਤਨੀ ਦੇ ਰੂਪ ਵਿਚ ਬੱਚੇ ਦੀ ਮਾਂ ਨੂੰ ਬੱਚੇ ਦੇ ਪਿਤਾ ਵੱਲੋਂ ਸਮੇਂ-ਸਮੇਂ ਦਿੱਤਾ ਗਿਆ ਹੁਲਾਰਾ ਅਤੇ ਸਹਾਰਾ ਉਸ ਮਾਂ ਦੀ ਸ਼ਕਤੀ ਅਤੇ ਸਮਰੱਥਾ ਹੋ ਨਿਬੜਦੀ ਹੈ।

ਆਪਣਿਆਂ ਬੱਚਿਆਂ ਨੂੰ ਸਹੀ ਸਮੇਂ 'ਤੇ ਸਹੀ ਅਗਵਾਈ ਦੇਣੀ ਅਤੇ ਉਸ ਅਗਵਾਈ ਦੀ ਰੋਸ਼ਨੀ ਵਿਚ ਸਹੀ ਨਿਸ਼ਾਨਿਆਂ ਨੂੰ ਮਿਥਣ ਵਿਚ ਬੱਚੇ ਦੇ ਪਿਤਾ ਦਾ ਆਪਣਾ ਇੱਕ ਅਹਿਮ ਰੋਲ ਹੁੰਦਾ ਹੈ। ਜਿਹੜਾ ਪਿਤਾ ਆਪਣਾ ਇਹ ਰੋਲ ਸੁਚੱਜੇ ਢੰਗ ਨਾਲ ਨਹੀਂ ਨਿਭਾਉਂਦਾ ਉਹ ਆਪਣੀ ਔਲਾਦ ਦੇ ਪਿਆਰ ਅਤੇ ਸਤਿਕਾਰ ਦਾ ਪਾਤਰ ਨਹੀਂ ਬਣ ਸਕਦਾ। ਇਸ ਰੋਲ ਦਾ ਨਿਭਾਅ ਕਿਸੇ ਪਿਤਾ ਦੀ ਆਰਥਿਕਤਾ ਨਾਲ ਵੀ ਜੁੜਿਆ ਹੁੰਦਾ ਹੈ। ਜੇਕਰ ਆਰਥਿਕਤਾ ਬਲਵਾਨ ਹੋਵੇਗੀ ਤਾਂ ਰੋਲ ਵੀ ਪ੍ਰਭਾਵਸ਼ਾਲੀ ਹੋਵੇਗਾ ਪਰ ਜੇਕਰ ਆਰਥਿਕਤਾ ਦਾਲ-ਫੁਲਕੇ ਜੋਗੀ ਹੀ (ਭਾਵ ਕਮਜ਼ੋਰ) ਹੋਵੇਗੀ ਤਾਂ ਪਿਤਾ ਜੀ ਦਾ ਇਹ ਰੋਲ ਵੀ ਬੁੱਤਾ-ਸਾਰ ਹੀ ਹੋਵੇਗਾ। ਖ਼ੈਰ ਆਰਥਿਕ-ਸਮਾਜਿਕ ਰੁਤਬਾ ਚਾਹੇ ਕੋਈ ਵੀ ਹੋਵੇ ਹਰੇਕ ਪਿਤਾ ਆਪਣੇ ਬੱਚਿਆਂ ਦਾ ਭਲਾ ਸੋਚਦਾ ਅਤੇ ਲੋਚਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਔਲਾਦ ਉਸ ਤੋਂ ਵੀ ਚਾਰ ਕਦਮ ਅਗੇਰੇ ਜਾਵੇ। ਉਸ ਦੇ ਬੱਚਿਆਂ ਦੀ ਕਾਮਯਾਬੀ ਵਿਚ ਹੀ ਉਸ ਦੀ ਆਪਣੀ ਕਾਮਯਾਬੀ ਅਤੇ ਖ਼ੁਸ਼ੀ ਛੁਪੀ ਹੁੰਦੀ ਹੈ। ਜੇਕਰ ਬੱਚਿਆਂ ਨੂੰ ਕੋਈ ਭੁੱਖ/ਦੁੱਖ ਹੋਵੇ ਤਾਂ ਪਿਤਾ ਆਪਣੇ ਹਿੱਸੇ ਦੀ ਬੁਰਕੀ/ ਸੁੱਖ ਆਪਣੇ ਬੱਚਿਆਂ ਤੋਂ ਵਾਰ ਦਿੰਦਾ ਹੈ। ਇਸ ਵਾਰਨੇ ਦੀ ਭਾਵਨਾ ਨੂੰ ਉਹ ਆਪਣਾ ਧੰਨ ਭਾਗ ਸਮਝਦਾ ਹੈ। ਆਪਣੇ ਧੀਆਂ-ਪੁੱਤਰਾਂ ਦੀ ਤਰੱਕੀ ਉਸ ਲਈ ਖ਼ੁਸ਼ੀਆਂ-ਖੇੜਿਆਂ ਦਾ ਸਬੱਬ ਬਣਦੀ ਹੈ। ਜਗ 'ਤੇ ਪੁੱਤ ਤਾਂ ਕਪੁੱਤ ਹੁੰਦੇ ਅਕਸਰ ਸੁਣੇ ਜਾਂਦੇ ਹਨ ਪਰ ਕੋਈ ਪਿਤਾ ਕੁਪਿਤਾ ਹੁੰਦਾ ਬਹੁਤ ਹੀ ਘੱਟ ਸੁਣਾਈ/ਦਿਖਾਈ ਦਿੰਦਾ ਹੈ। ਪਿਤਾ ਆਪ ਤਾਂ ਕੰਡਿਆਲੀਆਂ ਰਾਹਾਂ 'ਤੇ ਵੀ ਤੁਰ ਲੈਂਦਾ ਹੈ ਪਰ ਆਪਣੇ ਧੀਆਂ-ਪੁੱਤਰਾਂ ਦੀਆਂ ਰਾਹਾਂ ਵਿਚੋਂ ਹਮੇਸ਼ਾਂ ਕੰਡੇ ਚੁੱਗਦਾ ਰਹਿੰਦਾ ਹੈ। ਉਸ ਦੀ ਕਮਾਈ ਅਤੇ ਭਲਾਈ ਸਦਕਾ ਹੀ ਉਸ ਦੀ ਸੰਤਾਨ ਸਦਾ ਮੌਜ(ਖ਼ੁਸ਼ੀ) ਵਿਚ ਰਹਿੰਦੀ ਹੈ। ਤਾਂਹੀਉਂ ਤਾਂ ਕਿਸੇ ਗਾਇਕ ਨੇ ਇਹ ਬੋਲ ਕਹੇ ਹਨ ਜੋ ਸੱਚ ਦੇ ਕਾਫ਼ੀ ਨੇੜੇ ਹਨ:-

'ਉਹ ਮੌਜਾਂ ਭੁੱਲਦੀਆਂ ਨਹੀਂ ਜੋ ਬਾਪੂ (ਪਿਤਾ) ਦੇ ਸਿਰ 'ਤੇ ਕਰੀਆਂ'

ਸਾਡੇ ਗੁਰੂ ਸਾਹਿਬਾਨ ਨੇ ਮਾਤਾ ਦੇ ਨਾਲ-ਨਾਲ ਪਿਤਾ ਨੂੰ ਵੀ ਗੁਰਦੇਵ ਦਾ ਦਰਜਾ ਦਿੱਤਾ ਹੈ। ਇਸ ਦਰਜੇ ਤਹਿਤ ਮਾਤਾ-ਪਿਤਾ ਦੀ ਸੇਵਾ ਤੀਰਥ ਸਮਾਨ ਮੰਨੀ ਗਈ ਹੈ। ਪਰ ਅਜੋਕੇ ਸਮੇਂ ਵਿਚ ਇਹ ਸਮੀਕਰਣਾਂ ਦਿਨ-ਬ-ਦਿਨ ਬਦਲ-ਦੀਆਂ ਜਾ ਰਹੀਆਂ ਹਨ। ਇਨ੍ਹਾਂ ਸਮੀਕਰਣਾਂ ਕਾਰਨ ਸਾਡੀ ਰਿਸ਼ਤਾ-ਨਾਤਾ ਪ੍ਰਣਾਲੀ ਵੀ ਮਤਲਬਖ਼ੋਰੀ ਪਹੁੰਚ ਦਾ ਸ਼ਿਕਾਰ ਹੋ ਰਹੀ ਹੈ। 'ਗੌਂ ਭੁਨਾਵੇਂ ਜੌਂ' ਦੀ ਤਰਜ਼ 'ਤੇ ਹਰੇਕ ਬੰਦਾ ਆਪਣੇ ਮਤਲਬ ਨਾਲ ਬੱਝਾ ਹੋਇਆ ਹੈ। ਮਤਲਬ ਨਿਕਲ ਜਾਣ ਤੋਂ ਬਾਅਦ ਉਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦਾ। ਬਦਲੀਆਂ ਹੋਈਆਂ ਇਨ੍ਹਾਂ ਸਮੀਕਰਣਾਂ ਦਾ ਅਸਰ ਬਾਪ-ਬੇਟੇ/ ਬੇਟੀਆਂ ਦੇ ਰਿਸ਼ਤਿਆਂ ਵਿਚ ਵੀ ਸਾਫ ਦਿਖਾਈ ਦੇਣ ਲੱਗ ਪਿਆ ਹੈ। ਜਿਹੜੀ ਸੰਤਾਨ ਦੀ ਬਿਗੜੀ ਸੰਵਾਰਨ ਲਈ ਪਿਤਾ ਵੱਲੋਂ ਅਕਸਰ ਕੋਈ ਨਾ ਕੋਈ ਘਾਲਣਾ ਘਾਲੀ ਜਾਂਦੀ ਹੈ। ਉਹੀ ਸੰਤਾਨ ਲੋੜ ਪੈਣ ਤੇ ਉਸ (ਪਿਤਾ) ਨੂੰ ਅੱਖਾਂ ਦਿਖਾਉਣ ਲੱਗ ਪੈਂਦੀ ਹੈ। ਪਿਛਲੀ ਉਮਰੇ ਕਈ ਬਾਪ ਤਾਂ ਆਪਣੇ ਬੱਚਿਆਂ ਦੀ ਬੇਧਿਆਨੀ ਦਾ ਸ਼ਿਕਾਰ ਹੋ ਕੇ ਬਿਰਧ ਆਸ਼ਰਮ ਦੀ ਸ਼ਰਨ ਤੱਕ ਲੈ ਲੈਂਦੇ ਹਨ। ਦੁਖ਼ੀ ਹੋਈ ਉਨ੍ਹਾਂ ਦੀ ਆਤਮਾ ਤਾਂ ਇਹ ਵੀ ਕਹਿ ਦਿੰਦੀ ਹੈ ਕਿ 'ਅਜਿਹੀ ਔਲਾਦ ਨਾਲੋਂ ਤਾਂ ਬੇਔਲਾਦੇ ਹੀ ਚੰਗੇ ਸੀ'। ਅਜਿਹੀ ਸੂਰਤ-ਏ-ਹਾਲ ਕਈ ਵਾਰ ਤਾਂ ਕਈਆਂ ਬੱਚਿਆਂ ਵਿਚ ਆਈ (ਪਿਤਾ ਦੀ ਦੌਲਤ ਪ੍ਰਤੀ) ਲਾਲਚ ਦੀ ਭਾਵਨਾ ਵੱਸ ਉਪਜ ਪੈਂਦੀ ਹੈ। ਦੌਲਤ ਦੀ ਵੰਡ ਅਤੇ ਔਲਾਦ ਦੀ ਬੇਰੁਖ਼ੀ ਤਾਂ ਹੁਣ ਮਾਪਿਆਂ ਨੂੰ ਵੀ ਵੰਡਣ ਲੱਗ ਪਈ ਹੈ। ਆਪਣੀ ਜ਼ਿਮੀਵਾਰੀ ਤੋਂ ਕਿਨਾਰਾ ਕਰਨ ਵਾਲੀ ਸੰਤਾਨ ਮਾਂ ਨੂੰ ਕਿਤੇ ਹੋਰ ਅਤੇ ਬਾਪ(ਪਿਤਾ) ਨੂੰ ਕਿਤੇ ਹੋਰ ਰਹਿਣ ਲਈ ਮਜ਼ਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਉਨ੍ਹਾਂ ਨੂੰ ਮਾਨਸਿਕ ਕਸ਼ਟ ਸਹਿਣਾ ਪੈਂਦਾ ਹੈ ਉਥੇ ਉਨ੍ਹਾਂ ਦਾ ਬੁਢਾਪਾ ਵੀ ਮਿੱਟੀ ਵਿਚ ਰੁੱਲ ਜਾਂਦਾ ਹੈ।



# ਅਮਰੀਕਾ: ਐਚ-1ਬੀ ਵੀਜ਼ਾ ਉਤੇ ਦਸੰਬਰ ਤੱਕ ਮੁਕੰਮਲ ਰੋਕ

**ਵਾਸ਼ਿੰਗਟਨ-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਵੀਜ਼ਾ ਇਸ ਸਾਲ ਦੇ ਅੰਤ ਤੱਕ ਬੰਦ ਕਰਨ ਦਾ ਐਲਾਨ ਕੀਤਾ ਹੈ। ਭਾਰਤੀ ਸੂਚਨਾ ਤਕਨੀਕ ਮਾਹਿਰਾਂ 'ਚ ਹਰਮਨਪਿਆਰੇ ਇਸ ਵੀਜ਼ਾ ਤੋਂ ਇਲਾਵਾ ਵਿਦੇਸ਼ੀਆਂ ਨਾਲ ਸਬੰਧਤ ਹੋਰ ਵਰਕ ਵੀਜ਼ਾ ਵੀ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਬੰਦ ਕੀਤੇ ਗਏ ਵੀਜ਼ਿਆਂ 'ਚ ਐਚ-1ਬੀ ਤੋਂ ਇਲਾਵਾ ਐਚ-4, ਐਚ-2ਬੀ, 'ਜੇ' ਤੇ 'ਐਲ' ਟਾਈਪ ਵੀਜ਼ਾ ਸ਼ਾਮਲ ਹਨ। ਇਸ ਫ਼ੈਸਲੇ ਨਾਲ ਅਮਰੀਕੀਆਂ ਲਈ ਕਰੀਬ 5,25,000 ਨੌਕਰੀਆਂ ਖਾਲੀ ਹੋ ਜਾਣਗੀਆਂ। ਟਰੰਪ ਦਾ ਕਹਿਣਾ ਹੈ ਕਿ ਇਹ ਕਦਮ ਉਨ੍ਹਾਂ ਕਰੋੜਾਂ ਅਮਰੀਕੀਆਂ ਦੀ ਮਦਦ ਕਰਨ ਲਈ ਜ਼ਰੂਰੀ ਹੈ ਜੋ ਮੌਜੂਦਾ ਆਰਥਿਕ ਸੰਕਟ ਕਾਰਨ ਆਪਣੀ ਨੌਕਰੀ ਗੁਆ ਬੈਠੇ ਹਨ।

ਕਾਰੋਬਾਰੀ ਸੰਗਠਨਾਂ, ਸੰਸਦ ਮੈਂਬਰਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਵਿਰੋਧ ਦੇ ਬਾਵਜੂਦ ਟਰੰਪ ਨੇ ਨਵੰਬਰ ਵਿਚ ਹੋਣ ਜਾ ਰਹੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਇਹ ਹੁਕਮ ਜਾਰੀ ਕਰ ਦਿੱਤੇ ਹਨ। ਰਾਸ਼ਟਰਪਤੀ ਦੇ ਹੁਕਮ 24 ਜੂਨ ਤੋਂ ਲਾਗੂ ਹੋ ਗਏ ਹਨ ਤੇ ਇਸ ਦਾ ਵੱਡੀ ਗਿਣਤੀ ਭਾਰਤੀ ਸੂਚਨਾ ਤਕਨੀਕ ਪੇਸ਼ੇਵਰਾਂ ਉਤੇ ਅਸਰ ਪੈਣ ਦੇ ਆਸਾਰ ਹਨ। ਇਸ ਹੁਕਮ ਦਾ ਅਸਰ ਅਮਰੀਕੀ ਤੇ ਭਾਰਤੀ ਕੰਪਨੀਆਂ ਉਤੇ ਵੀ ਪਵੇਗਾ ਜਿਨ੍ਹਾਂ ਨੂੰ ਵਿੱਤੀ ਵਰ੍ਹੇ 2021 ਲਈ ਪਹਿਲੀ ਅਕਤੂਬਰ ਤੋਂ ਅਮਰੀਕੀ ਸਰਕਾਰ ਨੇ ਐਚ-1ਬੀ ਵੀਜ਼ਾ ਜਾਰੀ ਕੀਤੇ ਹਨ। ਉਨ੍ਹਾਂ ਨੂੰ ਹੁਣ ਦੁਬਾਰਾ ਵੀਜ਼ਾ ਸਟੈਂਪ ਲਈ ਅਮਰੀਕੀ ਕੂਟਨੀਤਕ ਮਿਸ਼ਨ ਤੱਕ ਪਹੁੰਚ ਕਰਨ ਲਈ ਘੱਟੋ-ਘੱਟ ਮੌਜੂਦਾ ਵਿੱਤੀ ਵਰ੍ਹੇ ਦੇ ਖ਼ਤਮ ਹੋਣ ਦੀ ਉਡੀਕ ਕਰਨੀ ਪਵੇਗੀ।




ਦੱਸਣਯੋਗ ਹੈ ਕਿ ਵੱਡੀ ਗਿਣਤੀ ਭਾਰਤੀ ਆਈਟੀ ਮਾਹਿਰ ਆਪਣੇ ਐਚ-1ਬੀ ਵੀਜ਼ਾ ਨਵਿਆਏ ਜਾਣ ਦੀ ਉਡੀਕ ਕਰ ਰਹੇ ਸਨ। ਟਰੰਪ ਨੇ ਕਿਹਾ ਕਿ ਅਮਰੀਕੀ ਆਵਾਸ ਸਿਸਟਮ ਦਾ ਪ੍ਰਸ਼ਾਸਨ ਘਰੇਲੂ ਰੁਜ਼ਗਾਰ ਉਤੇ ਵਿਦੇਸ਼ੀਆਂ ਦੇ ਪੈਣ ਵਾਲੇ ਪ੍ਰਭਾਵ ਦਾ ਹਿਸਾਬ-ਕਿਤਾਬ ਰੱਖਦਾ ਹੈ। ਜਿਹੋ-ਜਿਹੇ ਹਾਲਾਤ ਹੁਣ ਬਣ ਰਹੇ ਹਨ, ਉਸ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ। ਟਰੰਪ ਨੇ ਕਿਹਾ ਕਿ ਫਰਵਰੀ ਤੋਂ ਮਈ ਤੱਕ ਅਮਰੀਕਾ 'ਚ ਬੇਰੁਜ਼ਗਾਰੀ ਬੇਹੱਦ ਵਧ ਗਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਟਰੰਪ ਨਵੇਂ ਗ੍ਰੀਨ ਕਾਰਡ ਜਾਰੀ ਕਰਨ ਉਤੇ ਵੀ ਰੋਕ ਲਾ ਚੁੱਕੇ ਹਨ, ਜਿਸ ਨਾਲ ਵਿਅਕਤੀ ਨੂੰ ਅਮਰੀਕਾ 'ਚ ਕੋਈ ਵੀ ਨੌਕਰੀ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ।

**ਕਾਰੋਬਾਰੀ ਆਗੂਆਂ, ਕਾਨੂੰਨਸਾਜ਼ਾਂ ਤੇ ਮਨੁੱਖੀ ਹੱਕ ਸੰਗਠਨਾਂ ਨੂੰ ਇਤਰਾਜ਼**

ਰਾਸ਼ਟਰਪਤੀ ਡੋਨਲਡ ਟਰੰਪ ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ। ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾ-ਮੂਰਤੀ ਨੇ ਰਾਸ਼ਟਰਪਤੀ ਨੂੰ ਵੀਜ਼ਿਆਂ ਉਤੇ ਲਾਈ ਪਾਬੰਦੀ ਵਾਪਸ ਲੈਣ ਲਈ ਕਿਹਾ ਹੈ।

ਉਨ੍ਹਾਂ ਕਿਹਾ ਕਿ ਇਹ ਵੀਜ਼ੇ ਸਿਹਤ ਕਰਮੀਆਂ ਦੀ ਕਮੀ ਨੂੰ ਪੂਰਾ ਕਰ ਰਹੇ ਹਨ ਤੇ ਬਾਹਰੋਂ ਆਉਂਦੇ ਲੋਕ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਜ਼ਰੀਆ ਵੀ ਬਣਦੇ ਹਨ। ਡੈਮੋਕ੍ਰੇਟਿਕ ਸੈਨੇਟਰਾਂ ਨੇ ਵੀ ਫ਼ੈਸਲੇ ਦਾ ਵਿਰੋਧ ਕੀਤਾ ਹੈ। 'ਗੂਗਲ' ਦੇ ਭਾਰਤੀ ਮੂਲ ਦੇ ਸੀਈਓ ਸੁੰਦਰ ਪਿਚਈ ਨੇ ਫ਼ੈਸਲੇ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਆਵਾਸ ਨੇ ਅਮਰੀਕਾ ਦੀ ਵਿੱਤੀ ਸਫਲਤਾ 'ਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਕੰਪਨੀ ਆਵਾਸੀਆਂ ਤੇ ਹੋਰਨਾਂ ਸਾਰਿਆਂ ਨੂੰ ਬਰਾਬਰ ਮੌਕੇ ਦੇਣ ਦੀ ਹਾਮੀ ਭਰਦੀ ਹੈ।

# ਅਮਰੀਕਾ ਵੱਲੋਂ 22 ਜੁਲਾਈ ਤੋਂ ਭਾਰਤੀ ਜਹਾਜ਼ਾਂ ਦੀ ਲੈਂਡਿੰਗ 'ਤੇ ਰੋਕ

**ਨਵੀਂ ਦਿੱਲੀ-** ਅਮਰੀਕਾ ਦੇ ਆਵਾਜਾਈ ਬਾਰੇ ਵਿਭਾਗ ਨੇ 'ਏਅਰ ਇੰਡੀਆ' 'ਤੇ ਭਾਰਤ-ਅਮਰੀਕਾ ਵਿਚਾਲੇ ਚਾਰਟਰਡ ਯਾਤਰੀ ਉਡਾਣਾਂ ਚਲਾਉਣ ਉਤੇ 22 ਜੁਲਾਈ ਤੋਂ ਰੋਕ ਲਾ ਦਿੱਤੀ ਹੈ। ਵਿਭਾਗ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਉਡਾਣਾਂ ਅਮਰੀਕਾ ਨਹੀਂ ਉਤਰ ਸਕਣਗੀਆਂ। ਇਹ ਕਾਰਵਾਈ ਭਾਰਤ ਵੱਲੋਂ ਅਮਰੀਕੀ ਉਡਾਣਾਂ ਨਾ ਉਤਰਨ ਦੇਣ ਦੇ ਬਦਲੇ ਵਜੋਂ ਦੇਖੀ ਜਾ ਰਹੀ ਹੈ। ਅਮਰੀਕੀ ਵਿਭਾਗ ਵੱਲੋਂ ਜਾਰੀ ਹੁਕਮ 'ਚ ਕਿਹਾ ਗਿਆ ਹੈ ਕਿ 'ਭਾਰਤ ਸਰਕਾਰ ਅਮਰੀਕੀ ਜਹਾਜ਼ਾਂ ਨੂੰ ਲੈਂਡ ਕਰਨ ਦੀ ਇਜਾਜ਼ਤ ਨਹੀਂ ਦੇ ਰਹੀ। ਇਸ ਤਰ੍ਹਾਂ ਪੱਖਪਾਤ ਕੀਤਾ ਜਾ ਰਿਹਾ ਹੈ ਤੇ ਅਮਰੀਕਾ ਤੋਂ ਉਡਾਣਾਂ ਦੇ ਭਾਰਤ



ਆਉਣ-ਜਾਣ 'ਤੇ ਪਾਬੰਦੀਆਂ ਆਇਦ ਕੀਤੀਆਂ ਜਾ ਰਹੀਆਂ ਹਨ। ਇਸ ਲਈ ਇਹ ਫ਼ੈਸਲਾ ਲਿਆ ਜਾ ਰਿਹਾ ਹੈ।' ਅਮਰੀਕਾ ਦੀ 'ਡੈਲਟਾ' ਏਅਰਲਾਈਨ ਨੇ 26 ਮਈ ਨੂੰ ਉਡਾਣ ਲਈ ਪ੍ਰਵਾਨਗੀ ਮੰਗੀ ਸੀ, ਜਿਸ ਦੀ ਇਜਾਜ਼ਤ ਅਜੇ ਤੱਕ ਨਹੀਂ ਮਿਲੀ। ਫ਼ੈਸਲੇ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਅਜਿਹੀਆਂ ਪਾਬੰਦੀਆਂ ਲਾਈਆਂ ਹਨ ਜਿਨ੍ਹਾਂ ਨਾਲ ਚਾਰਟਰ ਉਡਾਣਾਂ ਦਾ ਪੂਰਾ ਲਾਭ ਲੈਣ ਵਿਚ ਮੁਸ਼ਕਲ ਆ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਭਾਰਤ ਉਤੇ ਅਮਰੀਕਾ ਨੇ ਕੋਈ ਪਾਬੰਦੀ ਨਹੀਂ ਲਾਈ। ਭਾਰਤੀ ਯਾਤਰੀ ਜਹਾਜ਼ ਬਿਨਾਂ ਰੋਕ-ਟੋਕ ਆ-ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ 'ਚ ਕੌਮਾਂਤਰੀ ਉਡਾਣਾਂ 25 ਮਾਰਚ ਤੋਂ ਬੰਦ ਹਨ। 'ਏਅਰ ਇੰਡੀਆ' ਵੱਲੋਂ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਨੂੰ ਵਾਪਸ ਲਿਆਉਣ ਲਈ 6 ਮਈ ਤੋਂ 'ਵੰਦੇ ਭਾਰਤ ਮਿਸ਼ਨ' ਚਲਾਇਆ ਜਾ ਰਿਹਾ ਹੈ। ਅਮਰੀਕਾ ਵੱਲ 18 ਮਈ ਤੋਂ ਉਡਾਣਾਂ ਚਲਾਈਆਂ ਗਈਆਂ ਸਨ ਤੇ ਉਹ ਭਾਰਤ ਤੋਂ ਵੀ ਯਾਤਰੀ ਲਿਜਾ ਰਹੀਆਂ ਹਨ।

# 'ਚੰਦ ਤੱਕ ਉਡਾਰੀ' ਮਾਰਨ ਦੀ ਸੇਧ ਦਿੰਦੀ ਬਾਲ-ਪੁਸਤਕ

ਜੇ ਬਲਜਿੰਦਰ ਮਾਨ ਦੇ ਪਿਛਲੇ ਢਾਈ ਦਹਾਕੇ ਲੰਮੇ ਸਾਹਿਤਕ ਸਫ਼ਰ 'ਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿਚ ਉਸ ਦੀ 'ਘਾਲਣਾ' ਤੇ 'ਦੇਣ' ਆਪ ਮੂੰਹੋਂ ਬੋਲਦੀਆਂ ਹਨ। ਪੱਚੀ ਸਾਲਾਂ ਤੋਂ (1995 ਤੋਂ) 'ਨਿੱਕੀਆਂ ਕਰੂੰਬਲਾਂ' ਬਾਲ ਰਸਾਲੇ ਦੀ ਸੰਪਾਦਨਾ ਤੇ ਪ੍ਰਕਾਸ਼ਨਾ ਵਿਚ




ਲਗਾਤਾਰਤਾ ਅਤੇ ਮਿਆਰ ਤੇ ਨੁਹਾਰ ਵਿਚ ਉੱਤਮਤਾ ਬਣਾਈ ਰੱਖਣਾ ਕੋਈ ਸੌਖਾ ਕੰਮ ਨਹੀਂ, ਪਰ ਬਲਜਿੰਦਰ ਮਾਨ ਨੇ ਆਪਣੀ ਸੁਹਿਰਦਤਾ, ਹਿੰਮਤ ਤੇ ਦੂਰਦ੍ਰਿਸ਼ਟਤਾ ਨਾਲ ਇਹ ਬਿਖੜਾ ਪੈਂਡਾ ਬਾਖੂਬੀ ਤੈਅ ਕੀਤਾ ਹੈ। 'ਨਿੱਕੀਆਂ ਕਰੂੰਬਲਾਂ' ਨੇ ਜੋ ਅਣਗਿਣਤ ਬਾਲਾਂ ਤੇ ਉੱਭਰਦੇ ਲਿਖਾਰੀਆਂ ਨੂੰ ਬਾਲ ਸਾਹਿਤ ਸਿਰਜਣਾ ਦੇ ਰਾਹੇ ਪਾਇਆ ਹੈ, ਉਸ ਨੂੰ ਤਾਂ ਬਲਜਿੰਦਰ ਮਾਨ ਦੇ ਬਾਇਓਡਾਟੇ ਵਿਚ ਕੋਈ ਜੋੜ ਕੇ ਹੀ ਨਹੀਂ ਦੇਖਦਾ! ਜੇ ਦੇਖਦਾ ਹੁੰਦਾ ਤਾਂ ਉਸ ਦੀ 'ਦੇਣ' ਨੂੰ ਬਣਦਾ ਮਾਣ-ਸਨਮਾਨ ਬਹੁਤ ਪਹਿਲਾਂ ਹੀ ਦੇ ਦਿੱਤਾ ਜਾਂਦਾ। ਮਾਨ ਹੁਣ ਤੱਕ 16 ਮੌਲਿਕ ਪੁਸਤਕਾਂ (3 ਵਾਰਤਕ, 13 ਬਾਲ ਪੁਸਤਕਾਂ) ਦੀ ਰਚਨਾ, 5 ਬਾਲ ਪੁਸਤਕਾਂ ਦਾ ਅਨੁਵਾਦ ਅਤੇ 21 ਬਾਲ ਪੁਸਤਕਾਂ ਦੀ ਸੰਪਾਦਨਾ ਕਰ ਚੁੱਕਾ ਹੈ। ਬਲਜਿੰਦਰ ਮਾਨ ਕਿੱਤੇ ਵਜੋਂ ਅਧਿਆਪਕ ਹੈ, ਤੇ ਭਾਰਤ ਦੇ ਮਰਹੂਮ ਰਾਸ਼ਟਰਪਤੀ ਤੇ ਸਿੱਖਿਆ ਸ਼ਾਸਤਰੀ ਡਾ. ਐਸ. ਰਾਧਾਕ੍ਰਿਸ਼ਨਨ ਜੀ ਦੇ ਕੀਮਤੀ ਕਥਨ 'ਅਧਿਆਪਕ ਸਮਾਜ ਦਾ ਸਭ ਤੋਂ ਉੱਚੀ-ਸੁੱਚੀ ਜ਼ਮੀਰ ਵਾਲਾ ਵਿਅਕਤੀ ਹੋਣਾ ਚਾਹੀਦਾ ਹੈ' ਉੱਤੇ ਪੂਰਾ ਖ਼ਰਾ ਉੱਤਰਦਾ ਹੈ।

ਬਲਜਿੰਦਰ ਮਾਨ ਦੀ ਹਥਲੀ ਨਵੀਂ ਤੇ ਰੰਗਦਾਰ ਪੁਸਤਕ 'ਚੰਦ ਤੱਕ ਉਡਾਰੀ' 46 ਨਰਸਰੀ ਗੀਤਾਂ ਦਾ ਖ਼ੂਬਸੂਰਤ ਗੁਲਦਸਤਾ ਹੈ। ਇਸ ਪੁਸਤਕ ਵਿਚਲੇ ਨਰਸਰੀ ਗੀਤਾਂ ਵਿਚੋਂ ਜਿਥੇ ਕੁਦਰਤੀ ਵਰਤਾਰੇ ਸਾਡੇ ਰੂ-ਬ-ਰੂ ਹੁੰਦੇ ਹਨ, ਉਥੇ ਹੀ ਰਿਸ਼ਤਿਆਂ ਦੀ ਖੁਸ਼ਬੂ ਵੀ ਸਾਡੇ ਅੰਦਰ ਘੁਲਦੀ ਹੈ। ਇਹ ਨਰਸਰੀ ਗੀਤ ਬਾਲ ਪਾਠਕਾਂ ਨੂੰ ਚੰਦ ਤੱਕ ਉਡਾਰੀ ਮਾਰਨ ਦੀ ਸਦ (ਹੋਕਾ) ਵੀ ਦਿੰਦੇ ਹਨ ਤੇ ਸੇਧ ਵੀ। ਗਿਆਨ ਅਤੇ ਮਿਹਨਤ ਦੇ ਸੰਕਲਪ ਉਸ ਦੇ ਇਹਨਾਂ ਨਰਸਰੀ ਗੀਤਾਂ ਦੇ ਕੇਂਦਰੀ ਨੁਕਤੇ ਹਨ। ਵੇਖੋ ਦੋ ਲਾਜਵਾਬ ਨਮੂਨੇ-

"ਗਿਆਨ ਦੇ ਆਪਾਂ ਗਹਿਣੇ ਪਾਈਏ,
ਹੱਥੀਂ ਕੰਮ ਦੀ ਆਦਤ ਪਾਈਏ,
ਕਿਤਾਬਾਂ ਸੱਚੀਆਂ ਮਿੱਤਰ ਨੇ,
ਜੀਵਨ ਵਿਚ ਨਾ ਕਦੇ ਗੁਆਈਏ।"

ਅਤੇ

"ਚੰਦ ਤੱਕ ਹੁਣ ਉਡਾਰੀ ਭਰਨੀ
ਰੱਜ ਕੇ ਆਪਾਂ ਮਿਹਨਤ ਕਰਨੀ।
ਗਿਆਨ ਦੇ ਲਾ ਕੇ ਚੱਪੂ ਆਪਾਂ,
ਜੀਵਨ ਦੀ ਹੈ ਬੇੜੀ ਤਰਨੀ।"

ਬਲਜਿੰਦਰ ਮਾਨ ਆਪਣੀ ਇਸ ਨਰੋਈ ਸਿਰਜਣਾ ਲਈ ਵਧਾਈ ਅਤੇ ਮਾਣ-ਸਤਿਕਾਰ ਦਾ ਹੱਕਦਾਰ ਹੈ। ਆਮੀਨ...!

**-ਜਸਪ੍ਰੀਤ ਸਿੰਘ ਜਗਰਾਓਂ**

# ਭੋਲਾ ਘਮੇੜੀ ਤੇ ਲਵਲੀ ਅਨਮੋਲ ਆਪਣੇ ਟਰੈਕ (ਹੋਰ ਸੋਣੀਏ) ਨਾਲ ਚਰਚਾ 'ਚ

ਜੇ ਕੇ ਆਡਿਓ ਤੇ ਜੁਗਰਾਜ ਕੁਲਾਰਾਂ ਦੀ ਪੇਸ਼ਕਸ਼ ਹੇਠ ਪਿਛਲੇ ਦਿਨੀਂ ਰਿਲੀਜ਼ ਹੋਇਆਂ ਗੀਤ "ਹੋਰ ਸੋਣੀਏ"ਜਿਸ ਨੂੰ ਗਾਇਆ ਹੈ ਬਹੁਤ ਹੀ ਮਕਬੂਲ ਜੋੜੀ ਭੋਲਾ ਘਮੇੜੀ ਤੇ ਲਵਲੀ ਅਨਮੋਲ ਨੇ। ਇਸ ਗੀਤ ਨੂੰ ਸਰੋਤਿਆਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲ ਰਿਹਾਂ ਏ। ਇਸ ਗੀਤ ਨੂੰ ਕਲਮ ਬੱਧ ਕੀਤਾ ਹੈ ਗੀਤਕਾਰ ਰਣਜੀਤ ਭੰਨਰਾ ਜੀ ਨੇ ਅਤੇ ਇਸ ਦਾ ਸੰਗੀਤ ਹੈਰੀ ਬਾਠ ਨੇ ਤਿਆਰ ਕੀਤਾ ਹੈ। ਇਸ ਦੀ ਵੀਡੀਓ



ਸੇਵਕ ਬੁੱਟਰ ਨੇ ਆਪਣੀ ਪੂਰੀ ਮਿਹਨਤ ਨਾਲ ਤਿਆਰ ਕੀਤੀ ਹੈ।ਇਹ ਗੀਤ ਸਫਲਤਾ ਪੂਰਵਕ ਯੂਟਿਊਬ ਤੇ ਚੱਲ ਰਿਹਾ ਹੈ। ਗਾਇਕ ਭੋਲਾ ਘਮੇੜੀ ਅਤੇ ਜੁਗਰਾਜ ਕੁਲਾਰਾਂ ਨੇ ਸਾਰੇ ਦੋਸਤਾਂ ਤੇ ਸਰੋਤਿਆ ਦਾ ਬਹੁਤ ਬਹੁਤ ਧੰਨਵਾਦ ਕੀਤਾ।ਉਨ੍ਹਾਂ ਕਿਹਾ ਸਾਨੂੰ ਉਮੀਦ ਹੈ ਕਿ ਅੱਗੇ ਤੋਂ ਵੀ ਸਰੋਤੇ ਸਾਨੂੰ ਇਸੇ ਤਰ੍ਹਾਂ ਮਾਣ ਬਖਸ਼ਦੇ ਰਹਿਣਗੇ।

**- ਬਲਤੇਜ ਸੰਧੂ ਬੁਰਜ 91-94568-18158**

# ਤਾਲਾਬੰਦੀ ਦੌਰਾਨ ਅੰਮ੍ਰਿਤਸਰ ਹਵਾਈ ਅੱਡਾ ਯਾਤਰੂਆਂ ਦੀ ਗਿਣਤੀ ਵਿਚ ਤੀਜੇ ਸਥਾਨ 'ਤੇ

## ਬ੍ਰਿਟਿਸ਼ ਏਅਰਵੇਜ਼ ਵੀ ਲੰਡਨ ਹੀਥਰੋ ਤੋਂ ਪਹਿਲੀ ਵਾਰ ਪਹੁੰਚੀ ਅੰਮ੍ਰਿਤਸਰ

**ਨਿਊਯਾਰਕ, (ਰਾਜ ਗੋਗਨਾ)**— ਭਾਰਤ ਦੁਆਰਾ ਤਾਲਾਬੰਦੀ ਦੌਰਾਨ ਅੰਤਰਰਾਸ਼ਟਰੀ ਵਪਾਰਕ ਉਡਾਣਾਂ ਨੂੰ ਮੁਅੱਤਲ ਕਰਨ ਨਾਲ ਪੰਜਾਬ ਅਤੇ ਦੁਨੀਆ ਭਰ ਵਿਚ ਵਸਦੇ ਪੰਜਾਬੀਆਂ ਲਈ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਦੀ ਅਸਲ ਅਹਿਮੀਅਤ ਇਕ ਵਾਰ ਫਿਰ ਜਗ ਜ਼ਾਹਰ ਹੋ ਗਈ ਹੈ। ਪ੍ਰੈਸ ਨੂੰ ਜਾਰੀ ਬਿਆਨ ਵਿੱਚ, ਅਮਰੀਕਾ ਵਾਸੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਭਿਆਨ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਜਾਣਕਾਰੀ ਸਾਂਝੀ ਕੀਤੀ ਕਿ ਅਪ੍ਰੈਲ ਮਹੀਨੇ ਵਿੱਚ ਭਾਰਤ ਦੁਆਰਾ ਉਡਾਣਾਂ ਦੀ ਮੁਅੱਤਲੀ ਦੇ ਬਾਵਜੂਦ ਵੀ, ਅੰਮ੍ਰਿਤਸਰ ਯਾਤਰੀਆਂ ਦੀ ਕੁੱਲ ਗਿਣਤੀ ਵਿਚ ਤੀਜੇ ਸਥਾਨ ਤੇ ਰਿਹਾ।

**ਯਾਤਰੀਆਂ ਦੀ ਕੁੱਲ ਗਿਣਤੀ**

| | ਅੰਤਰਰਾਸ਼ਟਰੀ | ਘਰੇਲੂ | ਕੁੱਲ |
|---|---|---|---|
| ਦਿੱਲੀ | 19514 | 1110 | 20624 |
| ਮੁੰਬਈ | 7956 | 1095 | 9051 |
| ਅੰਮ੍ਰਿਤਸਰ | 5011 | 961 | 5972 |

ਏਅਰਪੋਰਟ ਅਥਾਰਟੀ ਆਫ ਇੰਡੀਆ ਦੁਆਰਾ ਅਪ੍ਰੈਲ 2020 ਦੇ ਵਿਚ ਯਾਤਰੀਆਂ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਅੰਮ੍ਰਿਤਸਰ ਹਵਾਈ ਅੱਡੇ ਤੋਂ ਕੁਲ 5972 ਅੰਤਰ-ਰਾਸ਼ਟਰੀ ਅਤੇ ਘਰੇਲੂ ਯਾਤਰੀਆਂ ਨੇ ਸਫਰ ਕੀਤਾ। ਇਹ ਗਿਣਤੀ ਦਿੱਲੀ ਅਤੇ ਮੁੰਬਈ ਨੂੰ ਛੱਡ ਕੇ ਭਾਰਤ ਦੇ ਸਾਰੇ ਹਵਾਈ ਅੱਡਿਆਂ ਤੋਂ ਵੱਧ ਹੈ। ਦਿੱਲੀ 20,624 ਨਾਲ ਪਹਿਲੇ ਅਤੇ ਮੁੰਬਈ 9051 ਯਾਤਰੀਆਂ ਨਾਲ ਦੂਜੇ ਨੰਬਰ 'ਤੇ ਸੀ। ਅੰਮ੍ਰਿਤਸਰ ਤੋਂ ਕੁਲ 5011 ਅੰਤਰਰਾਸ਼ਟਰੀ ਯਾਤਰੀਆਂ ਨੇ ਉਡਾਣ ਭਰੀ, ਇਹ ਗਿਣਤੀ ਵੀ ਦੇਸ਼ ਦੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਵਿਚੋਂ ਤੀਸਰੇ ਨੰਬਰ ਤੇ ਹੈ। ਭਾਰਤ ਦੇ ਹੋਰ ਸਾਰੇ ਵੱਡੇ ਹਵਾਈ ਅੱਡੇ ਜਿਵੇਂ ਬੰਗਲੌਰ, ਅਹਿਮਦਾਬਾਦ, ਕੋਲਕਾਤਾ ਵੀ ਅੰਮ੍ਰਿਤਸਰ ਤੋਂ ਯਾਤਰੀਆਂ ਦੀ ਗਿਣਤੀ ਦੇ ਨੇੜੇ ਨਹੀਂ ਹਨ। ਮਾਰਚ ਦੇ ਅਖੀਰ ਵਿੱਚ ਭਾਰਤ ਸਰਕਾਰ ਵੱਲੋਂ ਉਡਾਣਾਂ ਦੀ ਮੁਕੰਮਲ ਮੁਅੱਤਲੀ ਕਾਰਨ ਹਜ਼ਾਰਾਂ ਵਿਦੇਸ਼ੀ ਪੰਜਾਬ ਸਮੇਤ ਦੇਸ਼ ਭਰ ਵਿੱਚ ਫਸ ਗਏ ਜਿਸ ਵਿਚ ਯੂ.ਕੇ. ਅਤੇ ਕੈਨੇਡਾ ਦੇ ਵਸਨੀਕਾਂ ਦੀ ਸਭ ਤੋਂ ਵੱਧ ਗਿਣਤੀ ਪੰਜਾਬ ਵਿਚ ਸੀ। ਆਪਣੀ ਸਰਕਾਰ ਨਾਲ ਇਹਨਾਂ ਨੇ ਅੰਮ੍ਰਿਤਸਰ ਤੋਂ ਯੂਕੇ ਅਤੇ ਕਨੈਡਾ ਲਈ ਸਿੱਧੇ ਵਾਪਸ ਪਰਤਣ ਦੀਆਂ ਉਡਾਣਾਂ ਦੀ ਮੰਗ ਉਠਾਈ।

ਉਡਾਣਾਂ ਰੱਦ ਹੋਣ ਕਾਰਣ, ਯੂ.ਕੇ. ਅਤੇ ਕੈਨੇਡਾ ਦੇ ਸਭ ਤੋਂ ਵੱਧ ਯਾਤਰੀ ਪੰਜਾਬ ਵਿਚ ਫਸੇ ਹੋਣ ਨਾਲ ਇਹ ਵੀ ਸਿੱਧ ਹੋ ਗਿਆ ਕਿ ਵੱਡੀ ਗਿਣਤੀ ਪੰਜਾਬੀ ਜੋ ਕਿ ਇਹਨਾਂ ਦੋਨਾਂ ਮੁਲਕਾਂ ਤੋਂ ਦਿੱਲੀ ਆਉਂਦੇ ਹਨ, ਉਹ ਪੰਜਾਬ ਤੋਂ ਹਨ। ਇਹ ਵੀ ਸਾਬਤ ਹੁੰਦਾ ਹੈ ਕਿ ਜੇਕਰ ਅੰਮ੍ਰਿਤਸਰ ਤੋਂ ਵਧੇਰੇ ਅੰਤਰ-ਰਾਸ਼ਟਰੀ ਉਡਾਣਾਂ ਸ਼ੁਰੂ ਕੀਤੀਆਂ ਜਾਣ ਤਾਂ ਦੇਸ਼ ਅਤੇ ਵਿਦੇਸ਼ ਤੋਂ ਪੰਜਾਬੀ, ਦਿੱਲੀ ਦੀ ਬਜਾਏ ਸਿੱਧੇ ਅੰਮ੍ਰਿਤਸਰ ਤੋਂ ਯਾਤਰਾ ਕਰਨਾ ਚਾਹੁੰਦੇ ਹਨ। ਅੰਮ੍ਰਿਤਸਰ ਏਅਰਪੋਰਟ ਦੀ ਦੂਰੀ ਪੰਜਾਬ ਦੇ ਕਿਸੇ ਵੀ ਸ਼ਹਿਰ ਤੋਂ ਸਿਰਫ ਤਿੰਨ ਘੰਟੇ ਦੀ ਹੈ। ਹੁਣ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸ-ਵੇ ਬਣਣ ਨਾਲ ਇਹ ਦੂਰੀ ਬਹੁਤ ਸਾਰੇ ਹੋਰਨਾਂ ਸ਼ਹਿਰਾਂ ਤੋਂ ਅੱਧੀ ਰਹਿ ਜਾਣੀ ਹੈ।

ਯੂ.ਕੇ ਦੀ ਸਰਕਾਰ ਦੁਆਰਾ ਬ੍ਰਿਟਿਸ਼ ਏਅਰਵੇਜ਼ ਤੇ ਕਤਰ ਏਅਰਵੇਜ਼ ਦੀਆਂ ਲੰਡਨ ਦੇ ਹੀਥਰੋ ਹਵਾਈ ਅੱਡੇ ਲਈ ਵਿਸ਼ੇਸ਼ ਚਾਰਟਰਡ ਉਡਾਣਾਂ ਸ਼ੁਰੂ ਕੀਤੀਆਂ ਗਈਆਂ। ਕੈਨੇਡਾ ਦੇ ਵਿਦੇਸ਼ ਦਫ਼ਤਰ ਨੇ ਵੀ ਕਤਰ ਏਅਰਵੇਜ਼ ਦੀਆਂ ਦੋਹਾ ਰਾਹੀਂ ਟੋਰਾਂਟੋ, ਵੈਨਕੂਵਰ ਅਤੇ ਮੌਂਟਰੀਅਲ ਲਈ ਉਡਾਣਾਂ




ਦਾ ਪ੍ਰਬੰਧ ਕੀਤਾ। ਇਹ ਵਿਸ਼ੇਸ਼ ਉਡਾਣਾਂ ਅਪ੍ਰੈਲ ਵਿੱਚ ਸ਼ੁਰੂ ਹੋਈਆਂ ਅਤੇ ਮਈ 2020 ਦੇ ਅੱਧ ਤੱਕ ਚਲਦੀਆਂ ਰਹੀਆਂ। ਇਕ ਅਨੁਮਾਨ ਅਨੁਸਾਰ ਯੂਕੇ ਅਤੇ ਕਨੇਡਾ ਦੁਆਰਾ ਦੁਨੀਆਂ ਭਰ ਵਿਚੋਂ ਸਭ ਤੋਂ ਵੱਧ ਵਿਸ਼ੇਸ਼ ਉਡਾਣਾਂ ਦਾ ਸੰਚਾਲਣ ਅੰਮ੍ਰਿਤਸਰ ਤੋਂ ਕੀਤਾ ਗਿਆ।

ਅੰਮ੍ਰਿਤਸਰ ਹਵਾਈ ਅੱਡੇ ਤੋਂ ਵੱਡੀ ਗਿਣਤੀ ਵਿਚ ਇਹਨਾਂ ਉਡਾਣਾਂ ਦੇ ਪ੍ਰਬੰਧ ਤੋਂ ਖੁਸ਼ ਹੋ ਕੇ ਫਲਾਈ ਅੰਮ੍ਰਿਤਸਰ ਅਭਿਆਨ ਦੇ ਭਾਰਤ ਵਿਚ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਕਿਹਾ ਕਿ ਅੰਮ੍ਰਿਤਸਰ ਹਵਾਈ ਅੱਡੇ ਨੇ ਨਾ ਸਿਰਫ ਇਹ ਸਾਬਤ ਕੀਤਾ ਹੈ ਕਿ ਇੱਥੋਂ ਲੰਡਨ ਹੀਥਰੋ, ਟੋਰਾਂਟੋ ਅਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਵੱਡੀ ਸਮਰੱਥਾ ਹੈ ਬਲਕਿ ਇੱਥੋਂ ਅਤਿ ਸੰਕਟ ਦੀ ਸਥਿਤੀ ਦੇ ਦੌਰਾਨ ਵੀ ਆਵਾਜਾਈ ਨੂੰ ਸੰਭਾਲਣ ਲਈ ਸਾਰਾ ਬੁਨਿਆਦੀ ਢਾਂਚਾ ਮੌਜੂਦ ਹੈ।

"ਇਹਨੇ ਵੱਡੇ ਪੱਧਰ 'ਤੇ ਵਿਸ਼ੇਸ਼ ਉਡਾਣਾਂ, ਏਅਰਪੋਰਟ ਤੇ ਉਪਲੱਬਧ ਸਾਰੀਆਂ ਆਧੁਨਿਕ ਸੁਵਿਧਾਵਾਂ ਅਤੇ ਨਵੀਂ ਬਣਾਈ ਗਈ ਪਹਿਲੀ ਮੰਜ਼ਲ ਨਾਲ ਹੀ ਸੰਭਵ ਹੋ ਸਕਿਆ ਹੈ। ਇਸਦਾ ਸਿਹਰਾ ਏਅਰਪੋਰਟ ਦੇ ਡਾਇਰੈਕਟਰ ਮਨੋਜ ਚਨਸੋਰੀਆ, ਹਵਾਈ ਅੱਡੇ ਦੇ ਸਟਾਫ ਮੈਂਬਰਾਂ, ਏਅਰਲਾਈਨ ਅਤੇ ਦੇਸ਼ਾਂ ਦੇ ਉੱਚ ਕਮਿਸ਼ਨ ਦੇ ਮੈਂਬਰਾਂ ਨੂੰ ਜਾਂਦਾ ਹੈ। ਸਾਨੂੰ ਉਮੀਦ ਹੈ ਕਿ ਮਹਾਂਮਾਰੀ ਦਾ ਸੰਕਟ ਖਤਮ ਹੋਣ ਤੋਂ ਬਾਅਦ ਭਾਰਤ ਸਮੇਤ ਯੂਕੇ, ਕਨੇਡਾ ਅਤੇ ਹੋਰ ਦੇਸ਼ਾਂ ਦੀਆਂ ਹਵਾਈ ਕੰਪਨੀਆਂ ਲੰਡਨ ਹੀਥਰੋ, ਟੋਰਾਂਟੋ ਜਾਂ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਬਾਰੇ ਵਿਚਾਰ ਕਰਨਗੀਆਂ।

# ਭਾਜਪਾ ਦੀ ਸ਼ਿਕਾਇਤ 'ਤੇ ਵਿਨੋਦ ਦੂਆ ਖ਼ਿਲਾਫ਼ ਦੇਸ਼-ਧ੍ਰੋਹ ਦਾ ਕੇਸ

ਬੀਤੇ ਦਿਨੀ ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਨੇ ਨਿਰਪੱਖ ਪੱਤਰਕਾਰੀ ਦਾ ਥੰਮ ਸਮਝੇ ਜਾਂਦੇ ਸੀਨੀਅਰ ਪੱਤਰਕਾਰ ਤੇ ਐਂਕਰ ਵਿਨੋਦ ਦੂਆ ਖਿਲਾਫ ਦਿੱਲੀ ਭਾਜਪਾ ਦੇ ਤਰਜਮਾਨ ਨਵੀਨ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਐਫਆਈਆਰ ਦਰਜ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਏ ਹਨ ਕਿ ਵਿਨੋਦ ਦੂਆ ਨੇ 'ਬੇਇੱਜ਼ਤੀ ਕਰਨ ਵਾਲੇ' ਅਪਮਾਨਜਨਕ ਸ਼ਬਦ ਦੀ ਵਰਤੋਂ ਕਰਕੇ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਇਆ ਹੈ। ਬੀਤੀ 4 ਜੂਨ ਨੂੰ ਦਿੱਲੀ ਦੇ ਲਕਸ਼ਮੀ ਨਗਰ ਥਾਣੇ ਵਿਚ ਦਾਇਰ ਕੀਤੀ ਗਈ ਐਫਆਈਆਰ ਵਿਚ ਦੋਸ਼ ਲਾਇਆ ਗਿਆ ਸੀ ਕਿ ਦੂਆ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣ-ਬੁੱਝ ਕੇ ਅਪਮਾਨਜਨਕ ਅਤੇ ਉਕਸਾਊ ਤਕਰੀਰਾਂ ਕਰਦੇ ਹਨ। ਕੁਮਾਰ ਨੇ ਵਿਸ਼ੇਸ਼ ਤੌਰ 'ਤੇ 11 ਮਾਰਚ 2020 ਨੂੰ ਪ੍ਰਸਾਰਿਤ ਕੀਤੇ ਸ਼ੋਅ ਦੀ ਇਕ ਕਿਸ਼ਤ ਦਾ ਜ਼ਿਕਰ ਕੀਤਾ ਹੈ।

ਹੁਣੇ ਜਿਹੇ ਸੁਪਰੀਮ ਕੋਰਟ ਨੇ ਉਘੇ ਪੱਤਰਕਾਰ ਵਿਨੋਦ ਦੂਆ ਖਿਲਾਫ ਹਿਮਾਚਲ ਪੁਲਸ ਵੱਲੋਂ ਦਰਜ ਦੇਸ਼-ਧ੍ਰੋਹ ਦੇ ਕੇਸ ਦੀ ਜਾਂਚ ਰੋਕਣ ਤੋਂ ਨਾਂਹ ਕਰ ਦਿੱਤੀ ਹੈ। ਜਸਟਿਸ ਯੂ ਯੂ ਲਲਿਤ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਦੂਆ ਨੂੰ ਕਿਹਾ ਕਿ ਉਹ ਪੁਲੀਸ ਜਾਂਚ ਵਿਚ ਸ਼ਾਮਲ ਹੋਣ। ਪੁਲਸ 24 ਘੰਟਿਆਂ ਦਾ ਨੋਟਿਸ ਦੇ ਕੇ ਦੂਆ ਤੋਂ ਉਨ੍ਹਾਂ ਦੇ ਘਰ ਵਿਚ ਪੁੱਛਗਿੱਛ ਕਰ ਸਕਦੀ ਹੈ। ਅਗਲੀ ਸੁਣਵਾਈ ਤੱਕ ਪੁਲਸ ਦੂਆ ਨੂੰ ਗ੍ਰਿਫਤਾਰ ਨਹੀ ਕਰ ਸਕਦੀ। ਬੈਂਚ ਨੇ ਐਫ ਆਈ ਆਰ ਰੱਦ ਕਰਨ ਲਈ ਦੂਆ ਦੀ ਪਟੀਸ਼ਨ 'ਤੇ ਹਿਮਾਚਲ ਤੇ ਕੇਂਦਰ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਉਸ ਨੇ ਹਿਮਾਚਲ ਸਰਕਾਰ ਨੂੰ ਕਿਹਾ ਹੈ ਕਿ ਉਹ 6 ਜੁਲਾਈ ਨੂੰ ਅਗਲੀ ਸੁਣਵਾਈ ਤੋਂ ਪਹਿਲਾਂ ਜਾਂਚ ਦੀ ਸਟੇਟਸ ਰਿਪੋਰਟ ਪੇਸ਼ ਕਰੇ। ਦੂਆ ਦੇ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਪੁਲਸ ਦੇ ਬੰਦਿਆਂ ਨੇ ਦੂਆ ਦੇ ਘਰ ਉਨ੍ਹਾਂ ਨੂੰ ਸ਼ਿਮਲਾ ਜ਼ਿਲ੍ਹਾ ਦੇ ਥਾਣਾ ਕੁਮਾਰ ਸੈਨ ਵਿਚ ਪੇਸ਼ ਹੋਣ ਲਈ ਕਿਹਾ। ਜਦੋਂ ਬੈਂਚ ਨੇ ਪੁੱਛਿਆ ਕਿ ਸ਼ਿਕਾਇਤਕਰਤਾ ਕੌਣ ਹੈ ਤਾਂ ਵਿਕਾਸ ਸਿੰਘ ਨੇ ਕਿਹਾ, 'ਹਿਮਾਚਲ ਭਾਜਪਾ ਦਾ ਬੁਲਾਰਾ।' ਉਨ੍ਹਾਂ ਇਹ ਵੀ ਕਿਹਾ ਕਿ ਉਹ ਸਕਰੀਨ 'ਤੇ ਉਹ ਵੀਡੀਓ ਦਿਖਾ ਸਕਦੇ ਹਨ, ਜਿਸ ਤੋਂ ਸਾਬਤ ਹੋ ਜਾਵੇਗਾ ਕਿ ਦੂਆ ਨੇ ਦੇਸ਼-ਧ੍ਰੋਹ ਵਾਲੀ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵਿਰੁੱਧ ਬੋਲਣ 'ਤੇ ਦੂਆ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜੇ ਦੂਆ ਨੇ ਕਿਹਾ ਕਿ ਜੇ ਉਨ੍ਹਾਂ ਦੀਆਂ ਕਹੀਆਂ ਗੱਲਾਂ ਦੇਸ਼-ਧ੍ਰੋਹ ਹਨ ਤਾਂ ਫਿਰ ਦੇਸ਼ ਦੀ ਅੱਧੀ ਆਬਾਦੀ ਦੇਸ਼-ਧ੍ਰੋਹੀ ਹੋ ਜਾਵੇਗੀ। ਉਨ੍ਹਾਂਐਫ ਆਈ ਆਰ 'ਤੇ ਅਗਲੀ ਕਾਰਵਾਈ ਰੋਕਣ ਦੀ ਮੰਗ ਕੀਤੀ। ਕੇਂਦਰ ਤੇ ਹਿਮਾਚਲ ਸਰਕਾਰ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸ਼ਿਕਾਇਤਕਰਤਾ ਨੂੰ ਕੇਸ ਵਿਚ ਧਿਰ ਬਣਾਉਣ ਦੀ ਲੋੜ ਹੈ। ਉਨ੍ਹਾਂ ਦੂਆ ਦੀ ਪਟੀਸ਼ਨ ਦਾ ਜਵਾਬ ਦੇਣ ਲਈ ਦੋ ਹਫਤੇ ਮੰਗੇ।

ਇੱਥੇ ਜ਼ਿਕਰਯੋਗ ਹੈ ਕਿ ਮਨੁੱਖੀ ਅਧਿਕਾਰਾਂ ਦੇ ਮੱਸਲੇ 'ਤੇ ਦੂਆ ਨੇ ਹਮੇਸ਼ਾ ਪਰਪੱਕ ਤੇ ਲੋਕਪੱਖੀ ਪੱਤਰਕਾਰੀ ਕੀਤੀ ਹੈ। ਦਿੱਲੀ ਦੰਗਿਆਂ 2020 ਦੌਰਾਨ ਜਦੋਂ ਗੋਦੀ ਪੱਤਰਕਾਰੀ ਤੇ ਬਹੁਗਿਣਤੀ ਰਾਸ਼ਟਰਵਾਦੀ ਟੀਵੀ ਚੈਨਲਾਂ ਨੂੰ ਲਕਵਾ ਮਾਰ ਗਿਆ ਸੀ ਤਾਂ ਰਵੀਸ਼ ਕੁਮਾਰ ਤੇ ਵਿਨੋਦ ਦੂਆ ਨੇ ਇਸ ਬਾਰੇ ਅਹਿਮ ਜ਼ਿੰਮੇਵਾਰੀ ਨਿਭਾਉਂਦਿਆਂ ਦੰਗਿਆਂ ਪਿੱਛੇ ਭਗਵੀ ਸੋਚ ਦਾ ਪਰਦਾਫਾਸ਼ ਕੀਤਾ ਸੀ। ਉਉਨ੍ਹਾਂ ਨੇ ਮੁਸਲਮਾਨਾਂ ਵਿਰੁਧ ਨਸਲਵਾਦੀ ਪ੍ਰਚਾਰ ਕਰ ਰਹੇ ਤੇ ਫਿਰਕੂ ਜ਼ਹਿਰਾਂ ਫੈਲਾ ਰਹੇ ਅਨੁਰਾਗ ਠਾਕੁਰ ਵਰਗੇ ਮੰਤਰੀ ਦੇ ਗੈਰ ਜ਼ਿੰਮੇਵਾਰਾਨਾ ਭਾਸ਼ਣ 'ਤੇ ਮੀਡੀਆ ਵਿਚ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ ਤੇ ਪੁਲਿਸ ਦੀ ਲਾਪਰਵਾਹੀ ਦਾ ਵੀ ਪਰਦਾਫਾਸ਼ ਕੀਤਾ ਸੀ। ਅੱਜ ਜਦੋਂ ਬਹੁਗਿਣਤੀ ਪੱਤਰਕਾਰ ਭ੍ਰਿਸ਼ਟ ਸੱਤਾ ਅੱਗੇ ਗੋਡੇ ਟੇਕ ਚੁੱਕੇ ਹਨ ਤਾਂ ਉਸ ਦੌਰਾਨ ਮਨੁੱਖੀ ਹੱਕਾਂ ਦੇ ਲਈ ਦੂਆ ਵਰਗੇ ਪੱਤਰਕਾਰਾਂ ਦਾ ਖੜਾ ਹੋਣਾ ਬਹੁਤ ਦਲੇਰੀ ਵਾਲੀ ਇਤਿਹਾਸਕ ਭੂਮਿਕਾ ਹੈ। ਭਾਰਤ ਨੇ ਪੱਤਰਕਾਰੀ ਨੂੰ ਸਰਕਾਰੀ ਪ੍ਰਬੰਧਾਂ ਦੇ ਗੁਲਾਮ ਵਜੋਂ ਅੱਜ ਤੱਕ ਨਹੀਂ ਵੇਖਿਆ ਪਰ ਅਜੋਕੇ ਸਮੇਂ ਪੱਤਰਕਾਰੀ ਤੇ ਪੱਤਰਕਾਰ ਸਰਕਾਰ ਦੇ ਗੁਲਾਮ ਬਣੇ ਦਿਖਾਈ ਦੇ ਰਹੇ ਹਨ। ਪਰ ਜਿਹੜੇ ਪੱਤਰਕਾਰ ਮਨੁੱਖੀ ਅਧਿਕਾਰਾਂ ਤੇ ਨਿਆਂ ਲਈ ਆਵਾਜ਼ ਬੁਲੰਦ ਕਰ ਰਹੇ ਹਨ, ਸੱਚ ਦੀ ਪੱਤਰਕਾਰੀ ਕਰ ਰਹੇ ਹਨ, ਉਹ ਭਗਵੇਂ ਰਾਸ਼ਟਰਵਾਦੀਆਂ ਦੀ ਅੱਖਾਂ ਵਿਚ ਰੜਕ ਰਹੇ ਹਨ ਤੇ ਝੂਠੇ ਕੇਸਾਂ ਵਿਚ ਗ੍ਰਿਫਤਾਰ ਕੀਤੇ ਜਾ ਰਹੇ ਹਨ।

ਮੌਜੂਦਾ ਕੇਂਦਰ ਸਰਕਾਰ ਇਕ ਰਾਸ਼ਟਰ, ਇਕ ਧਰਮ ਤੇ ਇਕ ਭਾਸ਼ਾ ਦੇ ਹਿੰਦੂਤਵਵਾਦੀ ਏਜੰਡੇ ਦੀ ਪੂਰਤੀ ਲਈ ਲਗਾਤਾਰ ਮਨੁੱਖੀ ਅਧਿਕਾਰਾਂ, ਜਮਹੂਰੀਅਤ ਤੇ ਸੰਵਿਧਾਨ ਦੀ ਸੈਕੂਲਰ ਦਿੱਖ ਨੂੰ ਢਾਹ ਲਾਉਣ ਦਾ ਯਤਨ ਕਰ ਰਹੀ ਹੈ। ਰਾਸ਼ਟਰਵਾਦ ਦੀ ਆੜ ਹੇਠ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਦੀ ਲਿਖਣ ਤੇ ਬੋਲਣ ਦੀ ਆਜ਼ਾਦੀ ਨੂੰ ਕਾਲੇ ਕਾਨੂੰਨਾਂ ਦੇ ਸਹਾਰੇ ਦਬਾਇਆ ਜਾ ਰਿਹਾ ਹੈ। ਅਸਹਿਮਤੀ ਦੇ ਸਭਿਆਚਾਰ, ਜੋ ਭਾਰਤੀ ਸੱਭਿਆਚਾਰਕ ਪ੍ਰੰਪਰਾ ਤੇ ਭਾਰਤੀ ਸੰਵਿਧਾਨ ਦੀ ਖੂਬਸੂਰਤੀ ਹੈ, ਉਸ ਨੂੰ ਦਬਾਉਣ ਲਈ ਕਦੇ ਲੇਖਕਾਂ, ਚਿੰਤਕਾਂ ਨੂੰ 'ਅਰਬਨ ਨਕਸਲ', 'ਟੁਕੜੇ ਟੁਕੜੇ ਗੈਂਗ' ਕਹਿ ਕੇ ਭੰਡਿਆ ਤੇ ਜੇਲ ਵਿਚ ਡੱਕਿਆ ਜਾਂਦਾ ਹੈ, ਸਰਕਾਰ ਨਾਲ ਵਖਰੇਵਾਂ ਰੱਖਣ ਵਾਲੇ ਲੋਕ ਪੱਖੀ ਚਿੰਤਕਾਂ ਤੇ ਲੇਖਕਾਂ-ਨਰੇਂਦਰ ਦਾਭੋਲਕਰ, ਗੋਬਿੰਦ ਪਾਨਸਾਰੇ, ਪ੍ਰੋ. ਐਮ. ਐਮ. ਕੁਲਬੁਰਗੀ ਅਤੇ ਪੱਤਰਕਾਰ ਗੌਰੀ ਲੰਕੇਸ਼ ਆਦਿ ਦੇ ਦਿਨ-ਦਿਹਾੜੇ ਕਤਲ ਹੋ ਜਾਂਦੇ ਹਨ। ਕੁਝ ਚਿਰ ਪਹਿਲਾਂ ਜਾਫਰਾਬਾਦ ਵਿੱਚ ਲੱਗੇ ਧਰਨੇ ਵਿਚ ਅਹਿਮ ਭੂਮਿਕਾ ਨਿਭਾਉਣ ਦੇ ਦੋਸ਼ ਵਿਚ ਜੇਐੱਨਯੂ ਦੀਆਂ ਦੋ ਵਿਦਿਆਰਥਣਾਂ ਦੇਵਾਂਗਨਾ ਕਲੀਤਾ ਤੇ ਨਤਾਸ਼ਾ ਨਰਵਾਲ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਅਗਲੇ ਦਿਨ ਜਦੋਂ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਤਾਂ ਉਨ੍ਹਾਂ ਉੱਤੇ ਕਤਲ ਤੇ ਦੰਗਾ ਭੜਕਾਉਣ ਦਾ ਕੇਸ ਦਰਜ ਕਰਕੇ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਆਨੰਦ ਤੇਲਤੁੰਬੜੇ ਤੇ ਗੌਤਮ ਨਵਲੱਖਾ ਤੋਂ ਲੈ ਕੇ ਸੁਧਾ ਭਾਰਦਵਾਜ, ਅਰੁਣ ਫਰੇਰਾ, ਪ੍ਰੋ. ਵਰਵਰਾ ਰਾਉ ਅਤੇ ਆਨੰਦ ਤੇਲਤੁੰਬੜੇ ਕਰੋਨਾ ਮਹਾਂਮਾਰੀ ਦੇ ਓਹਲੇ ਵਿੱਚ ਕਿੰਨੇ ਬੁੱਧੀਜੀਵੀਆਂ ਤੇ ਸਕਾਲਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਇਸ ਦੀ ਸੂਚੀ ਬੜੀ ਲੰਮੀ ਹੈ ਤੇ ਲਗਾਤਾਰ ਇਸ ਵਿਚ ਵਾਧਾ ਹੋ ਰਿਹਾ ਹੈ। ਨਾਗਰਿਕਤਾ ਸੋਧ ਬਿੱਲ ਦੇ ਵਿਰੁੱਧ ਉਠੇ ਦੇਸ਼ ਵਿਆਪੀ ਅੰਦੋਲਨ ਸਮੇਂ ਜੇਐੱਨਯੂ ਦਿੱਲੀ, ਅਲੀਗੜ ਮੁਸਲਿਮ ਯੂਨੀਵਰਸਿਟੀ ਅਲੀਗੜ ਤੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀਆਂ ਉਪਰ ਜਿਸਮਾਨੀ ਹਿੰਸਾ ਦਾ ਸਿਰਫ ਕਹਿਰ ਹੀ ਨਹੀਂ ਢਾਹਿਆ ਗਿਆ, ਸਗੋਂ ਸਫ਼ੂਰਾ ਜ਼ਰਗਰ ਅਤੇ ਮੀਰਾਨ ਹੈਦਰ ਆਦਿ ਵਿਦਿਆਰਥੀਆਂ ਉੱਪਰ ਕੇਸ ਦਰਜ ਕਰਕੇ ਉਨ•ਾਂ ਨੂੰ ਅੱਜ ਤੱਕ ਜੇਲ ਦੀਆਂ ਸਲਾਖਾਂ ਅੰਦਰ ਡੱਕਿਆ ਹੋਇਆ ਹੈ। ਜਾਮੀਆ ਮਿਲੀਆ ਵਿਚ ਨਾਗਰਿਕ ਕਾਨੂੰਨਾਂ ਵਿਰੁੱਧ ਹੋਏ ਅੰਦੋਲਨ ਦੌਰਾਨ ਹਿੰਸਾ ਦੇ ਦੋਸ਼ ਹੇਠ ਹੁਣ ਤੱਕ ਸੈਂਕੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਵਿਰੁੱਧ ਯੂ ਏ ਪੀ ਏ ਤਹਿਤ ਇੱਕ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਹੈ। ਉਸ ਉੱਤੇ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਦਿੱਲੀ ਵਿੱਚ ਦੰਗੇ ਭੜਕਾਉਣ ਲਈ ਲੋਕਾਂ ਨੂੰ ਉਕਸਾਇਆ ਸੀ। ਮੁਕੱਦਮੇ ਵਿਚ ਉਮਰ ਵੱਲੋਂ ਦਿੱਤੇ ਭਾਸ਼ਣ ਦੇ ਜਿਹੜੇ ਸ਼ਬਦ ਆਧਾਰ ਬਣਾਏ ਗਏ ਹਨ, ਉਹ ਇਸ ਤਰ੍ਹਾਂ ਹਨ, ''ਜਦੋਂ 24 ਫਰਵਰੀ ਨੂੰ ਡੋਨਾਲਡ ਟਰੰਪ ਭਾਰਤ ਆਉਣਗੇ ਤਾਂ ਅਸੀਂ ਕਹਾਂਗੇ ਕਿ ਪ੍ਰਧਾਨ ਮੰਤਰੀ ਅਤੇ ਭਾਰਤ ਸਰਕਾਰ ਦੇਸ਼ ਨੂੰ ਵੰਡਣ ਦੇ ਜਤਨ ਕਰ ਰਹੇ ਹਨ। ਉਹ ਮਹਾਤਮਾ ਗਾਂਧੀ ਦੀਆਂ ਕਦਰਾਂ-ਕੀਮਤਾਂ ਨੂੰ ਬਰਬਾਦ ਕਰ ਰਹੇ ਹਨ ਅਤੇ ਭਾਰਤੀ ਲੋਕ ਉਨ੍ਹਾਂ ਖ਼ਿਲਾਫ਼ ਲੜ ਰਹੇ ਹਨ। ਜੇਕਰ ਸੱਤਾਧਾਰੀ ਲੋਕ ਭਾਰਤ ਨੂੰ ਵੰਡਣਾ ਚਾਹੁੰਦੇ ਹਨ ਤਾਂ ਭਾਰਤ ਦੇ ਲੋਕ ਦੇਸ਼ ਨੂੰ ਇੱਕਮੁੱਠ ਕਰਨ ਲਈ ਤਿਆਰ ਹਨ।'' ਉਮਰ ਖਾਲਿਦ ਦੇ ਸਾਰੇ ਭਾਸ਼ਣ ਵਿਚ ਕਿਤੇ ਵੀ ਲੋਕਾਂ ਨੂੰ ਉਕਸਾਉਣ ਦੀ ਗੱਲ ਨਹੀਂ, ਸਗੋਂ ਇਸੇ ਭਾਸ਼ਣ ਵਿੱਚ ਉਨ੍ਹਾਂ ਲੋਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਸਲਾਹ ਦਿੰਦਿਆ ਕਿਹਾ, ''ਅਸੀਂ ਹਿੰਸਾ ਦਾ ਜਵਾਬ ਹਿੰਸਾ ਨਾਲ ਨਹੀਂ ਦਿਆਂਗੇ। ਅਸੀਂ ਘ੍ਰਿਣਾ ਦਾ ਜਵਾਬ ਘ੍ਰਿਣਾ ਨਾਲ ਨਹੀਂ ਦੇਵਾਂਗੇ। ਜੇਕਰ ਉਹ ਨਫ਼ਰਤ ਫੈਲਾਉਣਗੇ ਤਾਂ ਅਸੀਂ ਪਿਆਰ ਨਾਲ ਜਵਾਬ ਦਿਆਂਗੇ। ਅਗਰ ਉਹ ਸਾਡੇ ਉਤੇ ਲਾਠੀ ਚਲਾਉਂਦੇ ਹਨ ਤਾਂ ਅਸੀਂ ਤਿਰੰਗੇ ਨੂੰ ਫੜ ਕੇ ਰੱਖਾਂਗੇ। ਜੇਕਰ ਉਹ ਗੋਲੀ ਚਲਾਉਂਦੇ ਹਨ ਤਾਂ ਅਸੀ ਹੱਥਾਂ ਵਿੱਚ ਸੰਵਿਧਾਨ ਫੜੀ ਰੱਖਾਂਗੇ। ਜੇਕਰ ਉਹ ਸਾਨੂੰ ਜੇਲ ਭੇਜਦੇ ਹਨ ਤਾਂ ਅਸੀਂ ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ ਗਾਉਂਦੇ ਹੋਏ ਜੇਲ ਜਾਵਾਂਗੇ।'' ਪਰ ਜਦੋਂ ਹਾਕਮਾਂ ਨੂੰ ਭਗਵੇਂ ਫਾਸ਼ੀਪੁਣੇ ਦਾ ਖੁਮਾਰ ਚੜਿਆ ਹੋਵੇ, ਉਦੋਂ ਅਪੀਲ ਤੇ ਦਲੀਲ ਦਾ ਕੋਈ ਮੁੱਲ ਨਹੀਂ ਰਹਿੰਦਾ। ਖਾਲਿਦ ਤੋਂ ਬਿਨਾਂ ਜਾਮੀਆ ਦੇ ਵਿਦਿਆਰਥੀ ਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰ ਮੀਰਾਨ ਹੈਦਰ ਅਤੇ ਜਾਮੀਆ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਇੰਚਾਰਜ ਸਫ਼ੂਰਾ ਜ਼ਰਗਰ ਨੂੰ ਵੀ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਬੀਤੇ ਸਮੇਂ ਦੌਰਾਨ ਜੰਮੂ-ਕਸ਼ਮੀਰ ਦੇ ਤਿੰਨ ਪੱਤਰਕਾਰਾਂ ਉੱਤੇ ਵੀ ਯੂ ਏ ਪੀ ਏ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚ ਜੰਮੂ-ਕਸ਼ਮੀਰ ਦੀ ਫਰੀਲਾਂਸ ਫੋਟੋ ਜਰਨਲਿਸਟ ਮਸੱਰਤ ਜ਼ਾਹਰਾ, 'ਦੀ ਹਿੰਦੂ' ਦੇ ਪੱਤਰਕਾਰ ਪੀਰਜ਼ਾਦਾ ਅਸ਼ਿਕ ਤੇ ਇੱਕ ਹੋਰ ਪੱਤਰਕਾਰ ਗੌਹਰ ਗਿਲਾਨੀ ਸ਼ਾਮਲ ਹਨ। ਫੋਟੋ ਜਰਨਲਿਸਟ ਮਸੱਰਤ ਜਾਹਰਾ ਉੱਤੇ ਇੱਕ ਫੋਟੋ ਕੈਪਸ਼ਨ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਲਿਖਿਆ ਗਿਆ ਹੈ, ''ਕਸ਼ਮੀਰ ਦੇ ਸ਼ੀਆ ਮੁਸਲਮਾਨਾਂ ਨੂੰ ਹਿਜ਼ਬੁਲ ਮੁਜ਼ਾਹਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੀ ਫੋਟੋ ਲਿਜਾਂਦੇ ਦੇਖਿਆ ਗਿਆ।'' ਇਸ ਤੋਂ ਪਹਿਲਾਂ ਯੂ ਪੀ ਦੇ ਡਾ. ਕਫ਼ੀਲ ਖਾਨ ਦੀ ਜਦੋਂ ਅਦਾਲਤ ਨੇ ਜ਼ਮਾਨਤ ਮਨਜ਼ੂਰ ਕਰ ਲਈ ਤਾਂ ਯੋਗੀ ਸਰਕਾਰ ਵੱਲੋਂ ਰਾਤੋ-ਰਾਤ ਉਸ ਉੱਤੇ ਨੈਸ਼ਨਲ ਸਕਿਉਰਿਟੀ ਐਕਟ ਲਾ ਕੇ ਉਸ ਦੀ ਰਿਹਾਈ ਰੋਕ ਦਿੱਤੀ ਗਈ। ਯੂਏਪੀਏ ਯਾਨੀ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਲੋਕਤੰਤਰੀ ਵਿਵਸਥਾ ਲਈ ਇੱਕ ਕਾਲੇ ਧੱਬੇ ਦੇ ਬਰਾਬਰ ਹੈ।





ਪ੍ਰੋ. ਬਲਵਿੰਦਰਪਾਲ ਸਿੰਘ
91-98157-00916

ਇਸ ਕਾਨੂੰਨ ਅਧੀਨ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਅਧਾਰ ਉਤੇ ਵੀ ਗ੍ਰਿਫਤਾਰ ਕਰਕੇ ਜੇਲ ਵਿਚ ਸੁੱਟਿਆ ਜਾ ਸਕਦਾ ਹੈ। ਇਸ ਵਿਰੁੱਧ ਕਿਸੇ ਅਦਾਲਤ ਵਿਚ ਕੋਈ ਸੁਣਵਾਈ ਨਹੀਂ ਹੋ ਸਕਦੀ। ਪੀੜਤ ਨੂੰ ਪਹਿਲਾਂ ਸਰਕਾਰ ਵੱਲੋਂ ਗਠਤ ਟ੍ਰਿਬਿਊਨਲ ਵਿਚ ਅਪੀਲ ਕਰਨੀ ਪੈਂਦੀ ਹੈ। ਉਸ ਦੇ ਫੈਸਲੇ ਤੋਂ ਬਾਅਦ ਹੀ ਵਿਅਕਤੀ ਅਦਾਲਤ ਦੀ ਸ਼ਰਨ ਵਿੱਚ ਜਾ ਸਕਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਸੈਕੂਲਰ ਧਿਰ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਵਿਰੁੱਧ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ।

ਇਸ ਸੰਬੰਧ ਵਿਚ ਵਿਨੋਦ ਦੂਆ ਵਰਗੇ ਪੱਤਰਕਾਰਾਂ ਵੱਲੋਂ ਇਨ੍ਹਾਂ ਹਨੇਰਿਆਂ ਤੇ ਜ਼ੁਲਮਾਂ ਖਿਲਾਫ ਆਵਾਜ਼ ਉਠਾਉਣਾ ਕਿਉਂ ਗੁਨਾਹ ਹੈ? ਅਜਿਹਾ ਕਰਕੇ ਉਹ ਦੇਸ਼ ਵਿਰੋਧੀ ਕਿਵੇਂ ਹੋ ਸਕਦੇ ਹਨ? ਤੁਸੀਂ ਕਿਸੇ ਪੱਤਰਕਾਰ ਨਾਲ ਸਹਿਮਤ ਜਾਂ ਅਸਹਿਮਤ ਹੋ ਸਕਦੇ ਹੋ ਕਿ ਕਿਵੇਂ ਇੱਕ ਘਟਨਾ ਨੂੰ ਵੇਖਣਾ ਹੈ। ਤੁਹਾਡੇ ਕੋਲ ਅਦਾਲਤ ਜਾਣ ਦਾ ਵੀ ਅਧਿਕਾਰ ਹੈ। ਪਰ ਭਾਜਪਾ ਕੋਲ ਵਿਨੋਦ ਦੂਆ ਵਰਗੇ ਵਰਗੇ ਪੱਤਰਕਾਰ ਨੂੰ 'ਦੇਸ਼ ਲਈ ਖਤਰਾ' ਕਹਿਣ ਦਾ ਅਧਿਕਾਰ ਕਿਵੇਂ ਹੋ ਸਕਦਾ ਹੈ? ਅਜਿਹਾ ਫੈਸਲਾ ਦੇਣਾ ਅਦਾਲਤ ਦਾ ਕੰਮ ਹੈ। ਪਰ ਭਾਜਪਾ ਨੇਤਾ ਅਜਿਹੀਆਂ ਗੈਰ ਸਿਧਾਂਤਕ ਟਿੱਪਣੀਆਂ ਕਰਕੇ ਜੱਜ ਕਿਵੇਂ ਬਣ ਸਕਦੇ ਹਨ?

ਵਿਨੋਦ ਦੂਆ ਵਰਗੇ ਪੱਤਰਕਾਰ ਇਸ ਭਗਵੀਂ ਪੱਤਰਕਾਰੀ ਨੂੰ ਚੁਣੌਤੀ ਦਿੰਦੇ ਹਨ ਤੇ ਭਗਵੇਂ ਤੰਤਰ ਖਿਲਾਫ ਦਲੀਲ ਨਾਲ ਬੋਲਦੇ ਹਨ। ਉਨ੍ਹਾਂ ਜੇਐਨਯੂ ਵਿੱਚ ਮਾਸੂਮ ਵਿਦਿਆਰਥੀ ਨੇਤਾਵਾਂ ਦੀ ਕੁੱਟਮਾਰ ਕਰਨ ਦੇ ਵਿਰੋਧ ਵਿਚ ਆਵਾਜ਼ ਉਠਾਈ। ਉਹ ਇਸ ਕਾਰਨ ਕਿਵੇਂ ਦੇਸ਼ ਦੇ ਲਈ ਖ਼ਤਰਾ ਬਣ ਗਏ? ਪੁਲਿਸ ਜਾਮੀਆ ਮਿਲੀਆ ਇਸਲਾਮੀਆ ਵਿੱਚ ਦਾਖਲ ਹੋਈ ਅਤੇ ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਨਾਲ ਕੁੱਟਮਾਰ ਕੀਤੀ। ਉਹ ਵਿਦਿਆਰਥੀ ਜੋ ਨਿਆਂ ਦੀ ਮੰਗ ਅਦਾਲਤਾਂ ਤੋਂ ਕਰ ਰਹੇ ਹਨ, ਉਨ੍ਹਾਂ ਨੂੰ ਦਿੱਲੀ ਦੰਗਿਆਂ ਅਤੇ ਹੋਰ ਮਾਮਲਿਆਂ ਵਿਚ ਫਸਾਇਆ ਗਿਆ ਹੈ। ਕੀ ਵਿਨੋਦ ਦੂਆ ਦਾ ਇਨ੍ਹਾਂ ਵਿਦਿਆਰਥੀਆਂ ਦੇ ਹੱਕ ਵਿਚ ਆਵਾਜ਼ ਉਠਾਉਣਾ ਦੇਸ਼ ਦੇ ਲਈ ਖ਼ਤਰਾ ਹੈ?

ਦੂਆ ਸੱਚ ਤੇ ਨਿਆਂ ਦੀ ਪੱਤਰਕਾਰੀ ਕਰ ਰਹੇ ਹਨ, ਜਿਸ ਤੋਂ ਭਗਵੇਂ ਰਾਸ਼ਟਰਵਾਦੀਆਂ ਨੂੰ ਡਰ ਲੱਗ ਰਿਹਾ ਹੈ। ਹਾਕਮ ਧਿਰ ਇਸ ਪੱਤਰਕਾਰੀ ਤੋਂ ਖ਼ੌਫ਼ ਖਾਂਦੀ ਹੈ। ਦੂਆ ਨੇ ਭ੍ਰਿਸ਼ਟ ਅਫ਼ਸਰਸ਼ਾਹੀ ਤੇ ਰਾਜਨੀਤਕ ਤੰਤਰ ਨਾਲ ਵਪਾਰਕ ਸ਼ਰਤਾਂ ਉੱਪਰ ਕੋਈ ਸਮਝੌਤਾ ਨਹੀਂ ਕੀਤਾ। ਇਸੇ ਕਰਕੇ ਉਸ ਨੂੰ ਮੀਡੀਆ ਚਲਾਉਣ ਵਿਚ ਵੀ ਰੁਕਾਵਟਾਂ ਆਈਆਂ ਹਨ ਤੇ ਉਨ੍ਹਾਂ ਦੇ ਬੋਲਾਂ ਨੂੰ ਕਾਨੂੰਨੀ ਡੰਡੇ ਅਧੀਨ ਕੁਚਲਿਆ ਜਾ ਰਿਹਾ ਹੈ। ਦੂਆ ਐਨਡੀਟੀਵੀ ਨਿਊਜ਼ ਟ੍ਰੈਕ, ਆਬਜ਼ਰਵਰ ਤੇ ਸਹਾਰਾ ਚੈਨਲ ਵਿਚ ਲੋਕਪੱਖੀ ਪੱਤਰਕਾਰੀ ਕਰਦੇ ਰਹੇ। ਇਸ ਸੱਚ ਲਈ ਉਸ ਨੇ ਅਨੇਕਾਂ ਨੌਕਰੀਆਂ ਕੀਤੀਆਂ, ਪਰ ਸਿਧਾਂਤ ਨਾਲ ਸਮਝੌਤਾ ਨਹੀਂ ਕੀਤਾ। ਨੌਕਰੀਆਂ ਛੱਡ ਦਿੱਤੀਆਂ ਪਰ ਲੋਕ ਪੱਖੀ ਪੱਤਰਕਾਰੀ ਨਹੀਂ ਛੱਡੀ।

ਪਰ ਇਹ ਦੁਖਾਂਤਕ ਗੱਲ ਹੈ ਕਿ ਇਸ ਮਹਾਨ ਪੱਤਰਕਾਰ ਦਾ ਉਸ ਦੇ ਆਪਣੇ ਦੇਸ਼ ਵਿਚ ਫਿਰਕੂ ਤੰਤਰ ਵੱਲੋਂ ਉਸ ਦੀ ਲੋਕ ਪੱਖੀ ਪੱਤਰਕਾਰੀ ਦਾ ਇਲਾਜ ਕੀਤਾ ਜਾ ਰਿਹਾ ਹੈ ਕਿ ਉਹ ਭਗਵੇਂ ਤੰਤਰ ਨੂੰ ਸਮਰਪਿਤ ਹੋ ਜਾਣ।

## ਸ਼ਰੀਕ-ਸ਼ਰੀਕ

ਪਿੰਡਾਂ ਦੇ ਵਿਚ ਹੋਣ ਲੜਾਈਆਂ ਸਮਝੋ ਇਹ ਤਾਂ ਕਿਸੇ ਕਰਾਈਆਂ
ਲਾਉਣ ਵਾਲਾ ਅੱਗ ਲਾ ਕੇ ਤੁਰਦਾ ਪਿੱਛੋਂ ਦਿੰਦੇ ਫਿਰਨ ਸਫਾਈਆਂ
ਖੜ੍ਹ ਕੇ ਲੋਕ ਤਮਾਸ਼ਾ ਵੇਖਣ ਕਿਵੇਂ ਹੋਣ ਸੱਥਾਂ ਵਿਚ ਦੰਗੇ
ਵਿਗੜੇ ਕਿਉਂ ਚਾਚਿਆਂ ਤਾਇਆਂ ਦੀ ਜੇ ਹੋਣ ਸ਼ਰੀਕ ਤਾਂ ਚੰਗੇ।

ਮੁੰਡੇ ਕੁੜੀ ਨੂੰ ਰਿਸ਼ਤਾ ਆਉਂਦਾ ਭਾਨੀ ਮਾਰ ਫਿਰ ਚਾਅ ਤਾਂ ਲਾਉਂਦਾ
ਪੁੱਠੀਆਂ ਸਿੱਧੀਆਂ ਸੁਣ ਕੇ ਤੇ ਉਥੋਂ ਭੱਜ ਜਾਂਦਾ ਜਿਹੜਾ ਸਾਕ ਕਰਾਉਂਦਾ
ਤੁਸੀਂ ਰਿਸ਼ਤੇਦਾਰੀ ਪਾ ਨਾ ਬੈਠਿਓ ਇਹਦੇ ਧੀ ਪੁੱਤ ਬੜੇ ਲਿਫੰਗੇ
ਵਿਗੜੇ ਕਿਉਂ ਚਾਚਿਆਂ ਤਾਇਆਂ ਦੇ ਜੇ ਹੋਣ ਸ਼ਰੀਕ .....

ਜ਼ਮੀਨ ਲੈਣ ਦੀ ਗੱਲ ਕੋਈ ਕਰਦਾ ਆਂਢ ਗੁਆਂਢ ਤਾਂ ਰਹਿੰਦਾ ਸੜਦਾ
ਪੈਸਾ ਭਾਵੇਂ ਕੋਲ ਨਾ ਹੋਵੇ ਪੈਲੀ ਪਿੱਛੇ ਪੂਰਾ ਹੀ ਅੜਦਾ
ਜਿੰਨਾ ਚਿਰ ਨਾ ਸੌਦਾ ਹੋਵੇ ਨਿੱਤ ਖੰਘ ਬਣਾਉਟੀ ਖੰਘਦਾ
ਵਿਗੜੇ ਕਿਉਂ ਚਾਚਿਆਂ ਤਾਇਆਂ ਦੇ ਜੇ ਹੋਣ ਸ਼ਰੀਕ .....

ਕਦੇ ਕਿਤੇ ਨਾ ਖੁਸ਼ੀਆਂ ਆਈਆਂ ਮੁੰਡਾ ਜੰਮੇ ਨਾ ਦੇਣ ਵਧਾਈਆਂ
ਦੋ ਤਿੰਨ ਕੁੜੀਆਂ ਹੋਣ ਨੀ ਇਹਦੇ ਗੱਲਾਂ ਕਰਦੀਆਂ ਚਾਚੀਆਂ ਤਾਈਆਂ
ਤੇ ਜਦੋਂ ਮਨਾਉਂਦਾ ਲੋਹੜੀ ਕੋਈ ਹੋ ਜਾਂਦੇ ਫਿਰ ਠੰਡੇ
ਵਿਗੜੇ ਕਿਉਂ ਚਾਚਿਆਂ ਤਾਇਆਂ ਦੇ ਜੇ ਹੋਣ ਸ਼ਰੀਕ .....

ਬਣਦੀ ਗੱਲ ਤਾਂ ਜਾਣ ਵਿਗਾੜੀ ਕਿਸੇ ਕਿਸੇ ਨੂੰ ਆਦਤ ਮਾੜੀ
ਦੋਸ਼ ਕਿਸੇ ਨੂੰ ਕੀ ਦੇਈਏ ਇੱਥੇ ਦੋਹੀਂ ਹੱਥੀਂ ਵੱਜਦੀ ਤਾੜੀ
ਤਾਹੀਓ 'ਦੇਵ ਘੋਲੀਏ' ਵਾਲਾ ਕਹਿੰਦਾ ਪੈਣ ਪਿੰਡਾ ਵਿਚ ਪੰਗੇ
ਵਿਗੜੇ ਕਿਉਂ ਭੈਣਾਂ ਭਾਈਆਂ ਦੀ ਜੇ ਹੋਣ ਸ਼ਰੀਕ ਤਾਂ ਚੰਗੇ।



– ਦੇਵ ਘੋਲੀਆ ਖੁਰਦ
ਕੈਲੇਫੋਰਨੀਆ
559-232-7764

## ਤਿਵਾੜੀ ਨੇ ਸੁਸ਼ਾਂਤ ਖ਼ੁਦਕੁਸ਼ੀ ਮਾਮਲੇ ਦੀ ਸੀਬੀਆਈ ਜਾਂਚ ਮੰਗੀ

**ਪਟਨਾ-** ਭਾਜਪਾ ਸੰਸਦ ਮੈਂਬਰ ਤੇ ਭੋਜਪੁਰੀ ਸੁਪਰਸਟਾਰ ਮਨੋਜ ਤਿਵਾੜੀ ਨੇ ਬੌਲੀਵੁੱਡ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਵੱਲੋਂ ਕੀਤੀ ਖ਼ੁਦਕੁਸ਼ੀ ਦੇ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਤਿਵਾੜੀ ਨੇ ਕਿਹਾ ਕਿ ਛੋਟੇ ਸ਼ਹਿਰਾਂ ਤੋਂ ਆਉਣ ਵਾਲਿਆਂ ਨਾਲ ਹਮੇਸ਼ਾ ਹਿੰਦੀ ਫਿਲਮ ਸਨਅਤ ਵਿਚ ਪੱਖਪਾਤ ਹੁੰਦਾ ਰਿਹਾ ਹੈ। ਮਨੋਜ ਨੇ ਸੁਸ਼ਾਂਤ ਦੇ ਪਰਿਵਾਰ ਨਾਲ ਵੀ ਮੁਲਾਕਾਤ ਕੀਤੀ ਤੇ ਕਿਹਾ ਕਿ ਉਹ 'ਉੱਚ ਪੱਧਰੀ ਜਾਂਚ' ਦੇ ਹੱਕ ਵਿਚ ਹਨ। ਭਾਜਪਾ ਆਗੂ ਨੇ ਕਿਹਾ ਕਿ ਉਹ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਤੋਂ ਸੀਬੀਆਈ ਜਾਂਚ ਦੀ ਸਿਫ਼ਾਰਿਸ਼ ਕਰਨ ਦੀ ਮੰਗ ਕਰਦੇ ਹਨ। ਉਨ੍ਹਾਂ ਹਾਲਾਤਾਂ ਬਾਰੇ ਜਾਂਚ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੇ ਨੌਜਵਾਨ ਅਦਾਕਾਰ ਨੂੰ ਖ਼ੁਦਕੁਸ਼ੀ ਲਈ ਮਜਬੂਰ ਕੀਤਾ।



## ਵੀਹ ਉੱਤੇ ਛਾਇਆ ਉੱਨੀ !

ਜਦੋਂ ਤੀਕ ਇਲਾਜ ਕੋਈ ਲੱਭਦਾ ਨਹੀਂ
ਡਾਕਟਰ ਕਹਿਣ ਪ੍ਰਹੇਜ਼ ਹੀ ਕਰੀ ਜਾਵੋ।
ਕਿਸੇ ਰੋਗ ਦੇ ਦਿਸਣ ਨਾ ਚਿੰਨ੍ਹ ਭਾਵੇਂ
ਇਹਦੇ 'ਹੋਣ ਤੋਂ' ਫੇਰ ਵੀ ਡਰੀ ਜਾਵੋ।
ਬਿਜਨਸ ਬੰਦ ਹੈ ਸੈਰ ਸਪਾਟਿਆਂ ਦਾ
ਘਰ ਵਿਚ ਆਪਣੇ ਚੌਕੀਆਂ ਭਰੀ ਜਾਵੋ।
ਜੀਵਨ-ਨਦੀ ਹੋ ਗਈ ਏ ਬਿਖਮ ਭਾਵੇਂ
ਸਬਰ ਸਹਿਜ ਦੇ ਆਸਰੇ ਤਰੀ ਜਾਵੋ।
ਛਾਇਆ ਖੌਫ ਬੀਮਾਰੀ ਦਾ ਜੱਗ ਅੰਦਰ
ਡਰ ਦਿਲਾਂ 'ਚੋਂ ਕੋਈ ਵੀ ਕੱਢਦਾ ਨਹੀਂ।
'ਵੀਹ' ਚੜ੍ਹਕੇ ਵੀ ਅੱਧਾ ਕੁ ਮੁੱਕਿਆ ਏ
ਕੋਵਿਡ ਉੱਨੀ ਤਾਂ ਪਿੱਛਾ ਈ ਛੱਡਦਾ ਨਹੀਂ !



–ਤਰਲੋਚਨ ਸਿੰਘ 'ਦੁਪਾਲਪੁਰ'
1-408-915-1268

# ਕਰੋਨਾ ਮਹਾਂਮਾਰੀ ਨਾਲ਼ ਲੜਨ ਵਿੱਚ ਯੋਗ ਵਿੱਦਿਆ ਅਤਿ ਕਾਰਗਰ ਸਾਬਤ ਹੋ ਸਕਦੀ ਹੈ



ਪ੍ਰੇਮਲਤਾ ਪ੍ਰਿੰਸੀਪਲ
91-98143-41746

ਮੌਰੀਆ ਸਾਮਰਾਜ ਦਾ ਅੰਤਿਮ ਸ਼ਾਸ਼ਕ ਬ੍ਰਹਦ੍ਰਥ ਸੀ। ਉਸਦੇ ਸੈਨਾਪਤੀ ਪੁਸ਼ਯ ਮਿੱਤਰ ਨੇ ਬ੍ਰਹਦ੍ਰਥ ਦੀ ਹੱਤਿਆ ਕਰਕੇ ਮਗਧ ਉਪੱਰ ਆਪਣਾ ਰਾਜ ਸਥਾਪਿਤ ਕਰ ਲਿਆ। ਜਿਸ ਨੂੰ ਸ਼ੁੰਗਵੰਸ਼ ਦਾ ਨਾਮ ਦਿੱਤਾ ਜਾਂਦਾ ਹੈ। ਇਸ ਰਾਜਵੰਸ਼ ਨੇ 112 ਸਾਲ (184-72 ਈ: ਪੂ:) ਤੱਕ ਮਗਧ ਤੇ ਰਾਜ ਕੀਤਾ। ਇਸ ਰਾਜਵੰਸ਼ ਦਾ ਪੁਸ਼ਯਮਿੱਤਰ ਬਹੁਤ ਹੀ ਪ੍ਰਤਾਪੀ ਰਾਜਾ ਹੋਇਆ ਹੈ। ਉਸਦੇ ਸ਼ਾਸ਼ਨਕਾਲ ਵਿੱਚ ਵੈਦਿਕ ਸੰਸਕ੍ਰਿਤੀ ਦੀ ਬਹੁਤ ਤਰੱਕੀ ਹੋਈ। ਸੰਸਕ੍ਰਿਤ, ਰਾਜ ਭਾਸ਼ਾ ਸੀ। ਇਸੇ ਕਾਲ ਵਿੱਚ (150 ਈ: ਪੂ:) ਗੌਂਡਾ (ਉਤੱਰ ਪ੍ਰਦੇਸ਼) ਵਿੱਚ ਪਤੰਜ਼ਲੀ ਰਿਸ਼ੀ ਹੋਏ ਸਨ। ਇਸੇ ਕਾਲ ਵਿੱਚ ਮਨੂਸਮ੍ਰਿਤੀ ਲਿਖੀ ਗਈ। ਸ਼ੁੰਗਵੰਸ਼ ਦੇ ਸ਼ਾਸਕਾਂ ਨੇ ਬੁੱਧ, ਸ਼ੈਵ ਅਤੇ ਵੈਸ਼ ਦੀ ਤਿਕੋਣ ਨੂੰ ਅਪਣਾਇਆ। ਸਾਂਚੀ, ਭਰਹੁਤ ਸਤੂਪ ਉਹਨਾਂ ਨੇ ਹੀ ਬਣਵਾਏ ਸਨ।

**ਅਸ਼ਟਾਂਗ ਯੋਗ ਦਾ ਅਧਾਰ:-** ਪਤੰਜ਼ਲੀ ਰਿਸ਼ੀ ਦੇ ਅਸ਼ਟਾਂਗ ਯੋਗ ਦਾ ਅਧਾਰ ਕਪਿਲ ਮੁਨੀ ਦਾ ਸਾਂਖਯ ਦਰਸ਼ਨ ਹੈ। ਕਪਿਲ ਮੁਨੀ, ਪਤੰਜ਼ਲੀ ਰਿਸ਼ੀ ਤੋਂ ਕਈ ਸਦੀਆਂ ਪਹਿਲਾਂ ਹੋਏ ਹਨ। ਕਪਿਲ ਮੁਨੀ ਨੇ ਸਾਂਖਯ ਦਰਸ਼ਨ ਵਿੱਚ ਪ੍ਰਕ੍ਰਿਤੀ ਨੂੰ ਪ੍ਰਧਾਨ ਦੱਸਦੇ ਹੋਏ ਕਿਹਾ ਹੈ, 'ਇਸ ਤੋਂ ਹੀ ਜਗਤ ਦੀ ਉਤਪਤੀ ਹੋਈ ਹੈ'। ਇਸ ਦਰਸ਼ਨ ਮੁਤਾਬਿਕ ਹਰ ਕਾਰਜ ਦਾ ਕਾਰਨ ਮੌਜੂਦ ਹੁੰਦਾ ਹੈ। ਸਾਂਖਯ ਦਰਸ਼ਨ, ਮੁੱਖ 25 ਤੱਤਾਂ ਨੂੰ ਮੰਨਦਾ ਹੈ, ਇਹ ਈਸ਼ਵਰ ਦੀ ਸੱਤਾਂ ਨੂੰ ਨਹੀਂ ਮੰਨਦਾ। ਸ਼੍ਰੀ ਕ੍ਰਿਸ਼ਨ ਨੇ ਭਗਵਤ ਗੀਤਾ ਵਿੱਚ ਕਿਹਾ ਹੈ, ਮੈਂ ਸੰਪੂਰਨ ਵਿਅਕਤੀਆਂ ਵਿੱਚੋਂ, ਰਿਸ਼ੀ ਕਪਿਲ ਮੁਨੀ ਹਾਂ। ਮਹਾਤਮਾ ਬੁੱਧ ਨੇ ਆਪਣੇ ਗੁਰੂ ਆਗੜ ਕਲਾਮ ਕੋਲੋਂ ਕਪਿਲ ਮੁਨੀ ਦੇ ਸਾਂਖਯ ਦਰਸ਼ਨ ਦੀ ਵਿਦਿਆ ਹਾਸਲ ਕੀਤੀ ਸੀ, ਅੱਗੇ ਚੱਲਕੇ ਸਾਂਖਯ ਦਰਸ਼ਨ ਹੀ ਬੁੱਧ ਧਰਮ ਅਤੇ ਜੈਨ ਧਰਮ ਦੀ ਸਿੱਖਿਆ ਦਾ ਅਧਾਰ ਬਣਿਆ। ਕਪਿਲ ਮੁਨੀ ਦੇ ਚੇਲਿਆਂ ਨੇ ਹੀ ਬੁੱਧ ਅਤੇ ਜੈਨ ਧਰਮ ਦੇ ਕੇਂਦਰ ਕਪਿਲਵਸਤੂ ਦੀ ਨੀਂਹ ਰੱਖੀ।



ਪਤੰਜ਼ਲੀ ਰਿਸ਼ੀ ਨੇ ਕਪਿਲ ਦੇ 25 ਤੱਤਾਂ ਵਿੱਚ ਈਸ਼ਵਰ ਦੀ ਸੱਤਾ ਦਾ ਤੱਤ ਜੋੜਕੇ 26 ਤੱਤਾਂ ਦੇ ਆਧਾਰ ਤੇ ਯੋਗ ਸੂਤਰ ਦੀ ਵਿਆਖਿਆ ਕੀਤੀ ਹੈ। ਯੋਗ ਸ਼ਬਦ ਸੰਸਕ੍ਰਿਤ ਦੀ ਯੁਜ ਧਾਤੂ ਤੋਂ ਬਣਿਆ ਹੈ, ਜਿਸਦਾ ਸਧਾਰਣ ਅਰਥ ਹੈ ਜੋੜਨਾ, ਫਲਸਰੂਪ ਪਤੰਜ਼ਲੀ ਯੋਗ ਸੂਤਰ ਵਿੱਚ ਯੋਗ ਦਾ ਅਰਥ ਆਤਮਾ-ਪ੍ਰਮਾਤਮਾ ਦੀ ਸੰਪੂਰਨ ਏਕਤਾ ਹੈ। ਪਤੰਜ਼ਲੀ ਦਾ ਯੋਗ ਸ਼ਾਸਤਰ ਕਪਿਲ ਦੇ ਸਾਂਖਯ ਦਰਸ਼ਨ ਦੀ ਤਾਇਦ ਕਰਦਾ ਹੋਇਆ ਮਨੁੱਖ ਨੂੰ ਉਸ ਅਵਸਥਾ ਵਿੱਚ ਲੈ ਜਾਂਦਾ ਹੈ, ਜਿੱਥੇ ਉਹ ਸੰਸਾਰਿਕ ਚਿੰਤਾਵਾਂ ਤੋਂ ਮੁਕਤ ਹੋਕੇ ਪ੍ਰਕ੍ਰਿਤੀ ਨਾਲ ਸੰਪੂਰਨ ਜੁੜਾਵ ਦੀ ਸਥਿਤੀ ਵਿੱਚ ਆਉਂਦਾ ਹੈ।

**ਅਸ਼ਟਾਂਗ ਯੋਗ :-** ਮਹਾਰਿਸ਼ੀ ਪਤੰਜ਼ਲੀ ਨੇ ਯੋਗ ਦੇ ਅੱਠ ਅੰਗ ਦੱਸੇ ਹਨ। ਇਹਨਾਂ ਅੱਠ ਅੰਗਾਂ ਨੂੰ ਜੋੜਕੇ ਅਸ਼ਟਾਂਗ ਯੋਗ ਬਣਦਾ ਹੈ। ਇਹ ਅੱਠ ਅੰਗ ਹਨ: ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਣਾ, ਧਿਆਨ ਅਤੇ ਸਮਾਧੀ।

**(1) ਯਮ:** ਇਹ ਅਸ਼ਟਾਂਗ ਯੋਗ ਦਾ ਪਹਿਲਾ ਅੰਗ ਹੈ। ਇਸ ਵਿੱਚ ਮਨੁੱਖ ਦੇ ਜੀਵਨ ਵਿੱਚ ਅਨੁਸ਼ਾਸ਼ਨ ਨੂੰ ਕਾਇਮ ਕਰਨ ਦੇ ਉਪਾਅ ਦੱਸੇ ਗਏ ਹਨ। ਯਮ ਦੇ ਤੱਤ ਹਨ:-

(ੳ) ਅਹਿੰਸਾ (Non-Violence)

(ਅ) ਸੱਤਿਆ (Truth fullness)

(ੲ) ਅਸ਼ਤੇਯ (Non-thieving - ਚੋਰੀ ਨਾ ਕਰਨਾ)

(ਸ) ਬ੍ਰਹਮਚਰਿਆ:- ਮਾਨਸਿਕ ਸੋਚ, ਬਚਨ ਅਤੇ ਕਰਮ ਦੁਆਰਾ ਇੰਦਰੀਆਂ ਅਤੇ ਮਨ ਉਪੱਰ ਕਾਬੂ ਰੱਖਣਾ ਹੀ ਬ੍ਰਹਮਚਰਿਆ ਹੈ।

(ਹ) ਅਪਰਿਗ੍ਰਹਿ : ਅਪਰਿਗ੍ਰਹਿ ਦਾ ਅਰਥ ਹੈ, ਜੀਵਨ ਜੀਉਣ ਲਈ ਘੱਟੋ-ਘੱਟ ਧਨ ਦੌਲਤ, ਵਸਤਰ, ਜਮੀਨ-ਜਾਇਦਾਦ ਆਦਿ ਨਾਲ ਸਬਰ ਸੰਤੋਖ ਵਾਲਾ ਜੀਵਨ ਬਤੀਤ ਕਰਨਾ।

(ਕ) ਨਿਯਮ : (Self-Purification) ਪੰਜ ਯਮਾਂ ਤੋਂ ਬਾਅਦ ਪੰਜ ਨਿਯਮਾਂ ਦੀ ਵਾਰੀ ਆਉਂਦੀ ਹੈ, ਇਹ ਹਨ: ਸ਼ੌਚ, ਸੰਤੋਸ਼, ਤਪ, ਸਵਾਧਿਆਏ ਅਤੇ ਈਸ਼ਵਰ-ਪ੍ਰਾਣਿਧਾਨ।

(1) ਸ਼ੌਚ (Purity) - ਸ਼ੌਚ ਦਾ ਦਾਯਰਾ ਬਹੁਤ ਵਿਆਪਕ ਹੈ। ਸਾਫ਼ ਪਾਣੀ ਨਾਲ ਸ਼ਰੀਰ ਦੀ ਸ਼ੁੱਧੀ, ਤਪ ਨਾਲ ਆਤਮਾ ਦੀ ਸ਼ੁੱਧੀ, ਗਿਆਨ ਨਾਲ ਬੁੱਧੀ ਦੀ ਸ਼ੁੱਧੀ, ਇਰਦ-ਗਿਰਦ ਦੇ ਵਾਤਾਵਰਣ ਦੀ ਸ਼ੁੱਧੀ, ਪਾਉਣ ਵਾਲੇ ਕੱਪੜਿਆਂ ਦੀ ਸ਼ੁੱਧੀ, ਮਲ ਮੂਤਰ ਦੇ ਤਿਆਗ ਨਾਲ ਅੰਦਰਲੇ ਸ਼ਰੀਰ ਦੀ ਸ਼ੁੱਧੀ ਇਹ ਸਾਰੀਆਂ ਗੱਲਾਂ ਸ਼ੋਚ ਵਿੱਚ ਆਉਂਦੀਆਂ ਹਨ।

(2) ਸੰਤੋਖ (3ontentment) : ਤ੍ਰਿਸ਼ਨਾ ਦਾ ਅੰਤ ਕਰਕੇ ਹੀ ਸੰਤੋਖ ਪ੍ਰਾਪਤ ਕੀਤਾ ਜਾ ਸਕਦਾ ਹੈ। ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਪ੍ਰਾਪਤ ਕੀਤੀ ਧਨ ਦੌਲਤ ਵਿੱਚ ਸੁਖ ਅਨੁਭਵ ਕਰਨਾ ਹੀ ਸੰਤੋਖ ਹੈ।

(3) ਤਪ (1usterity) : ਸ਼ਰੀਰ, ਇੰਦਰੀਆਂ ਅਤੇ ਮਨ ਦੇ ਸੰਜ਼ਮ ਨੂੰ ਹੀ ਤਪ ਕਿਹਾ ਜਾਂਦਾ ਹੈ। ਆਪਣੇ ਸਦ ਉਦੇਸ਼ ਦੀ ਪ੍ਰਾਪਤੀ ਲਈ ਦੁੱਖ ਰੁਕਾਵਟਾਂ, ਵਿਰੋਧੀ ਹਾਲਾਤਾਂ ਆਦਿ ਦੀ ਚੁਨੌਤੀ ਨੂੰ ਸਹਿਜਤਾ ਨਾਲ ਖਿੜੇ ਮੱਥੇ ਸਵੀਕਾਰਦੇ ਹੋਏ, ਮਨ ਨੂੰ ਵਿਚਲਤ ਕੀਤੇ ਬਿਨਾਂ ਆਪਣੇ ਪਰਮ ਉਦੇਸ਼ ਵੱਲ ਅੱਗੇ ਵੱਧਦੇ ਜਾਣਾ ਹੀ ਤਪ ਹੈ।

(4) ਸਵਾਧਿਆਏ : (Study of the sacred scriptures and of one@s self) ਆਪਣੇ ਆਪ ਦਾ ਅਧਿਐਨ ਕਰਨਾ-ਆਪਣੇ ਆਪ ਨੂੰ ਜਾਣਨਾ ਹੀ ਸਵਾ ਧਿਆਏ ਹੈ।

(5) ਈਸ਼ਵਰ ਪ੍ਰਾਣਿਧਾਨ : (Surrender to 7od) ਪ੍ਰਮਾਤਮਾ ਦੇ ਪ੍ਰਤੀ ਪੂਰੀ ਤਰਾਂ◆ ਸਮਰਪਿਤ ਹੋਣਾ ਹੀ ਈਸ਼ਵਰ ਪ੍ਰਾਣਿਧਾਨ ਹੈ।

(6) ਆਸਨ : (Postures) ਪਤੰਜ਼ਲੀ ਯੋਗ ਸੂਤਰ ਦੇ ਅਨੁਸਾਰ ਯੋਗ ਆਸਨਾ ਦਾ ਅਭਿਆਸ ਕਰਨ ਨਾਲ ਸ਼ਰੀਰਿਕ ਸਥਿਰਤਾ ਅਤੇ ਸੁਖ ਦਾ ਅਹਿਸਾਸ ਹੁੰਦਾ ਹੈ। ਸ਼ਰੀਰਿਕ ਸਥਿਰਤਾ ਵਿੱਚ ਹੱਡੀਆਂ, ਮਾਸਪੇਸ਼ੀਆਂ, ਤੰਤਰਿਕਾ-ਤੰਤਰ, ਗ੍ਰੰਥੀਆਂ, ਪਾਚਨ ਕਿਰਿਆ, ਸਾਹ-ਪ੍ਰਣਾਲੀ, ਖ਼ੂਨ ਦਾ ਦੌਰਾ ਆਦਿ ਆਉਂਦੀਆਂ ਹਨ। ਇਹਨਾਂ ਸਭਨਾ ਦਾ ਨਿਯੰਤ੍ਰਣ ਅਤੇ ਇੱਕ ਰੂਪ ਹੋਕੇ ਕੰਮ ਕਰਨਾ-ਸਰੀਰਿਕ ਸਥਿਰਤਾ ਨੂੰ ਦਰਸਾਉਂਦਾ ਹੈ।

**ਯੋਗ ਆਸਨਾਂ ਦੀਆਂ ਕਿਸਮਾਂ**

(1) ਮਨ ਦੀ ਇਕਾਗਰਤਾ ਅਤੇ ਧਿਆਨ ਲਗਾਉਣ ਲਈ ਪਦਮ ਆਸਨ : ਪਦਮ ਆਸਨ ਦਾ ਅਰਥ ਹੈ, ਕਮਲ ਦਾ ਫੁੱਲ। ਇਹ ਆਸਨ ਚੌਂਕੜੀ ਮਾਰ ਕੇ ਸਿੱਧੇ ਬੈਠਕੇ ਹੁੰਦਾ ਹੈ। ਇਸ ਨਾਲ ਮਨ ਦੀ ਇਕਾਗਰਤਾ ਵਧਦੀ ਹੈ ਅਤੇ ਰੀੜ ਦੀ ਹੱਡੀ ਮਜਬੂਤ ਹੁੰਦੀ ਹੈ।



**(2) ਖੜੇ ਹੋ ਕੇ ਕੀਤੇ ਜਾਣ ਵਾਲੇ ਆਸਨ:** ਤਾੜਆਸਨ, ਤ੍ਰਿਕੋਣਆਸਨ, ਚਕਰਾਸਨ, ਗਰੁੜਆਸਨ, ਧਰੁਵਆਸਨ, ਵਾਤਾਯਨਆਸਨ ਅਤੇ ਸੂਰਜ ਨਮਸਕਾਰ। ਇਹਨਾਂ ਆਸਨਾਂ ਵਿਚੋਂ ਸੂਰਜ ਨਮਸਕਾਰ ਸਭ ਤੋਂ ਉੱਤਮ ਹੈ। ਸੂਰਜ ਨਮਸਕਾਰ ਦੀਆਂ ਸੱਤ ਸਥਿਤੀਆਂ ਹਨ। ਸੂਰਜ ਨੂੰ ਦੇਵਤਾ ਮੰਨਕੇ 13 ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਹੈ।

(3) ਬੈਠਕੇ ਕੀਤੇ ਜਾਣ ਵਾਲੇ ਆਸਨ : ਬੈਠਕੇ ਅਤੇ ਲੇਟ ਕੇ ਕੀਤੇ ਜਾਣ ਵਾਲੇ ਬਹੁਤ ਸਾਰੇ ਆਸਨ ਹਨ। ਇਹਨਾਂ ਵਿੱਚੋਂ ਪ੍ਰਮੁੱਖ ਹਨ:

(ੳ) ਪੱਛਮਉਤਾਨ ਆਸਨ (ਅ) ਉਤਾਨਪਾਦ ਆਸਨ (ੲ) ਸਰਵਾਂਗ ਆਸਨ (ਸ) ਸ਼ੀਰਸ ਆਸਨ (ਹ) ਹਲ ਆਸਨ (ਕ) ਚੱਕਰ ਆਸਨ (ਖ) ਧਨੁਰ ਆਸਨ

ਪ੍ਰਾਣਾਯਾਮ (Yogic 2reathing): ਕਿਸੇ ਸਵੱਛ ਸਥਾਨ ਤੇ ਬੈਠਕੇ ਵਿਸ਼ੇਸ਼ ਵਿਧੀ ਦੁਆਰਾ ਸਾਂਹ ਨੂੰ ਅੰਦਰ ਖਿੱਚਣਾ ਅਤੇ ਬਾਹਰ ਕੱਢਣਾ ਹੀ ਪ੍ਰਾਣਾਯਾਮ ਹੈ।

ਲਾਭ :(1) ਮਨ, ਪ੍ਰਾਣ, ਬਿਰਤੀ ਅਤੇ ਵੀਰਜ ਇਹਨਾਂ ਚਾਰਾਂ ਨੂੰ ਵੱਸ 'ਚ ਲਿਆਉਣ ਲਈ ਮਦਦ ਮਿਲਦੀ ਹੈ। (2) ਉਮਰ ਲੰਬੀ ਹੁੰਦੀ ਹੈ (3) ਗ੍ਰੰਥੀਆਂ ਦੀ ਕਿਰਿਆ ਸੁਚਾਰੂ ਹੋ ਜਾਂਦੀ ਹੈ (4) ਖ਼ੂਨ ਦੀ ਸਫਾਈ ਹੁੰਦੀ ਹੈ (5) ਨਾੜੀ ਪ੍ਰਣਾਲੀ ਠੀਕ ਰਹਿੰਦੀ ਹੈ।

ਪ੍ਰਮੁੱਖ ਪ੍ਰਾਣਾਯਾਮ (ੳ) ਅਨੁਲੋਮ-ਵਿਲੋਮ (ਅ) ਕਪਾਲਭਾਤੀ (ੲ) ਭਰਮਰੀ ਪ੍ਰਾਣਾਯਾਮ

ਪ੍ਰਤਿਆਹਾਰ (ਟਿਹਦਰਅੱਅਲ ਾ ਸਏਨਸਏਸ): ਸੰਸਾਰਕ ਵਿਸ਼ੇ-ਵਾਸਨਾਵਾਂ ਤੋਂ ਵਿਮੁੱਖ ਹੋ ਕੇ ਆਪਣੇ ਮਨ ਅਤੇ ਇੰਦਰੀਆਂ ਨੂੰ ਅੰਤਰ ਮੁਖੀ ਕਰਨਾ ਹੀ ਪ੍ਰੱਤਿਆਹਾਰ ਹੈ।

**ਧਾਰਣਾ:** (3oncentration on objects) ਅਸ਼ਟਾਂਗ ਯੋਗ ਵਿਚ ਯਮ, ਨਿਯਮ, ਆਸਨ, ਪ੍ਰਾਣਾਯਾਮ ਚਾਰੇ ਅੰਗ ਯੋਗ ਦੇ ਬਾਹਰੀ ਅੰਗ ਹਨ। ਪ੍ਰੱਤਿਆਹਾਰ ਵਿਚਕਾਰਲੀ ਕੜੀ ਹੈ, ਜਦੋਂ ਕਿ ਧਾਰਣ, ਧਿਆਨ ਅਤੇ ਸਮਾਧੀ ਅੰਦਰਲੀ ਦੁਨੀਆਂ ਨਾਲ ਸਬੰਧਤ ਹਨ। ਮਨ ਨੂੰ ਸਥੂਲ ਵਿਸ਼ਿਆਂ ਤੋਂ ਹਟਾ ਕੇ ਸੂਖਮ ਵਿਸ਼ਿਆਂ ਵੱਲ ਕੇਂਦਰਤ ਕਰਨਾ ਹੀ ਧਾਰਣਾ ਹੈ। ਧਾਰਣਾ, ਧਿਆਨ ਦਾ ਆਧਾਰ ਹੈ।

**ਧਿਆਨ** (4eep Meditation): ਸ਼ਰੀਰ ਨੂੰ ਸਥਿਰ ਕਰਨ ਮਗਰੋਂ ਇੰਦਰੀਆਂ ਦਾ ਬਾਹਰਲੀਆਂ ਚੀਜਾਂ ਨਾਲੋਂ ਸੰਪਰਕ ਤੋੜਨਾ ਹੀ ਧਿਆਨ ਹੈ। ਮਨ ਦੀ ਸੰਪੂਰਨ ਸ਼ਾਂਤੀ ਹੀ ਧਿਆਨ ਹੈ। ਬੁੱਧੀ ਨੂੰ ਤਟਅਸਥ ਕਰਨਾ ਧਿਆਨ ਹੈ।

**ਸਮਾਧੀ** (State of Super bliss): ਅਸ਼ਟਾਂਗ ਯੋਗ ਦੀ ਮੰਜ਼ਿਲ ਹੈ ਸਮਾਧੀ। ਇਹ ਯੋਗ ਸਾਧਨਾ ਦੀ ਸਰਬਉੱਚ ਅਵਸਥਾ ਹੈ। ਆਤਮਾ ਦਾ ਪ੍ਰਮਾਤਮਾ ਨਾਲ ਸੰਪੂਰਨ ਮਿਲਨ ਹੀ ਸਮਾਧੀ ਹੈ। ਇਹ ਪਰਮਆਨੰਦ ਦੀ ਸਥਿਤੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਯਤਨਾ ਸਦਕਾ ਯੂ.ਐਨ.ਓ ਵਲੋਂ 21 ਜੂਨ ਨੂੰ ਵਿਸ਼ਵ ਯੋਗ ਦਿਵਸ ਮਨਾਉਣਾ, ਭਾਰਤੀ ਵੈਦਿਕ ਸੰਸਕ੍ਰਿਤੀ ਦਾ ਵਿਗਿਆਨਿਕ ਆਧਾਰ ਪੁਖਤਾ ਹੁੰਦਾ ਹੈ। ਭਾਰਤੀ ਵੈਦਿਕ ਸੰਸਕ੍ਰਿਤੀ ਸਾਰੀ ਦੁਨੀਆਂ ਲਈ ਚਾਨਣ ਮੁਨਾਰਾ ਸਾਬਿਤ ਹੋ ਸਕਦੀ ਹੈ।

ਸ਼ਰੀਰ ਦੀ ਅੰਦਰੂਨੀ ਸ਼ਕਤੀ ਜਿਸਨੂੰ ਇਮਿਊਨ ਸਿਸਟਮ ਕਹਿੰਦੇ ਹਨ, ਮੁੱਖ ਰੂਪ ਨਾ਼ਲ ਤਿੰਨ ਗੱਲਾਂ ਤੇ ਬਹੁਤ ਜਿਆਦਾ ਨਿਰਭਰ ਕਰਦਾ ਹੈ।

1. ਯੋਗ ਆਸਨ ਕਰਨ ਲਾ਼ਲ ਸ਼ਰੀਰ ਦੇ ਅੰਦਰੂਨੀ ਅਤੇ ਬਾਹਰੀ ਅੰਗ ਕਿਰਿਆਸ਼ੀਲ ਰਹਿੰਦੇ ਹਨ।
2. ਯੋਗ ਦੇ ਨਿਯਮ "ਸ਼ੌਚ" ਦੇ ਅੰਤਰਗਤ ਆਹਾਰ ਪ੍ਰਣਾਲੀ ਵੀ ਆਉਂਦੀ ਹੈ। ਆਂਤੜੀਆਂ ਦੀ ਸ਼ੁੱਧੀ ਲਈ ਮਨੁੱਖ ਨੂੰ ਵੈਸ਼ਨੂੰ ਭੋਜਨ ਉੱਪਰ ਵਧੇਰੇ ਜ਼ੋਰ ਦੇਣਾ ਚਾਹੀਦਾ ਹੈ। ਜੜੀ ਬੂਟੀਆਂ ਦੇ ਪ੍ਰਯੋਗ ਨਾ਼ਲ ਆਂਤੜੀਆਂ ਦੀ ਸ਼ੁੱਧੀ ਜ਼ਰੂਰੀ ਹੈ।
3. ਯੋਗ ਦੇ ਨਿਯਮ "ਸਵਾਧਿਆਏ" ਮੁਤਾਬਿਕ ਮਨ ਨੂੰ ਇਕਾਗਰਚਿਤ ਰੱਖਣਾ ਬਹੁਤ ਜ਼ਰੂਰੀ ਹੈ। ਜੇਕਰ ਮਨ ਉਤਸ਼ਾਹ ਜਨਕ ਸਥਿਤੀ ਵਿੱਚ ਹੋਵੇਗਾ ਤਾਂ ਰੋਗਾਂ ਨਾ਼ਲ ਲੜਨ ਦੀ ਸ਼ਕਤੀ ਵੀ ਮਜ਼ਬੂਤ ਰਹੇਗੀ।

# "ਪ੍ਰੀਤ ਨਗਰ" ਇੱਕ ਬਹੁਤ ਹੀ ਅਦਭੁੱਤ ਸੱਚ, ਮਨੁੱਖੀ ਸਰੋਕਾਰ ਅਤੇ ਦੇਸ਼ ਪ੍ਰੇਮ ਆਪਣੇ ਅੰਦਰ ਸਮੇਟੀ ਬੈਠਾ ਹੈ"

ਪਿਛਲੇ ਦਿਨੀ ਜਦੋਂ ਉਮਾ ਜੀ ਦੇ ਸਵਰਗਵਾਸ ਬਾਰੇ ਖ਼ਬਰ ਪੜ੍ਹੀ ਤਾਂ ਮਨ ਚ ਜਗਿਆਸਾ ਵਧੀ ਕਿ ਉਨ੍ਹਾਂ ਦੇ ਅਤੀਤ "ਪ੍ਰੀਤ ਨਗਰ" ਬਾਰੇ ਪੂਰੀ ਤਰਾਂ ਜਾਣਿਆ ਜਾਵੇ। ਜਦੋਂ ਡੂੰਘਾਈ ਨਾ਼ਲ ਖੋਜ ਕੀਤੀ ਤਾਂ ਪਾਇਆ ਕਿ "ਪ੍ਰੀਤ ਨਗਰ" ਇੱਕ ਅਦਭੁੱਤ ਸੱਚ, ਮਨੁੱਖੀ ਸਰੋਕਾਰ ਅਤੇ ਦੇਸ਼ ਪ੍ਰੇਮ ਆਪਣੇ ਅੰਦਰ ਸਮੇਟੀ ਬੈਠਾ ਹੈ। ਹੁਣ ਗੱਲ ਕਿੱਥੋਂ ਸ਼ੁਰੂ ਕੀਤੀ ਜਾਵੇ, ਕਾਇਦਾ ਹੈ ਕਿ ਜੜ, ਉਮਾ ਜੀ ਦੇ ਬਾਪੂ ਗੁਰਬਖਸ਼ ਸਿੰਘ ਤੋਂ ਹੀ ਸ਼ੁਰੂ ਕੀਤੀ ਜਾਵੇ।

ਗੁਰਬਖਸ਼ ਸਿੰਘ ਦਾ ਜਨਮ 26 ਅਪ੍ਰੈਲ 1895 ਨੂੰ ਸਿਆਲਕੋਟ ਵਿਖੇ ਹੋਇਆ। ਆਪ ਨੇ 1917 ਵਿੱਚ ਰੁੜਕੀ ਦੇ ਮਸ਼ਹੂਰ ਥਾਮਸਨ ਇੰਜੀਨਿਅਰਿੰਗ ਕਾਲਜ ਤੋਂ ਡਿਪਲੋਮਾ ਕੀਤਾ। ਦੋ ਸਾਲ ਫ਼ੌਜ ਵਿੱਚ ਇੰਜੀਨੀਅਰ ਦੀ ਨੌਕਰੀ ਕੀਤੀ, ਬਗਦਾਦ ਵਿੱਚ ਮੋਰਚੇ ਤੇ ਰਹੇ। 1922 ਵਿੱਚ ਇੰਜੀਨਿਅਰਿੰਗ ਵਿੱਚ ਬੀ.ਐੱਸ.ਸੀ ਦੀ ਡਿਗਰੀ ਲਈ ਮਿਸ਼ੀਗਨ ਯੂਨਿਵਰਸਿਟੀ ਵਿੱਚ ਦਾਖ਼ਲਾ ਲੈ ਲਿਆ। ਅਮੇਰਿਕਾ ਵਿੱਚ ਛੇ ਸਾਲਾ ਪ੍ਰਵਾਸ ਦੌਰਾਨ ਆਪ ਉੱਪਰ ਵਾਤਾਵਰਣ ਸੁਰੱਖਿਆ, ਵਿਗਿਆਨ, ਪ੍ਰਗਤੀਵਾਦੀ-ਲੋਕਤਾਂਤ੍ਰਿਕ ਲਹਿਰਾਂ ਅਤੇ ਸਾਹਿਤ ਨੇ ਡੂੰਘਾ ਪ੍ਰਭਾਵ ਪਾਇਆ। ਦੇਸ਼ ਪਰਤਨ ਉਪਰਾਂਤ ਆਪ ਨੇ ਭਾਰਤੀ ਰੇਲਵੇ ਵਿੱਚ 1925 ਤੋਂ 1932 ਤੱਕ ਨੌਕਰੀ ਕੀਤੀ। 27 ਜੁਲਾਈ 1927 ਨੂੰ ਖਨਾਈ ਬਲੋਚਿਸਤਾਨ ਵਿਖੇ ਆਪਦੇ ਘਰ ਇੱਕ ਲੜਕੀ ਉਮਾ ਨੇ ਜਨਮ ਲਿਆ। ਰੇਲਵੇ ਵਿੱਚ ਨੌਕਰੀ ਦੌਰਾਨ ਆਪ ਨੇ ਚਿਨਾਬ ਨਦੀ ਉੱਪਰ ਰੇਲਵੇ ਪੁਲ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਨੌਕਰੀ ਦੌਰਾਨ ਆਪ ਮਿੱਟੀ ਦੇ ਕੱਚੇ ਘਰ ਵਿੱਚ ਰਹਿੰਦੇ ਰਹੇ।

ਸਾਹਿਤਕ ਚੇਟਕ ਉਸ ਚਿੰਗਾਰੀ ਵਾਂਗ ਹੈ, ਜਿਹੜੀ ਸੜੀਆਂ ਮੋਈਆਂ ਕੁਰੀਤੀਆਂ ਨੂੰ ਸਾੜਕੇ ਇੱਕ ਸੋਹਣੇ ਸੰਸਾਰ ਦੀ ਸਿਰਜਣਾ ਕਰਦੀ ਹੈ। ਆਪ ਨੇ 1926 ਵਿੱਚ ਆਪਣਾ ਪਹਿਲਾ ਨਾਟਕ "ਪ੍ਰੀਤ ਮੁਕਟ" ਛਪਵਾਇਆ। ਇਹੋ "ਪ੍ਰੀਤ" ਸ਼ਬਦ ਅੱਗੇ ਚੱਲ ਕੇ ਸਾਹਿਤਕ ਜਗਤ ਦਾ ਇੱਕ ਮੀਲ ਪੱਥਰ ਬਣ ਗਿਆ। 1932 ਵਿੱਚ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ 1933 ਵਿੱਚ ਅਕਾਲੀ ਫੂਲਾ ਸਿੰਘ ਸਮਾਧ ਮੈਨੇਜਮੈਂਟ ਤੋਂ 175 ਏਕੜ ਜਮੀਨ ਇੱਕ ਪੈਸਾ ਪ੍ਰਤੀ ਗਜ਼ ਦੇ ਹਿਸਾਬ ਨਾ਼ਲ ਖਰੀਦ ਕੇ ਆਧੁਨਿਕ ਤਰੀਕੇ ਨਾ਼ਲ ਖੇਤੀ ਕਰਨੀ ਸ਼ੁਰੂ ਕੀਤੀ। ਇਸ ਲਈ ਉਹ ਬਾਹਰਲੇ ਦੇਸ਼ ਤੋਂ ਪੰਜਾਬ ਵਿੱਚ ਪਹਿਲਾ ਟ੍ਰੈਕਟਰ ਵੀ ਲੈ ਕੇ ਆਏ।

1933 ਵਿੱਚ ਆਪ ਜੀ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਸਾਹਿਤਕ ਘਟਨਾ ਨੇ ਪ੍ਰਵੇਸ਼ ਕੀਤਾ, ਉਹ ਸੀ ਆਪ ਨੇ ਮਹੀਨਾਵਾਰ ਪੰਜਾਬੀ ਮੈਗਜੀਨ "ਪ੍ਰਤੀ ਲੜੀ" ਸ਼ੁਰੂ ਕੀਤਾ, ਤਾਂਕਿ ਉਹ ਆਪਣੇ ਪ੍ਰਗਤੀਵਾਦੀ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾ ਸਕਣ। "ਪ੍ਰੀਤ ਲੜੀ" ਮੈਗਜੀਨ ਐਨਾ ਪ੍ਰਸਿੱਧ ਹੋ ਗਿਆ, ਕਿ ਇਹ ਸ਼ਬਦ ਖੁਦ ਆਪ ਦੀ ਪਹਿਚਾਨ ਬਣ ਗਿਆ। ਆਪ ਗੁਰਬਖਸ਼ ਸਿੰਘ ਤੋਂ ਬਣ ਗਏ ਗੁਰਬਖਸ਼ ਸਿੰਘ ਪ੍ਰੀਤ ਲੜੀ।

ਗੁਰਬਖਸ਼ ਸਿੰਘ ਪ੍ਰੀਤ ਲੜੀ ਨੂੰ ਕੇਵਲ ਇੱਥੇ ਹੀ ਸੰਤੁਸ਼ਟੀ ਨਹੀਂ ਹੋਈ। ਉਨ੍ਹਾਂ ਨੇ 1938 ਵਿੱਚ ਆਪਣੀ 175 ਏਕੜ ਜਮੀਨ ਉੱਪਰ ਜੋ ਲਾਹੌਰ ਅਤੇ ਅੰਮ੍ਰਿਤਸਰ ਤੋਂ ਬਰਾਬਰ ਦੂਰੀ ਤੇ ਪੈਂਦੀ ਸੀ, ਉੱਪਰ ਸੁਪਨਿਆਂ ਦੀ ਨਗਰੀ, ਸੰਸਕ੍ਰਿਤਕ ਕ੍ਰਾਂਤੀ ਦਾ ਮੰਚ, ਇੱਕ ਸਾਹਿਤਕ ਨਗਰ ਵਸਾਉਣ ਦੀ ਯੋਜਨਾ ਬਣਾਈ, ਜਿਸਦਾ ਨਾਮ ਰੱਖਿਆ "ਪ੍ਰੀਤ ਨਗਰ"। ਇਸ ਨਗਰ ਦੀ ਵਿਸ਼ੇਸ਼ਤਾ ਇਹ ਸੀ, ਇਸ ਵਿੱਚ ਸਾਰੀਆਂ ਆਧੁਨਿਕ ਸਹੂਲਤਾਂ ਮੌਜੂਦ ਸਨ, ਜਿਸ ਵਿੱਚ ਆਧੁਨਿਕ ਸੁਲਭ-ਸ਼ੋਚਾਲਿਆ ਵੀ ਬਣਿਆ ਸੀ, ਸਾਂਝੀ ਰਸੋਈ ਸੀ। 8 ਏਕੜ੍ਹ ਵਿੱਚ ਇੱਕ ਮਾਡਲ ਸਕੂਲ ਬਣਿਆ ਸੀ। ਸਵੀਮਿੰਗ ਪੂਲ, ਬਾਗ ਬਗੀਚੇ, ਸੋਹਣੀਆਂ ਸੜਕਾਂ, ਰੰਗ ਮੰਚ ਲਈ ਖੁੱਲ੍ਹਾ ਥਿਏਟਰ ਅਤੇ ਪ੍ਰੀਤ ਮਿਲਣੀਆਂ ਲਈ ਇਨਡੋਰ ਸਾਹਿਤਕ ਹਾਲ ਬਣੇ ਸਨ। ਉਨ੍ਹਾਂ ਨੇ "ਪ੍ਰੀਤ ਨਗਰ" ਵਿੱਚ ਸਾਹਿਤਕਾਰਾਂ ਲਈ ਆਲੀਸ਼ਾਨ ਕੋਠੀਆਂ ਬਣਾਈਆਂ। ਉਸ ਵੇਲੇ "ਪ੍ਰੀਤ ਨਗਰ" ਨਾ਼ਲ ਉੱਚ ਕੋਟੀ ਦੇ ਸਾਹਿਤਕਾਰ, ਕਲਾਕਾਰ ਅਤੇ ਐਕਟਰ ਜੁੜ ਚੁੱਕੇ ਸਨ। ਜਿਨ੍ਹਾਂ ਵਿੱਚ ਪ੍ਰਮੁੱਖ ਸਨ: ਨਾਵਲਕਾਰ ਨਾਨਕ ਸਿੰਘ, ਚਿੱਤਰਕਾਰ ਸ਼ੋਭਾ ਸਿੰਘ, ਬਾਲੀਵੁੱਡ ਦੇ ਪ੍ਰਮੁੱਖ ਐਕਟਰ ਬਲਰਾਜ ਸਾਹਨੀ, ਫੈਜ਼ ਅਹਿਮਦ ਫੌਜ਼, ਸਾਹਿਰ ਲੁਧਿਆਣਵੀ, ਉਪੇਂਦਰ ਨਾਥ ਅਸ਼ਕ, ਕਰਤਾਰ ਸਿੰਘ ਦੁੱਗਲ, ਮਸ਼ਹੂਰ ਪ੍ਰਗਤੀਵਾਦੀ ਕਵੀ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ। ਪ੍ਰੀਤ ਨਗਰ ਦੀ ਸਾਂਝੀ ਰਸੋਈ ਨੂੰ ਦੇਖ ਕੇ ਬਲਵੰਤ ਗਾਰਗੀ ਨੇ "ਸਾਂਝਾ ਚੁਲ੍ਹਾ" ਨਾਟਕ ਦਾ ਮੰਚਣ ਕੀਤਾ। ਮਹੀਨਾਵਾਰ "ਪ੍ਰੀਤ ਮਿਲਣੀਆਂ" ਹੁੰਦੀਆਂ ਰਹਿੰਦੀਆਂ ਸਨ, ਜਿਨ੍ਹਾਂ ਵਿੱਚ ਵੱਡੇ-ਵੱਡੇ ਸਾਹਿਤਕਾਰ, ਚਿੰਤਕ ਭਾਗ ਲੈਂਦੇ ਸਨ।

**ਉਮਾ ਜੀ ਦਾ ਸਾਹਿਤਕ ਸਫਰ :** ਗੁਰਬਖਸ਼ ਸਿੰਘ ਪ੍ਰੀਤ ਲੜੀ ਵੱਲੋਂ ਲਿਖਿਆ ਨਾਟਕ "ਰਾਜ ਕੁਮਾਰੀ ਲਤਿਕਾ" ਖੇਡਣ ਦੀ ਤਿਆਰੀ ਚੱਲ ਰਹੀ ਸੀ। ਰਾਜ ਕੁਮਾਰ ਦਾ ਰੋਲ ਤਾਂ ਨਾਟਕਕਾਰ ਦਾ ਵੱਡਾ ਪੁੱਤਰ ਨਵਤੇਜ ਸਿੰਘ (ਜੋ ਪਿੱਛੋਂ ਜਾਕੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਹੋਇਆ) ਨਿਭਾ ਰਿਹਾ ਸੀ। ਪਰ ਰਾਜਕੁਮਾਰੀ ਲਤਿਕਾ ਦਾ ਕਿਰਦਾਰ ਨਿਭਾਉਣ ਲਈ ਕੋਈ ਕੁੜੀ ਅੱਗੇ ਨਹੀਂ ਸੀ ਆ ਰਹੀ। ਪ੍ਰਗਤਵਾਦੀ ਵਿਚਾਰਾਂ ਦੇ ਧਾਰਨੀ ਨਾਟਕਰਾਰ ਗੁਰਬਖਸ਼ ਸਿੰਘ ਨੇ ਫੈਸਲਾ ਲਿਆ ਇਹ ਰੋਲ ਉਨ੍ਹਾਂ ਦੀ ਵੱਡੀ ਪੁੱਤਰੀ ਉਮਾ ਕਰੇਗੀ। ਨਾਟਕ ਬਹੁਤ ਹੀ ਸਫ਼ਲਤਾ ਪੂਰਵਕ ਖੇਡਿਆ ਗਿਆ ਅਤੇ ਚਰਚਾ ਦਾ ਵਿਸ਼ਾ ਬਣਿਆ। "ਪ੍ਰੀਤ ਨਗਰ" ਦੀ ਧਰਤੀ ਤੇ 7 ਜੂਨ 1939 ਨੂੰ ਖੇਡੇ ਗਏ ਇਸ ਨਾਟਕ ਨਾ਼ਲ "ਉਮਾ" ਦੇ ਰੂਪ ਵਿੱਚ ਪੰਜਾਬੀ ਰੰਗ ਮੰਚ ਨੂੰ ਪਹਿਲੀ ਅਭਿਨੇਤਰੀ ਮਿਲੀ। ਇਸ ਘਟਨਾ ਨਾ਼ਲ ਕੁੜੀਆਂ ਨੂੰ ਰੰਗ ਮੰਚ ਉੱਪਰ ਆ ਕੇ ਆਪਣੀ ਪ੍ਰਤਿਭਾ ਦਖਾਉਣ ਦੀ ਪ੍ਰੇਰਣਾ ਮਿਲੀ। 23 ਮਈ 1942 ਨੂੰ ਪੰਡਤ ਜਵਾਹਰ ਲਾਲ ਨਹਿਰੂ ਜਿਹੜੇ 15 ਅਗਸਤ 1947 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ "ਪ੍ਰੀਤ ਨਗਰ" ਨੂੰ ਦੇਖਣ ਆਏ। ਉਨ੍ਹਾਂ ਦੀ ਆਮਦ ਉੱਪਰ ਉਮਾ ਜੀ ਨੇ ਆਪਣੇ ਸਾਥੀਆਂ ਨਾ਼ਲ ਮਿਲਕੇ ਇਕਬਾਲ ਦੀ ਦੇਸ਼ ਭਗਤੀ ਵਾਲੀ ਰਚਨਾ "ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ" ਅਤੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ "ਗਗਨ ਮੇਂ ਥਾਲੁ" ਗਾਏ। ਉਮਾ ਜੀ ਪ੍ਰਸ਼ੰਸ਼ਾ ਦੀ ਪਾਤਰ ਬਣ ਗਈ। ਉਸਤੋਂ ਬਾਅਦ ਉਮਾ ਜੀ ਨੇ ਲਗਾਤਾਰ "ਪ੍ਰੀਤ ਮੁਕਟ", "ਪ੍ਰੀਤ ਮਣੀ" ਅਤੇ "ਸਾਡੀ ਹੋਣੀ ਦਾ ਲਿਸ਼ਕਾਰਾ" ਨਾਟਕਾਂ ਵਿੱਚ ਅਦਾਕਾਰੀ ਕੀਤੀ। ਇਹ ਨਾਟਕ ਪ੍ਰੀਤ ਨਗਰ ਵਿੱਚ ਲਗਾਤਾਰ ਹੁੰਦੀਆਂ ਰਹਿੰਦੀਆਂ ਪ੍ਰੀਤ ਮਿਲਣੀਆਂ, ਵਿੱਚ ਖੇਡੇ ਜਾਂਦੇ ਸਨ। ਰਵਿੰਦਰ ਨਾਥ ਟੈਗੋਰ ਨੇ ਵੀ ਸ਼ਾਂਤੀ ਨਿਕੇਤਨ ਤੋਂ ਇੱਕ ਅਧਿਆਪਕ ਗੁਰੂਦਿਆਲ ਮਲਿਕ ਨੂੰ "ਪ੍ਰੀਤ ਨਗਰ" ਦੇਖਣ ਲਈ ਭੇਜਿਆ। 1977 ਵਿੱਚ ਗੁਰਬਖਸ਼ ਸਿੰਘ ਪ੍ਰੀਤ ਲੜੀ ਸਵਰਗਵਾਸ ਹੋ ਗਏ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨਵਤੇਜ ਨੇ "ਪ੍ਰੀਤ ਲੜੀ" ਦੀ ਵਾਗਡੋਰ ਸੰਭਾਲੀ। ਉਹ ਵੀ ਛੇਤੀ ਹੀ ਪਰਲੋਕ ਚਲੇ ਗਏ। ਉਨ੍ਹਾਂ ਤੋਂ ਬਾਅਦ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪੋਤਰੇ ਸੁਮੀਤ ਨੇ "ਪ੍ਰੀਤ ਲੜੀ" ਦੀ ਵਾਗਡੋਰ ਸੰਭਾਲੀ। "ਪ੍ਰੀਤ ਲੜੀ" ਆਪਣੇ ਪ੍ਰਗਤੀਵਾਦੀ, ਧਰਮ ਨਿਰਪੱਖਤਾ ਅਤੇ ਦੇਸ਼ ਦੀ ਏਕਤਾ-ਅਖੰਡਤਾ ਦੇ ਵਿਚਾਰਾਂ ਉੱਪਰ ਅਡੋਲ ਰਿਹਾ, ਜਿਸ ਕਾਰਨ 1984 ਵਿੱਚ ਦੇਸ਼ ਵਿਰੋਧੀ ਸ਼ਕਤੀਆਂ ਨੇ ਸੁਮੀਤ ਨੂੰ ਸ਼ਹੀਦ ਕਰ ਦਿੱਤਾ। ਉਨ੍ਹਾਂ ਤੋਂ ਬਾਅਦ ਸੁਮੀਤ ਦੀ ਪਤਨੀ ਪੂਨਮ ਸਿੰਘ ਅਤੇ ਉਨ੍ਹਾਂ ਦੇ ਛੋਟੇ ਭਰਾ ਰੱਤੀ ਕਾਂਤ ਸਿੰਘ "ਪ੍ਰੀਤ ਲੜੀ" ਦਾ ਕੰਮ ਸੰਭਾਲ ਰਹੇ ਹਨ। 15 ਅਗਸਤ 1947 ਨੂੰ "ਪ੍ਰੀਤ ਨਗਰ" ਸਮੇਤ ਇਸਦੇ ਆਲੇ-ਦੁਆਲੇ ਦਾ ਇਲਾਕਾ ਪਾਕਿਸਤਾਨ ਵਿੱਚ ਜਾਣਾ ਘੋਸ਼ਿਤ ਹੋ ਗਿਆ ਸੀ। ਪਰ ਦੋਬਾਰਾ ਘੋਖ ਪੜਤਾਲ ਕਰਨ ਤੇ 25 ਅਗਸਤ 1947 ਨੂੰ "ਪ੍ਰੀਤ ਨਗਰ" ਸਮੇਤ ਪੂਰੇ ਇਲਾਕੇ ਨੂੰ ਭਾਰਤ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਇਸ ਇਲਾਕੇ ਦਾ ਦੋਬਾਰਾ ਭਾਰਤ ਵਿੱਚ ਸ਼ਾਮਲ ਹੋਣ ਵਿੱਚ "ਪ੍ਰੀਤ ਨਗਰ" ਨੇ ਆਪਣੀ ਭੂਮਿਕਾ ਜਰੂਰ ਅਦਾ ਕੀਤੀ ਹੋਵੇਗੀ।

## ਕਿਤੇ ਨਹੀਂ ਗਈ ਬਿਮਾਰੀ

ਕਿਤੇ ਨਹੀਂ ਗਈ ਬਿਮਾਰੀ, ਆਈ ਹੈ ਟੱਪ ਕੇ ਨਦੀਆਂ ਨਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ।

ਚੱਕਰ ਹੈ ਸਾਰਾ ਖਜ਼ਾਨੇ ਦਾ, ਸਭ ਕੁਝ ਹੀ ਖੋਲ੍ਹੀ ਜਾਂਦੇ
ਬਚਣਾ ਤਾਂ ਘਰ ਹੀ ਬੈਠੋ, ਇਹ ਵੀ ਹਾਕਮ ਬੋਲੀ ਜਾਂਦੇ।
ਕਈ ਕੁਝ ਹੀ ਸਮਝਾਉਣਗੇ, ਇਹ ਦਿਨ ਜੋ ਆਏ ਕਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ।

ਕੋਈ ਕਿਸੇ ਦਾ ਸਕਾ ਨਹੀਂ, ਨਾ ਕੋਈ ਅੰਦਰੋਂ ਹੈ ਦਰਦੀ
ਕੁਰਸੀ ਦਾ ਲਾਲਚ ਹੀ ਕਰਦੇ, ਦੁਨੀਆਂ ਦਿਨੋ ਦਿਨ ਮਰਦੀ
ਡਾਕਟਰ ਵੀ ਕਈ ਬਚੇ ਨਹੀਂ, ਕਈ ਘਰ ਵਿਚ ਲੱਗੇ ਜਾਲੇ
ਕਿਤੇ ਨਹੀਂ ਗਈ ਬਿਮਾਰੀ, ਆਈ ਹੈ ਟੱਪਕੇ ਨਦੀਆਂ ਨਾਲੇ।

ਕਿੱਥੋਂ ਕਿੱਥੇ ਹੈ ਪਹੁੰਚੀ ਕੋਰੋਨਾ, ਕੋਈ ਨਹੀਂ ਛੱਡਿਆ ਇਲਾਕਾ
ਖਤਰਾ ਅਜੇ ਵੀ ਪੂਰਾ ਹੈ, ਲਾ ਕੇ ਰੱਖੀਏ ਜੀ ਨਾਕਾ
ਬਹੁਤਾ ਭਿਆਨਕ ਸਮਾਂ ਹੈ, ਮੁਰਦੇ ਨਾ ਜਾਣ ਸੰਭਾਲੇ
ਕਿਤੇ ਨਹੀਂ ਗਈ ਬਿਮਾਰੀ, ਆਈ ਹੈ ਟੱਪਕੇ ਨਦੀਆਂ ਨਾਲੇ।

ਘਰਾਂ ਵਿਚੋਂ ਨਿਕਲ ਤੁਰੇ ਲੋਕੀ, ਇਕੱਠੇ ਖੜ੍ਹਨੇ ਠੀਕ ਨਹੀਂ
ਬਚਾਓ ਦੇ ਵਿਚ ਬਚਾਓ ਹੈ, ਮੁਜ਼ਾਹਰੇ ਵੀ ਕਰਨੇ ਠੀਕ ਨਹੀਂ,
ਕਿੱਦਾਂ ਮਿਲਣਗੀਆਂ ਵੋਟਾਂ, ਜੇ ਗੱਲਾਂ ਨਾਲ ਮਸਲੇ ਟਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ ....

ਮੌਤਾਂ ਦੀ ਗਿਣਤੀ ਘਟਦੀ ਨਹੀਂ, ਖਬਰਾਂ ਦੱਸਦੀਆਂ ਸ਼ਾਮ ਸਵੇਰੇ
ਆਪਣਾ ਆਪ ਹੀ ਸੰਭਾਲੀਏ, ਹੁਣ ਵੱਸ ਹੈ ਤੇਰੇ ਮੇਰੇ
ਅਜੀਤ ਸਿੰਘ ਸਮਝ ਲਈਏ, ਖੋਲ੍ਹ ਕੇ ਅਕਲ ਦੇ ਤਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ।



-ਅਜੀਤ ਸਿੰਘ ਬਾਹੀਆ
510-314-2859

## "ਨਿੱਤ ਮਾਂ ਪਿਓ ਦਿਵਸ"

ਪੜ੍ਹਨ ਸਕੂਲੇ ਮੈਂਨੂੰ ਪਾਇਆ
ਬਾਪੂ ਦੇ ਨਸੀਹਤਾਂ ਬੜੀਆਂ,
ਮੰਦਹਾਲੀ ਦੇ ਦੌਰ ਚ ਬਾਪੂ
ਮਿਹਨਤਾਂ ਕੀਤੀਆਂ ਕੜੀਆਂ,
ਉੱਠ ਸਵੱਖਤੇ ਰਾਤ ਕੁਵੇਲੇ
ਨਾਂ ਧੁੱਪਾਂ ਦੇਖੀਆਂ ਚੜੀਆਂ,
ਮੰਜੇ ਸੇਲ ਤੋਂ ਕੱਪੜੇ ਪਾਕੇ
ਕੰਗਾਲੀ,ਬੇਆਰਾਮੀ ਨੂੰ
ਦਿਖਾਈਆਂ ਤੜੀਆਂ,
ਤੇਰੀ ਕਿਰਤ ਦੇ ਅੱਗੇ ਬਾਪੂ
ਮੇਰੀਆਂ ਜ਼ੀਰੋ ਪੜੀਆਂ,
ਨਾਲ ਹੌਸਲੇ ਜਿੱਤੀਆਂ ਮਾਂ ਦੇ
ਜੋ ਆਣ ਔਕੜਾਂ ਖੜ੍ਹੀਆਂ,
ਆਉਣ ਦਿੱਤੀ ਤੋਟ ਕੋਈ ਸਾਨੂੰ
ਜੋ ਇੱਛਾਵਾਂ ਅੜੀਆਂ,
ਸਿਰ ਝੁਕਦੈ ਤੇਰੀ ਮਿਹਨਤ ਬਾਪੂ
ਨਾਲ ਨੇ ਗੁੱਡੀਆਂ ਚੜ੍ਹੀਆਂ,
ਮਾਂ ਪਿਓ ਦੀ ਰੱਬਾ ਉਮਰ ਵਧਾ ਦੇ
ਭਾਵੇਂ ਕੱਟ ਲੈ ਮੇਰੀਆਂ ਘੜੀਆਂ,
ਮਾਪਿਆਂ ਦੀ ਜੋ ਇੱਜ਼ਤ ਕਰਦੇ
ਸਵਰਗ ਉਹਨਾਂ ਦੇ ਵਿੱਚ ਘਰਦੇ,
ਨਿੱਤ ਮਾਂ ਪਿਓ ਦਿਵਸ ਮੱਟੂਆ
ਜੇ ਚਰਨਾਂ ਤੇ ਸਿਰ ਨੇ ਧਰਦੇ



- ਸਤਨਾਮ ਸਿੰਘ ਮੱਟੂ
91-97797-08257

### ਬਰਸੀ 'ਤੇ ਵਿਸ਼ੇਸ਼

# ਸੰਘਰਸ਼ਸ਼ੀਲ ਪਰਜਾ ਮੰਡਲ ਦੇ ਆਗੂ ਸਨ ਬਾਬਾ ਸੁੰਦਰ ਸਿੰਘ ਕਲਸੀਆ



ਡਾ ਗੁਰਵਿੰਦਰ ਅਮਨ,
ਰਾਜਪੁਰਾ
91-98151-13038

ਦੇਸ਼ ਦੀ ਆਜ਼ਾਦੀ ਲਾਇ ਜਿਨ੍ਹਾਂ ਦੇਸ਼ ਭਗਤਾਂ ਨੇ ਆਪਣੀਆਂ ਜਿੰਦਗੀ ਦੇਸ਼ ਅਤੇ ਕੌਮ ਤੋਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਦੇਸ਼ ਭਗਤਾਂ ਨੂੰ ਕੌਮ ਹਮੇਸ਼ਾ ਯਾਦ ਰੱਖੇਗੀ , ਉਨ੍ਹਾਂ ਦੇਸ਼ ਭਗਤਾਂ ਵਿਚੋਂ ਇਕ ਕਲਸੀਆ ਰਿਆਸਤ ਮੋਰਚੇ ਦੇ ਮੋਢੀ ਸਨ ਬਾਬਾ ਸੁੰਦਰ ਸਿੰਘ ਕਲਸੀਆ। ਉਨ੍ਹਾਂ ਦਾ ਜਨਮ 1890 ਵਿਚ ਪੰਜਾਬ ਸਿੰਘ ਕੰਬੋਜ ਦੇ ਘਰ ਪਿੰਡ ਸਿੰਘਪੁਰਾ ਨੇੜੇ ਜ਼ੀਰਕਪੁਰ ਰਿਆਸਤ ਪਟਿਆਲਾ ਵਿਚ ਹੋਇਆ।

ਮਾਤਾ ਪਿਤਾ ਦੇ ਪਲੇਠੀ ਦੇ ਪੁੱਤਰ ਨੇ ਖੁਲ੍ਹਾ ਖਾਣ -ਪੀਣ ਅਤੇ ਕੁਸ਼ਤੀ ਦੇ ਸ਼ੌਕ ਕਾਰਣ ਨੇੜੇ ਤੇੜੇ ਦੇ ਪਿੰਡਾਂ ਵਿਚ ਚੰਗਾ ਨਾਮਣਾ ਖੱਟ ਲਿਆ। ਉਹ ਫ਼ੌਜੀ ਜਿਉਣ ਸਿੰਘ ਭੁੱਡਾ ਦੇ ਨਾਲ ਜਾਕੇ 29 ਜੁਲਾਈ 1926 ਨੂੰ ਅੰਬਾਲਾ ਫੌਜ ਵਿਚ ਭਰਤੀ ਹੋ ਗਏ। 25 ਨਵੰਬਰ 1927 ਨੂੰ ਕਰਾਚੀ ਦੇ ਮੋਰਚੇ ਉੱਤੇ ਚੰਗੀ ਵਾਹ ਵਾਹ ਖੱਟੀ। ਫੋਜ ਵਿਚ ਵੀ ਪਹਿਲਵਾਨੀ ਦੀ ਚਰਚਾ ਹੋਣ ਲੱਗੀ ਫੋਜ ਵਿਚ ਹੀ ਰਹਿੰਦੀਆਂ ਕੁੱਝ ਇਨਕਲਾਬੀ ਅਤੇ ਦੇਸ਼ ਭਗਤਾਂ ਨਾਲ ਸੰਪਰਕ ਹੋ ਗਿਆ। ਪਿਸ਼ਾਵਰ ਵਿਚ ਅੰਦੋਲਨ ਕਰ ਰਹੇ ਇਨਕਲਾਬੀਆਂ ਉੱਤੇ ਕੈਪਟਨ ਫਰਾਏ ਵਲੋਂ ਹੁਕਮ ਦਿੱਤੇ ਜਾਣ ਉੱਤੇ ਵੀ ਉਨ੍ਹਾਂ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ। ਉਸ ਵਕਤ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਦਾ ਕੋਰਟ ਮਾਰਸ਼ਲ ਕਰਕੇ ਜੇਲ ਭੇਜ ਦਿੱਤਾ। ਪਿਸ਼ਾਵਰ ਜੇਲ ਤੋਂ ਬਾਅਦ ਉਨ੍ਹਾਂ ਨੂੰ ਜਲੰਧਰ ਜੇਲ ਭੇਜ ਦਿੱਤਾ।



28 ਅਕਤੂਬਰ 1934 ਨੂੰ ਜੇਲ੍ਹ ਤੋਂ ਰਿਹਾ ਹੋਣ ਤੇ ਕਲਸੀਆ ਰਿਆਸਤ ਦੇ ਤੁਫ਼ੈਲ ਅਹਮਦ ਤੇ ਸ਼ਾਦੋਦੀਨ ਨੇ ਊਨਾ ਦਾ ਬਗਾਵਤ ਲਈ ਬਹਾਦਰੀ ਕਾਰਣ ਸਨਮਾਨ ਕੀਤਾ ਗਿਆ। ਜਿੱਥੇ ਦੇਸ਼ ਦੇ ਦੂਜਿਆਂ ਹਿਸਿਆਂ ਵਿਚ ਆਜ਼ਾਦੀ ਦੀ ਲਹਿਰ ਜ਼ੋਰ ਫੜਦੀ ਜਾ ਰਹੀ ਸੀ ,ਉੱਥੇ ਰਿਆਸਤੀ ਜਨਤਾ ਵੀ ਰਾਜਾ ਸ਼ਾਹੀ ਵਿਰੁੱਧ ਲਾਮਬੰਦ ਹੋ ਰਹੀ ਸੀ। ਰਿਆਸਤ ਵਿਚ ਪਰਜਾ ਮੰਡਲ ਬਣਨ ਲੱਗ ਪਏ ਸਨ ਅਤੇ ਰਾਜਿਆਂ ਨੇ ਵੀ ਉਨ੍ਹਾਂ ਨੂੰ ਦਬਾਉਣ ਲਈ ਅੰਨ੍ਹਾ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ ਸੀ.

ਪਰਜਾ ਮੰਡਲ ਲਹਿਰ ਵਿਚ ਬਾਬਾ ਸੁੰਦਰ ਸਿੰਘ ਤੋਂ ਇਲਾਵਾ ਪ੍ਰਮੁੱਖ ਬਾਬਾ ਕਰਮ ਸਿੰਘ ਧੂਤ ,ਮਾਸਟਰ ਰੂੜ ਸਿੰਘ ,ਸੇਵਾ ਸਿੰਘ ਠੀਕਰੀਵਾਲਾ ,ਬਾਬਾ ਹਰਨਾਮ ਸਿੰਘ ,ਸਾਹਿਬ ਸਿੰਘ ਸਲਾਣਾ ,ਸ਼ੇਖ ਅਬ-ਦੁੱਲਾ ,ਤਾਲਿਬ ਹੁਸੈਨ ,ਹੀਰਾ ਸਿੰਘ ਭੱਠਲ ਅਤੇ ਪ੍ਰਤਾਪ ਸਿੰਘ ਧਨੌਲਾ ਸਨ।

1937 ਵਿਚ ਰਿਆਸਤ ਕਲਸੀਆ ਵਿਚ ਬਾਬਾ ਜੀ ਦੀ ਅਗਵਾਈ ਹੇਠ ਪਰਜਾ ਮੰਡਲ ਪੂਰੇ ਜੋਰਾਂ ਤੇ ਸੀ। ਰਿਆਸਤ ਦੇ ਰਾਜਿਆਂ ਨੇ ਇਸ ਲਹਿਰ ਨੂੰ ਕੁਚਲਣ ਦਾ ਯਤਨ ਕੀਤਾ ਅਤੇ ਬਾਬਾ ਜੀ ਨੂੰ ਸਾਥੀਆਂ ਸਮੇਤ ਦਫ਼ਾ 188 ਅਧੀਨ ਕੈਦ ਕਰ ਦਿੱਤਾ ਗਿਆ। ਜੇਲ੍ਹ ਅਧਿਕਾਰੀਆਂ ਦੇ ਮਾੜੇ ਵਤੀਰੇ ਕਾਰਨ ਉੱਥੇ ਵੀ ਹੜਤਾਲ ਕਰ ਦਿਤੀ ਗਈ। 7 ਜੁਲਾਈ 1939 ਨੂੰ ਇਨ੍ਹਾਂ ਉਤੇ 200ਕ ਰੁਪਏ ਜੁਰਮਾਨੇ ਸਮੇਤ ਘਰ ਦੀ ਕੁਰਕੀ ਕਰ ਦਿੱਤੀ ਗਈ ਅਤੇ ਦੁਬਾਰਾ ਫਿਰ ਰਾਜੇ ਦੇ ਕਹਿਣ ਉਤੇ ਕੈਦ ਭੇਜ ਦਿੱਤਾ ਪਰ ਉੱਥੇ ਵੀ ਸੰਘਰਸ਼ ਜਾਰੀ ਰੱਖਿਆ ਅਤੇ ਕੈਦੀਆਂ ਦੇ ਮਾੜਾ ਖਾਣਾ ਤੇ ਕੱਪੜਿਆਂ ਦੀ ਮੰਗ ਤੋਂ ਭੁੱਖ ਹੜਤਾਲ ਕਰ ਦਿੱਤੀ ਅੰਤ ਇਹ ਮੰਗ ਸਰਕਾਰ ਨੂੰ ਮਨਣੀ ਪਈ। 12 ਮਈ 1941 ਨੂੰ 9 ਮਹੀਨੇ ਦੀ ਸਿਆਸੀ ਸਜ਼ਾ ਭੁਗਤ ਕੇ ਬਾਹਰ ਆ ਗਏ। ਛਛਰੋਲੀ ਜੇਲ ਦੇ ਸਮੇਂ ਉਹ ਗੁਪਤ ਰੂਪ ਵਿਚ ਕਮਿਊਨਿਸਟ ਪਾਰਟੀ ਦੇ ਮੇਂਬਰ ਬਣ ਗਏ ਸਨ। 1940 ਵਿਚ ਇਨ੍ਹਾਂ ਨੇ ਇਸ਼ਰ ਸਿੰਘ ਸੋਢੀ ਨਾਲ ਮਿਲਕੇ ਅੰਬਾਲਾ ਜਿਲ੍ਹੇ ਵਿਚ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਮੇਟੀ ਦੀ ਨੀਂਹ ਰੱਖੀ। 1942 ਵਿਚ ਕਾਲਕਾ ਤੋਂ ਆ ਰਹੀ ਰੇਲ ਗੱਡੀ ਦੇ ਉੱਤੇ ਗੋਲੀ ਚਲਾਉਣ ਦੇ ਦੋਸ਼ ਹੇਠ ਫੜੇ ਗਏ ਪਰ ਦੋਸ਼ ਸਾਬਿਤ ਨਾ ਹੋਣ ਕਾਰਨ ਬਰੀ ਹੋ ਗਏ।

ਪਰਜਾ ਮੰਡਲ ਦਾ ਮੁੱਖ ਨਿਸ਼ਾਨਾ ਰਿਆਸਤ ਨੂੰ ਤੋੜਕੇ ਰਾਜਾ ਮੁਕਤ ਕਰਵਾਉਣਾ ਸੀ। ਇਨਕਲਾਬੀ ਲਹਿਰ ਨੂੰ ਸੇਧ ਦੇਣ ਲਈ ਸਮੇਂ ਸਮੇਂ ਸਿਰ ਕਾਮ-ਰੇਡ ਦਲੀਪ ਸਿੰਘ ਟਪਿਆਲਾ ,ਡਾਕਟਰ ਸੀਤਾ ਰਾਮ ਰਮਈਆ, ਕਾਮਰੇਡ ਅਵਤਾਰ ਸਿੰਘ ਮਲਹੋਤਰਾ ਡਾਕਟਰ ਪ੍ਰੇਮ ਚੰਦ ਭਾਰਦਵਾਜ ਆਉਂਦੇ ਰਹਿੰਦੇ ਸਨ। ਦੇਸ਼ ਦੀ ਵੰਡ ਸਮੇਂ ਉਨ੍ਹਾਂ ਨੇ ਫਿਰਕੂ ਫਸਾਦੀਆਂ ਨਾਲ ਡੱਟਕੇ ਮੁਕਾਬਲਾ ਕੀਤਾ ਅਤੇ ਬਹੁਤ ਘਰ ਉਜੜਣ ਤੋਂ ਬਚਾਏ। 1948 ਤੋਂ ਕਮਿਊਨਿਸਟ ਪਾਰਟੀ ਵਿਚ ਗੁਰਮੁਖ ਸਿੰਘ ਡਕੋਟਾ ,ਡਾ ਪ੍ਰੇਮ ਚੰਦ ਭਾਰਦ-ਵਾਜ ,ਤੇਲੂ ਰਾਮ ਮਾਰਵਾ ਅਤੇ ਬੀ ਸੀ ਦੱਤ ਨਾਲ ਮਿਲ ਕੇ ਸੰਘਰਸ਼ ਜਾਰੀ ਰੱਖਿਆ ਅਤੇ ਆਪਣੇ ਅੰਤਲੇ ਸਾਹਾਂ ਤੱਕ ਕਮਿਊਨਿਸਟ ਪਾਰਟੀ ਦੇ ਵਫ਼ਾਦਾਰ ਸਿਪਾਹੀ ਬਣਕੇ ਰਹੇ। ਉਨ੍ਹਾਂ ਦੀ ਸਾਦਕੀ ,ਇਮਾਨਦਾਰੀ ਤੇ ਧੜਲੇਦਾਰੀ ਉੱਤੇ ਦੇਸ਼ ਤੇ ਇਲਾਕਾ ਮਾਣ ਮਹਿਸੂਸ ਕਰਦਾ ਹੈ।

ਆਪਣੇ ਸੱਜਣ ਪੁਰਸ਼ ਦੇ ਅਕਸ਼ ਸਦਕਾ ਉਹ ਅੱਜ ਵੀ ਲੋਕਾਂ ਦੇ ਦਿਲ ਵਿਚ ਜਿਓਂਦੇ ਹਨ। 23 ਜੂਨ 1980 ਨੂੰ ਬਾਬਾ ਜੀ ਇਲਾਕੇ ਦੇ ਲੋਕਾਂ ਤੇ ਪਰਿਵਾਰ ਨੂੰ ਸਦੀਵੀ ਅਲਵਿਦਾ ਕਹਿ ਗਏ।






# ਇਨਸਾਨੀਅਤ ਦੀ ਸੱਚੀ-ਸੁੱਚੀ ਮੂਰਤ: ਭੁਪਿੰਦਰ ਸਿੰਘ ਕੋਹਲੀ



ਪ੍ਰੀਤਮ ਲੁਧਿਆਣਵੀ
9876428641

ਕਹਿੰਦੇ ਹਨ ਕਿ ਅਕਾਲ-ਪੁਰਖ ਕੁਝ ਇਕ ਰੂਹਾਂ ਨੂੰ ਮਾਤ-ਲੋਕ ਵਿਚ ਭੇਜਦਾ ਹੀ ਇਹ ਗੁੜਤੀ ਦੇ ਕੇ ਹੈ ਕਿ ਉਨਾਂ ਨੇ ਜ਼ਿੰਦਗੀ ਦਾ ਆਪਣਾ ਪਲ-ਪਲ ਦੂਜਿਆਂ ਵਾਸਤੇ ਹੀ ਨਿਸ਼ਾਵਰ ਕਰ ਦੇਣਾ ਹੁੰਦਾ ਹੈ। ਉਨਾਂ ਨੂੰ ਸਕੂਨ ਮਿਲਦਾ ਹੈ, ਦੂਜਿਆਂ ਦੀ ਮਦਦ ਕਰ ਕੇ। ਅੰਮ੍ਰਿਤ ਵੇਲੇ ਉਠ ਕੇ ਲਏ ਜਾਣ ਵਾਲੇ ਅਜਿਹੇ ਵਿਰਲਿਆਂ ਨਾਵਾਂ 'ਚੋਂ ਇਕ ਪਾਕਿ-ਪਵਿੱਤਰ ਨਾਂਉ ਹੈ- ਭੁਪਿੰਦਰ ਸਿੰਘ ਕੋਹਲੀ। 16 ਮਈ 1960 ਨੂੰ ਮੁੰਬਈ ਵਿਖੇ ਮਾਤਾ ਜੋਗਿੰਦਰ ਕੌਰ ਦੀ ਪਾਕਿ ਕੁੱਖੋਂ ਪਿਤਾ ਸ. ਜਗਜੀਤ ਸਿੰਘ ਕੋਹਲੀ ਜੀ ਦੇ ਘਰ ਜਨਮੇ ਭੁਪਿੰਦਰ ਸਿੰਘ ਕੋਹਲੀ ਦੀ ਉਪਜੀਵਕਾ ਦਾ ਸਰੋਤ ਸੰਨ 1980 ਵਿਚ ਸਟੇਟ ਬੈਂਕ ਆਫ ਇੰਡੀਆ ਬਣ ਗਿਆ ਸੀ। ਬੈਂਕ ਦੀਆਂ ਸੇਵਾਵਾਂ ਨੂੰ ਮਿਹਨਤ, ਲਗਨ ਇਮਾਨਦਾਰੀ ਅਤੇ ਦਿਆਂਨਤਦਾਰੀ ਨਾਲ ਨਿਭਾਉਣ ਦੇ ਨਾਲ-ਨਾਲ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤਹਿਤ, ਜੀਵਨ ਦੀਆਂ ਅਨਮੋਲ ਘੜੀਆਂ ਨੂੰ ਲੋੜਵੰਦ ਗਰੀਬਾਂ, ਰੋਗ-ਪੀੜਤਾਂ, ਨਿਆਸਰਿਆਂ, ਕੁਦਰਤੀ ਆਫਤਾਂ ਵਿਚ ਘਿਰੀ ਲੋਕਾਈ ਦੀ ਸਹਾਇਤਾ, ਮੁਸੀਬਤ ਵਿੱਚ ਫਸੇ ਲੋਕਾਂ ਲਈ ਰਾਹਤ ਜੁਟਾਉਣ ਵਰਗੇ ਸਮਾਜ-ਸੇਵਾ ਦੇ ਕਾਰਜਾਂ ਲੇਖੇ ਲਾਉਣਾ ਜਿਥੇ ਆਪ ਜੀ ਦਾ ਰਗ-ਰਗ ਵਿਚ ਵਸ ਚੁੱਕਾ ਨੇਮ ਹੈ, ਉਥੇ ਉਨਾਂ ਦਾ ਸੰਤੋਸ਼-ਜਨਕ ਰੁਝੇਵਾਂ ਵੀ ਹੈ।

ਘਰ ਪਈ ਅਣ-ਵਰਤੋਂ ਵਾਲੀ ਵਸਤੂ ਕਿਸੇ ਲੋੜਵੰਦ ਨੂੰ ਦੇਣ ਦੀ ਸੇਵਾ ਤਾਂ ਆਮ ਲੋਕ ਕਰ ਸਕਦੇ ਹਨ, ਪਰ ਥਾਂ-ਥਾਂ ਤੋਂ ਪੁਰਾਣੇ ਕੱਪੜੇ, ਭਾਂਡੇ, ਖਿਡੌਣੇ, ਚੰਗਾ ਸਾਹਿਤ, ਵਰਤੋਂ ਯੋਗ ਦਵਾਈਆਂ, ਫਰੀ ਸੈਂਪਲ ਇਕੱਠੇ ਕਰਕੇ ਲੋੜਵੰਦ ਚੈਰੀਟੇਬਲ ਸੰਸਥਾਵਾਂ, ਯਤੀਮ ਗਰੀਬ ਬੱਚਿਆਂ, ਬਿਰਧ ਘਰਾ ਤੱਕ ਪਹੁੰਚਾਉਣਾ, ਆਫਤ ਵਿਚ ਫਸੇ ਜ਼ਖ਼ਮੀਆਂ ਬਿਮਾਰਾਂ ਲਈ ਆਪਣੀ ਨਿੱਜੀ ਕਾਰ ਨੂੰ ਐਂਬੂਲੈਂਸ ਦੇ ਤੌਰ ਤੇ ਦਿਨ-ਰਾਤ ਸੇਵਾ ਲਈ ਅਰਪਨ ਕਰਨਾ ਆਦਿਕ ਸੇਵਾਵਾਂ ਭੁਪਿੰਦਰ ਸਿੰਘ ਜਿਹੇ ਵਿਰਲੇ ਰੱਬ-ਰੂਪ ਇਨਸਾਨ ਹੀ ਕਰ ਸਕਦੇ ਹਨ। ਫਿਰ, 4800 ਦੇ ਲਗਭਗ ਖ਼ੂਨਦਾਨੀਆਂ ਦੀ ਮੁਕੰਮਲ ਬਲੱਡ ਗਰੁੱਪ ਡਾਇਰੈਕਟਰੀ ਤਿਆਰ ਕਰਨ ਵਰਗਾ ਸ਼ਲਾਘਾ ਯੋਗ ਕਾਰਜ ਵੀ ਸਿਰਫ-ਤੇ-ਸਿਰਫ ਭੁਪਿੰਦਰ ਸਿੰਘ ਕੋਹਲੀ ਵਰਗੇ ਉਦਮੀ, ਸਿਰੜੀ ਮਿਹਨਤੀ, ਤਪੱਸਵੀ ਅਤੇ ਲੋਹ-ਪੁਰਸ਼ਾਂ ਦੇ ਹਿੱਸੇ ਹੀ ਆਉਂਦਾ ਹੈ।

2001 ਗੁਜਰਾਤ ਦੇ ਭੂਚਾਲ, 2004 ਤੱਟਿਲ ਤਾਮਿਲਨਾਡੂ ਅਤੇ ਅੰਡੇਮਾਨ ਨਿਕੋਬਾਰ ਸੁਨਾਮੀ, 2005 ਸੂਰਤ ਅਤੇ ਮੁੰਬਈ ਦੇ ਤੂਫ਼ਾਨ, 2006 ਦੇ ਮੁੰਬਈ ਟਰੇਨ ਬਲਾਸਟ, 2008 ਮੁੰਬਈ ਅੱਤਵਾਦੀ ਅਟੈਕ, 2014 ਸ੍ਰੀ ਨਗਰ ਹੜ ਆਦਿ ਲਈ ਆਪ ਦੀਆਂ ਨਿਭਾਈਆਂ ਸੇਵਾਵਾਂ ਅਤੇ ਹੋਰ ਅਨੇਕਾਂ ਸਮਾਜ ਭਲਾਈ ਦੇ ਕਾਰਜਾਂ ਬਦਲੇ ਆਪ ਜੀ ਨੂੰ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਸੈਂਕੜੇ ਸਨਮਾਨ ਮਿਲ ਚੁੱਕੇ ਹਨ, ਜਿਨਾਂ ਵਿਚੋਂ ਲਾਈਨਜ਼ ਕਲੱਬ ਆਊਟ ਸਟੈਂਡਿੰਗ ਹੁਮੈਨੀਟੇਰੀਅਨ ਸਰਵਿਸ- (2006), ਰੋਟਰੀ ਕਲੱਬ ਆੱਫ ਮੂਲੁੰਡ (2008), ਰੋਟਰੀ ਕਲੱਬ ਆੱਫ ਮਿਲੀਨੀਅਮ ਸਿਟੀ (2009), ਸਮਾਜ ਸ਼ਕਤੀ ਅਵਾਰਡ (2010), ਪਰਮਾਨੰਦ ਅਵਾਰਡ (2011), ਸਿੱਖ ਅਵਾਰਡ ਲੰਦਨ (2012), ਕਰਮਵੀਰ ਪੁਰਸਕਾਰ (2012), ਭਾਈ ਘਨਈਆ ਸੇਵਾ ਅਵਾਰਡ ਅੰਮ੍ਰਿਤਸਰ (2013), ਭਾਈ ਘਨੱਈਆ ਅਵਾਰਡ ਅੰਮ੍ਰਿਤਸਰ (2014), ਭਾਈ ਗੁਰਦਾਸ ਅਵਾਰਡ, ਅੰਮ੍ਰਿਤਸਰ (2015), ਸੇਵਾ ਹੁਮੈਨੀਟੇਰੀਅਨ ਅਵਾਰਡ, ਦੁਬਈ (2018), ਪਰਾਈਡ ਆੱਫ ਇੰਡੀਆ ਅਵਾਰਡ, ਇੰਦੌਰ (2019), ਆਦਿ ਦਾ ਜ਼ਿਕਰ ਕੀਤੇ ਬਿਨਾਂ ਨਹੀ ਰਿਹਾ ਜਾ ਸਕਦਾ। ਇਸਤੋਂ



ਇਲਾਵਾ ਕੇਸ ਸੰਭਾਲ ਪਰਚਾਰ ਸੰਸਥਾ, ਨਵੀਂ ਦਿੱਲੀ ਦੁਆਰਾ ਰਿਲੀਜ਼ ਕੀਤੀ ਗਈ ਕਿਤਾਬ ਦੇ ਤਹਿਤ ਵਿਸ਼ਵ ਭਰ ਤੋਂ ਆਪ ਨੂੰ ਪੰਜ ਸੌ ਸਿੱਖ ਰੋਲ ਮਾਡਲਾਂ ਵਿਚ ਸ਼ਾਮਲ ਕੀਤਾ ਜਾਣਾ ਉਨਾਂ ਦੇ ਕੱਦ ਨੂੰ ਹੋਰ ਵੀ ਅੰਬਰਾਂ ਵੱਲ ਲਿਜਾਂਦਾ ਹੈ। ਇਕ ਸਵਾਲ ਦਾ ਜੁਵਾਬ ਦਿੰਦਿਆਂ ਕੋਹਲੀ ਜੀ ਨੇ ਕਿਹਾ, "ਮੈਨੂੰ ਭਾਰਤ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ, ਕਾਰਪੋਰੇਟ ਅਤੇ ਸੰਸਥਾਵਾਂ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਯੂਕੇ- ਲੰਡਨ, ਦੁਬਈ, ਹਾਂਗਕਾਂਗ ਅਤੇ ਇੰਡੋਨੇਸ਼ੀਆ ਆਦਿ ਅਨੇਕਾਂ ਦੇਸ਼ਾਂ ਵਿਚ ਮਨੁੱਖਤਾ ਦੀ ਸੇਵਾ ਕਰਨ ਦੇ ਆਪਣੇ ਤਜ਼ੁਰਬੇ ਨੂੰ ਸਾਂਝਾ ਕਰਨ ਲਈ ਸਪੀਕਰ ਵਜੋਂ ਬੁਲਾਇਆ ਗਿਆ ਹੈ।''

ਕੋਹਲੀ ਜੀ ਦੀ ਕਲਮ ਦੀ ਗੱਲ ਕਰੀਏ ਤਾਂ ਬੜੂ ਸਾਹਿਬ ਦੀ ਇੰਟਰਨਲ ਵੌਇਸ ਮੈਗਜ਼ੀਨ, ਕੋਲਕਾਤਾ ਤੋਂ ਸਿੱਖ ਰਿਵਿਊ, ਲਖਨਊ ਤੋਂ ਅਮਨ ਸ਼ਾਂਤੀ, ਰੋਪੜ ਤੋਂ ਮਿਸ਼ਨਰੀ ਸੇਧਾਂ, ਅੰਮ੍ਰਿਤਸਰ ਤੋਂ ਪਿੰਗਲਵਾੜਾ ਆਦਿ ਭਾਰਤ ਦੇ ਕੋਨੇ-ਕੋਨੇ ਦੀਆਂ ਅਨੇਕਾਂ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਕੋਹਲੀ ਜੀ ਦੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਸ ਤੋਂ ਇਲਾਵਾ ਦੋ ਪੁਸਤਕਾਂ, ''ਦਾ ਐਵਰੀ ਡੇ ਐਂਡ ਬਿਓਂਡ'' ਅਤੇ '' ਫ਼ਸਟਏਡ ਫਾਰ ਦ ਲੇਮੈਨ'' ਦਾ ਸੰਗ੍ਰਹਿ ਵੀ ਉਨਾਂ ਨੇ ਕੀਤਾ ਹੈ। ਜਿਸਦੀ ਡ੍ਰੇਕਸਲ ਯੂਨੀਵਰਸਿਟੀ ਕਾਲਜ ਆਫ਼ ਨਰਸਿੰਗ ਐਂਡ ਹੈਲਥ ਪ੍ਰੋਫੈਸ਼ਨਜ਼, ਫਿਲਡੇਲਫੀਆ, ਯੂ. ਐਸ. ਏ, ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ ਸਾਹਿਬ ਨੇ ਭਰਵੀਂ ਸ਼ਲਾਘਾ ਕੀਤੀ ਹੈ। ਧਰਤੀ ਉਤੇ ਜਿੰਨੇ ਅੱਤਿਆਚਾਰ, ਪਾਪ ਤੇ ਜ਼ੁਲਮ ਹੋ ਰਹੇ ਹਨ, ਸ਼ਾਇਦ ਹੁਣ ਤੱਕ ਧਰਤੀ ਨਿਘਰ ਹੀ ਜਾਂਦੀ ਜੇਕਰ ਮਨੁੱਖੀ ਜਾਮੇ ਵਿਚ ਇਹੋ ਜਿਹੀਆਂ ਰੂਹਾਂ ਇਸ ਮਾਤ-ਲੋਕ ਵਿਚ ਨਾ ਹੁੰਦੀਆਂ। ਧੰਨ ਹਨ ਭੁਪਿੰਦਰ ਸਿੰਘ ਕੋਹਲੀ ਅਤੇ ਧੰਨ ਹਨ ਉਨਾਂ ਦੇ ਮਾਂ-ਬਾਪ, ਜਿਨਾਂ ਨੇ ਇੰਨਸਾਨੀਅਤ ਦੀ ਐਸੀ ਸੱਚੀ-ਸੁੱਚੀ ਪਾਕਿ ਰੂਹ ਨੂੰ ਜਨਮ ਦਿੱਤਾ। ਗਰੀਬਾਂ ਦੇ ਇਸ ਮਸੀਹੇ ਨੂੰ ਜਿੱਥੇ ਕਲਮ ਨਤ-ਮਸਤਕ ਹੋ ਕੇ ਸਲਾਮ ਕਰਦੀ ਹੈ, ਉਥੇ ਉਨਾਂ ਦੀ ਯੁੱਗਾਂ ਦੇ ਹਾਣ ਦੀ ਉਮਰ ਹੋਣ ਲਈ ਵੀ ਦਿਲੀ ਦੁਆਵਾਂ ਕਰਦੀ ਹੈ।

**23 ਜੂਨ 'ਤੇ ਵਿਸ਼ੇਸ਼**

# ਕੌਮਾਂਤਰੀ ਉਲੰਪਿਕ ਦਿਵਸ



ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਖੇਡਾਂ ਦੇ ਮਹਾਂਕੁੰਭ ਦੇ ਤੌਰ ਤੇ ਜਾਣੀਆਂ ਜਾਂਦੀਆਂ ਉਲੰਪਿਕ ਖੇਡਾਂ ਕਿਸੇ ਜਾਣ-ਪਹਿਚਾਣ ਦੀਆਂ ਮਹੋਤਾਜ ਨਹੀਂ। ਪ੍ਰਾਚੀਨ ਉਲੰਪਿਕ ਖੇਡਾਂ ਦਾ ਪਹਿਲਾ ਅਧਿਕਾਰਿਕ ਆਯੋਜਨ 776 ਈਸਾ ਪੂਰਵ ਵਿੱਚ ਹੋਇਆ ਸੀ ਜਦਕਿ ਆਖ਼ਰੀ ਵਾਰ ਇਸਦਾ ਆਯੋਜਨ 394 ਈਸਵੀ ਵਿੱਚ ਹੋਇਆ। ਇਸਦੇ ਬਾਅਦ ਰੋਮ ਦੇ ਸਮਰਾਟ ਥਿਓਡੋਸਿਸ ਨੇ ਇਸਨੂੰ ਮੂਰਤੀ ਪੂਜਾ ਵਾਲਾ ਤਿਉਹਾਰ ਕਰਾਰ ਦੇਕੇ ਇਸ ਉੱਤੇ ਰੋਕ ਲਗਾ ਦਿੱਤੀ ਸੀ। 19ਵੀਂ ਸਦੀ ਵਿੱਚ ਪੁਰਾਤਨ ਕਾਲ ਦੀ ਇਸ ਮਹਾਂ ਖੇਡ ਪ੍ਰਤੀਯੋਗਤਾ ਦੀ ਪਰੰਪਰਾ ਨੂੰ ਸੁਰਜੀਤ ਕਰਨ ਦਾ ਸਿਹਰਾ ਫਰਾਂਸ ਦੇ ਬੈਰੋਂ ਪਿਅਰੇ ਡੀ ਕੁਵਰਟਿਨ ਨੂੰ ਜਾਂਦਾ ਹੈ। ਕੁਵਰਟਿਨ ਨੇ 1894 ਵਿੱਚ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦਾ ਗਠਨ ਕੀਤਾ। ਕੁਵਰਟਿਨ ਮੰਨਦੇ ਸੀ ਕਿ ਖੇਡਾਂ ਯੁੱਧਾਂ ਨੂੰ ਟਾਲਣ ਦਾ ਸਭ ਤੋਂ ਵਧੀਆ ਸਾਧਨ ਸਾਬਤ ਹੋ ਸਕਦੀਆਂ ਹਨ।

18 ਜੂਨ 1894 ਨੂੰ, ਕੁਬਰਟਿਨ ਨੇ ਪੈਰਿਸ ਵਿੱਚ ਸੋਰਬਨੇ ਵਿੱਚ ਇੱਕ ਕਾਨਫਰੰਸ ਕੀਤੀ, ਜਿਸ ਵਿੱਚ ਉਸਨੇ 11 ਦੇਸ਼ਾਂ ਵਿੱਚੋਂ ਆਏ ਖੇਡ ਸੁਸਾਇਟੀਆਂ ਦੇ ਨੁਮਾਇੰਦਿਆਂ ਨੂੰ ਆਪਣੀਆਂ ਖੇਡਾਂ ਨਾਲ ਸੰਬੰਧਤ ਯੋਜਨਾਵਾਂ ਪੇਸ਼ ਕੀਤੀਆਂ। ਵਿਕੇਲਾਸ ਨੇ 23 ਜੂਨ ਨੂੰ ਅਧਿਕਾਰਤ ਤੌਰ ਤੇ ਉਲੰਪਿਕ ਖੇਡਾਂ ਦੇ ਸਥਾਨ ਲਈ ਐਥਨਜ਼ ਨੂੰ ਪ੍ਰਸਤਾਵਿਤ ਕੀਤਾ, ਕਿਉਂਕਿ ਯੂਨਾਨ (ਗ੍ਰੀਸ) ਓਲੰਪਿਕ ਦਾ ਅਸਲ ਘਰ ਸੀ, ਇਸ ਲਈ ਕਾਨਫਰੰਸ ਨੇ ਸਰਬਸੰਮਤੀ ਨਾਲ ਇਸ ਫੈਸਲੇ ਨੂੰ ਮਨਜ਼ੂਰੀ ਦੇ ਦਿੱਤੀ। ਵਿਕੇਲਾਸ ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ (ਆਈ.ਓ.ਸੀ.) ਦਾ ਪਹਿਲਾ ਚੇਅਰਮੈਨ ਚੁਣਿਆ ਗਿਆ।

ਆਧੁਨਿਕ ਉਲੰਪਿਕ ਖੇਡਾਂ ਦਾ ਆਯੋਜਨ ਹਰ ਚਾਰ



ਸਾਲਾਂ ਬਾਅਦ ਕੌਮਾਂਤਰੀ ਉਲੰਪਿਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ ਜਿਸ ਵਿੱਚ 200 ਤੋਂ ਵੱਧ ਦੇਸ਼ਾਂ ਦੇ ਖਿਡਾਰੀ ਹਿੱਸਾ ਲੈਂਦੇ ਹਨ। ਪਹਿਲੀਆਂ ਆਧੁਨਿਕ ਉਲੰਪਿਕ ਖੇਡਾਂ ਦੀ ਸ਼ੁਰੂਆਤ 6 ਅਪ੍ਰੈਲ ਤੋਂ 15 ਅਪ੍ਰੈਲ ਤੱਕ ਐਥਨਜ਼ (ਯੂਨਾਨ) ਵਿਖੇ 1896 ਨੂੰ ਸਿਰਫ਼ ਅਥਲੈਟਿਕਸ ਈਵੈਂਟਸ ਨਾਲ ਹੋਈ, ਜਿਸ ਵਿੱਚ 14 ਦੇਸ਼ਾਂ ਦੇ 241 ਪੁਰਸ਼ ਅਥਲੀਟਾਂ ਨੇ ਹਿੱਸਾ ਲਿਆ ਸੀ।

ਹਰ ਸਾਲ 23 ਜੂਨ ਨੂੰ 1948 ਤੋਂ ਕੌਮਾਂਤਰੀ ਉਲੰਪਿਕ ਦਿਵਸ ਦੇ ਤੌਰ ਤੇ ਮਨਾਇਆ ਜਾਣ ਲੱਗਾ ਅਤੇ ਇਸਦਾ ਮੁੱਖ ਮੰਤਵ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਹਰ ਉਮਰ ਵਰਗ ਅਤੇ ਲਿੰਗ ਦੇ ਲੋਕਾਂ ਦੀ ਸ਼ਮੂਲੀਅਤ ਨੂੰ ਹੱਲਾਸ਼ੇਰੀ ਦੇਣਾ ਸੀ। ਪਹਿਲੀ ਵਾਰ ਕੌਮਾਂਤਰੀ ਉਲੰਪਿਕ ਦਿਵਸ ਕੁੱਲ 9 ਦੇਸ਼ਾਂ ਜਿਹਨਾਂ ਵਿੱਚ ਆਸਟ੍ਰੇਲੀਆ, ਬੈਲਜੀਅਮ, ਕਨੇਡਾ, ਗ੍ਰੇਟ ਬ੍ਰਿਟੇਨ, ਯੂਨਾਨ, ਪੁਰਤਗਾਲ, ਸਵਿਟਜ਼ਰਲੈਂਡ, ਉਰੂਗਵੇ ਅਤੇ ਵੈਨਜ਼ੁਏਲਾ ਵਿਖੇ ਮਨਾਇਆ ਗਿਆ।

ਭਾਰਤ ਨੇ ਪਹਿਲੀ ਵਾਰ ਸਾਲ 1900 ਵਿੱਚ ਇੱਕ ਖਿਡਾਰੀ ਨੌਰਮਨ ਪ੍ਰਿਚਰਡ ਨਾਲ ਉਲੰਪਿਕ ਖੇਡਾਂ ਵਿੱਚ ਭਾਗ ਲਿਆ ਜਿਸਨੇ ਐਥਲੈਟਿਕਸ ਵਿੱਚ 2 ਸਿਲਵਰ ਮੈਡਲ ਜਿੱਤੇ। ਉਲੰਪਿਕ ਮਿਸ਼ਾਲ ਨੂੰ ਜਲਾਉਣ ਦੀ ਸ਼ੁਰੂਆਤ 1928 ਤੋਂ ਐਮਸਟਰਡਮ ਉਲੰਪਿਕ ਤੋਂ ਹੋਈ ਅਤੇ 1936 ਵਿੱਚ ਬਰਲਿਨ ਉਲੰਪਿਕ ਵਿੱਚ ਮਿਸ਼ਾਲ ਦੇ ਵਰਤਮਾਨ ਸਵਰੂਪ ਨੂੰ ਅਪਣਾਇਆ ਗਿਆ। ਓਲੰਪਿਕ ਖੇਡਾਂ ਦੇ ਸਵਾ ਸੌ ਸਾਲ ਦੇ ਇਤਿਹਾਸ ਵਿੱਚ ਅਥਲੈਟਿਕਸ ਮੁਕਾਬਲਿਆਂ ਦੀ ਵਧੇਰੇ ਮਹੱਤਤਾ ਰਹੀ ਹੈ ਕਿਉਂਕਿ ਅਥਲੈਟਿਕਸ ਵਿੱਚ ਨਵੇਂ ਉਲੰਪਿਕ ਤੇ ਵਿਸ਼ਵ ਰਿਕਾਰਡ, ਖਿਡਾਰੀਆਂ ਤੇ ਦਰਸ਼ਕਾਂ ਵਿੱਚ ਰੁਚੀ ਵਧਾਉਂਦੇ ਹਨ। ਖੇਡਾਂ ਦੀ ਜੀਵਨ ਵਿੱਚ ਬਹੁਤ ਮਹੱਤਤਾ ਹੈ।

ਸੋ ਮਾਪਿਆਂ ਲਈ ਜ਼ਰੂਰੀ ਹੈ ਮੋਬਾਇਲਾਂ ਅਤੇ ਕੰਪਿਊਟਰਾਂ ਤੇ ਖੇਡਾਂ ਖੇਡਣ ਦੀ ਥਾਂ ਬੱਚਿਆਂ ਨੂੰ ਸਰੀਰਕ ਖੇਡਾਂ ਵੱਲ ਮੋੜਨਾ ਚਾਹੀਦਾ ਹੈ ਜਿਸ ਵਿੱਚ ਬੱਚਿਆਂ ਦਾ ਚੰਗੀ ਤਰ੍ਹਾਂ ਖੁੱਲ੍ਹਕੇ ਵਿਕਾਸ ਹੋ ਸਕੇ।

# ਪਿੰਡ ਮਲਕਾਨਾ ਤੋਂ ਪਿੰਡ ਸਾਲੋਵਾਲ ਹਲਕਾ ਭੋਆ ਤਹਿਸੀਲ ਅਤੇ ਜਿਲ੍ਹਾ ਪਠਾਨਕੋਟ ਦੇ ਡਿੱਗੇ ਪੁਲ ਨੂੰ ਬਣਾਇਆ ਜਾਵੇ

ਪਿੰਡ ਮਲਕਾਨਾ ਤੋਂ ਪਿੰਡ ਸਾਲੋਵਾਲ ਨੂੰ ਜਾਂਦੀ ਲਿੰਕ ਸੜ੍ਹਕ ਉੱਤੇ ਬਣਿਆ ਪੁਲ ਮਿਤੀ 16-6-2020 ਨੂੰ ਟੁੱਟ ਗਿਆ ਹੈ। ਇਹ ਪੁਲ ਮੰਡੀਬੋਰਡ ਪਠਾਨਕੋਟ ਪੰਜਾਬ ਨੇ ਸਾਲ 2013 ਵਿੱਚ ਨੌਮਨੀ-ਨਾਲੇ ਉੱਤੇ ਬਣਾਇਆ ਸੀ। ਇਹ ਪੁਲ ਹਲਕਾ ਭੋਆ ਜਿਲ੍ਹਾ ਪਠਾਨਕੋਟ ਦੇ ਬਲਾਕ ਘਰੋਟਾ ਪਿੰਡ ਮਲਕਾਨਾ ਦੇ ਨਜਦੀਕ ਪੈਂਦਾ ਹੈ। ਸਾਲ 2013 ਲਈ ਇਸ ਸੜ੍ਹਕ ਨੂੰ ਬਣਾਉਣ ਲਈ ਮੰਡੀ ਬੋਰਡ ਪਠਾਨਕੋਟ ਨੂੰ ਪੈਂਤੀ ਲੱਖ ਰੁਪਏ ਦੀ ਰਕਮ ਮਨਜੂਰ ਹੋਈ ਸੀ ਅਤੇ ਬਾਦ ਵਿੱਚ ਹੋਰ ਵੀ ਬਜਟ ਸਾਇਦ ਅਲਾਟ ਹੋਇਆ ਸੀ। ਇਸ ਸੜ੍ਹਕ ਉੱਤੇ ਜੋ ਪੁਲ ਬਣਾਇਆ ਗਿਆ ਸੀ ਉਸਨੂੰ ਬਹੁਤ ਘਟੀਆ ਮਟੀਰੀਅਲ ਲਗਾਇਆ ਗਿਆ ਸੀ। ਇਸ ਸਬੰਧੀ ਮੰਡੀਬੋਰਡ ਨੂੰ ਉਸੇ ਸਮੇਂ ਸੂਚਨਾ ਦੇ ਦਿੱਤੀ ਗਈ ਸੀ ਪਰ ਕੋਈ ਸੁਣਵਾਈ ਨਹੀ ਹੋਈ ਸੀ। ਸਬੂਤ ਨਾਲ ਨੱਥੀ ਹਨ ਜੀ। ਇਸ ਪੁਲ ਦੀਆਂ ਦੀਵਾਰਾਂ/ਨੀਹਾਂ ਰੇਤ ਅਤੇ ਪੱਥਰ ਲਗਾ ਕੇ ਬਣਾ ਦਿੱਤੀਆਂ ਸਨ।ਹੇਠਲੀਆਂ ਦੀਵਾਰਾਂ ਵਿੱਚ ਇੱਕ ਵੀ ਪੀਸ ਸਰੀਏ ਦਾ ਨਹੀ ਪਾਇਆ ਸੀ। ਪੁਲ ਦੀਆਂ ਦੀਵਾਰਾਂ ਨੂੰ ਪਲਸਤਰ ਨਹੀ ਕੀਤਾ ਗਿਆ ਸੀ। ਪੁਲ ਦੇ ਆਸਪਾਸ ਡੰਗੇ ਨਹੀ ਕੱਡੇ ਗਏ ਸਨ। ਮੰਡੀ ਬੋਰਡ ਨੂੰ ਵਾਰ-ਵਾਰ ਇਹ ਸੂਚਨਾ ਲਗਾਤਾਰ ਦਿੱਤੀ ਗਈ ਸੀ। ਪੁਲ ਟੁੱਟਣ ਦੇ ਹੇਠ ਲਿਖੇ ਕਾਰਣ ਸਨ।

1- ਪੁਲ ਦੇ ਹੇਠਾ ਸਰੀਆਂ ਨਹੀ ਪਾਇਆ ਗਿਆ ਸੀ ਹੁਣ ਵੀ ਚੈਕ ਕੀਤਾ ਜਾ ਸਕਦਾ ਹੈ। ਪੁਲ ਟੁੱਟਣ ਕਾਰਣ 50 ਦੇ ਕਰੀਬ ਪਿੰਡਾਂ ਦਾ ਰਸਤਾ ਬੰਦ ਹੋ ਗਿਆ ਹੈ। ਆਮ ਜਨਤਾਂ, ਕਿਸਾਨ ਅਤੇ ਮੰਡੀਕਰਨ ਕਰਨ ਵਾਲੇ ਭਾਰੀ ਪ੍ਰੇਸ਼ਾਨ ਹਨ। ਖੇਤੀਬਾੜੀ ਕਰਨਾ ਔਖਾ ਹੈ।

2- ਪੁਲ ਟੇਡਾ ਬਣਾਇਆ ਗਿਆ ਸੀ। ਜਿੱਧਰੋ ਪਾਣੀ ਆਉਂਦਾ ਹੈ/ਨਿਕਾਸ ਹੁੰਦਾ ਹੈ ਉੱਧਰ ਦਰਾ ਨਹੀ ਸੀ ਸਗੋਂ ਪੱਥਰਾਂ ਦੀ ਦੀਵਾਰ ਲਗਾ ਦਿੱਤੀ ਸੀ। ਨਾਰਥ ਵਾਲੇ ਪਾਸੇ ਪਿੰਡ ਮਲਕਾਨਾ ਵੱਲ ਇੱਕ ਹੋਰ ਦਰਾ ਬਣਾਉਣ ਦੀ ਜਰੂਰਤ ਸੀ। ਤਾਂ



ਜੋ ਪਾਣੀ ਦਾ ਨਿਕਾਸ ਸਹੀ ਹੋ ਸਕਦਾ।

3- ਪੁਲ ਮੌਜੂਦਾ ਪੁਲ ਅਤੇ ਸੜ੍ਹਕ ਦੀ ਹਾਇਟ ਤੋਂ ਪੰਜ-ਛੇ ਫੁੱਟ ਹੋਰ ਉੱਚਾ ਹੋਣਾ ਚਾਹੀਦਾ ਸੀ, ਕਿਉਕਿਂ ਸਰਦੀ,ਗਰਮੀ ਦੀ ਬਰਸਾਤ ਅਤੇ ਬੇ-ਬਹਾਰੀ ਬਰਸਾਤ ਵਿੱਚ ਪੁਲ ਪਾਣੀ ਵਿੱਚ ਡੁੱਬ ਜਾਂਦਾ ਸੀ। ਪੁਲ ਦੇ ਉਪਰੋਂ ਪਾਣੀ ਲੰਘਦਾ ਸੀ।ਇਸ ਥਾਂ ਉੱਤੇ ਅਕਸਰ 15-16 ਫੁੱਟ ਉੱਚਾ ਪਾਣੀ ਵਗਦਾ ਹੈ। ਇਸ ਪਾਣੀ ਦੀ ਸਹੀ ਜੱਜਮੈਂਟ ਜੁਲਾਈ-ਅਗਸਤ ਦੀ ਭਾਰੀ ਬਰਸਾਤ ਵਿੱਚ ਲਈ ਜਾ ਸਕਦੀ ਹੈ।

4- ਪੁਲ ਦੇ ਆਸਪਾਸ ਡੰਗੇ ਹੋਣੇ ਚਾਹੀਦੇ ਸਨ।

5- ਪੁਲ ਦੇ ਦੋਨੋ ਪਾਸੇ ਪੰਚਾਇਤ ਦੀ ਜਮੀਨ ਸੀ ਅਤੇ ਕੰਨਸਟਰਕਸਨ ਦੀ ਕੋਈ ਰੋਕ-ਟੋਕ ਨਹੀ ਸੀ।



ਮਾਸਟਰ ਹਰੇਸ਼ ਕੁਮਾਰ ਸੈਣੀ

6- ਇਸ ਸੜ੍ਹਕ ਨੂੰ ਦੁਵਾਰਾ ਬਣਾਉਣ ਦੀ ਮਿਆਦ ਪੂਰੀ ਹੋ ਗਈ ਹੈ। ਸੜ੍ਹਕ ਟੁੱਟ ਗਈ ਹੈ। ਇਸ ਸੜ੍ਹਕ ਨੂੰ ਵੀ ਰਿਪੇਅਰ ਕੀਤਾ ਜਾਵੇ ਜੀ।

7- ਟੁੱਟੇ ਪੁਲ ਦੀਆਂ ਸਲੈਵਾਂ ਪੁਲ ਵਿੱਚੋ ਬਾਹਰ ਕੱਡੀਆਂ ਜਾਣ ਤਾਂ ਜੋ ਪਾਣੀ ਦਾ ਨਿਕਾਸ ਹੋ ਸਕੇ।

8 - ਪੁਲ ਡਿਗਣ ਕਰਕੇ ਨੌਮਨੀ-ਨਾਲੇ ਦੇ ਪਾਣੀ ਦਾ ਨਿਕਾਸ ਬੰਦ ਹੋ ਗਿਆ ਹੈ।ਬਰਸਾਤ ਵਿੱਚ ਪਾਣੀ ਲੋਕਾਂ ਦੀਆਂ 3000 ਏਕੜ੍ਹ ਦੇ ਕਰੀਬ ਫਸਲਾਂ ਤਬਾਹ ਕਰ ਦੇਵੇਗਾਂ। ਪਾਣੀ ਲੋਕਾਂ ਦੇ ਘਰਾਂ ਅਤੇ ਡੇਰੇਆਂ ਵਿੱਚ ਚਲਾ ਜਾਵੇਗਾ। ਮੰਡੀ ਬੋਰਡ ਦੀਆਂ ਸਾਰੀਆਂ ਸੜ੍ਹਕਾਂ ਪਾਣੀ ਤਬਾਹ ਕਰ ਦੇਵੇਗਾ।

9- ਬੇਨਤੀ ਹੈ ਕਿ ਇਸ ਪੁਲ ਨੂੰ ਨਵਾਂ ਬਣਾਇਆ ਜਾਵੇ।ਜਦ ਤੱਕ ਪੁਲ ਨਵਾਂ ਨਹੀ ਬਣਦਾ ਇਸ ਪੁਲ ਨੂੰ ਆਰਜੀ ਤੌਰ ਉੱਤੇ ਅਵਾਜਾਈ ਲਈ ਬਹਾਲ ਕੀਤਾ ਜਾਵੇ।

10- ਪੁਲ ਲਈ ਬਜਟ ਅਲਾਟ ਕੀਤਾ ਜਾਵੇ। ਸੜ੍ਹਕ ਦੀ ਰਿਪੇਅਰ ਲਈ ਬਜਟ ਅਲਾਟ ਕੀਤਾ ਜਾਵੇ।

# ਭਾਰਤ ਵਿੱਚ ਬੇਰੁਜਗਾਰੀ ਦੀ ਸਮੱਸਿਆ ਸਿਖਰਾਂ ’ਤੇ



ਅਸ਼ੋਕ ਧੀਰ, ਜੈਤੋ ਮੰਡੀ
adjaitu@gmail.com

ਕੋਰੋਨਾ ਮਹਾਂਮਾਰੀ ਵਾਂਗ ਬੇਰੁਜਗਾਰੀ ਵਾਇਰਸ ਪੂਰੇ ਭਾਰਤ ਸਮੇਤ ਪੰਜਾਬ ਅੰਦਰ ਸਿੱਖਰਾਂ ’ਤੇ ਹੋਣ ਦੇ ਬਾਵਜੂਦ ਸਰਕਾਰਾਂ ਖਾਮੋਸ਼ ਹਨ ਅਤੇ ਬੇਰੁਜਗਾਰੀ ਦੇ ਝੰਬੇ ਪਾੜ੍ਹੇ ਖੇਤਾਂ ’ਚ ਝੋਨਾ ਲਾਉਣ ਲਈ ਮਜਬੂਰ ਹਨ, ਬੇਸ਼ੱਕ ਭਾਰਤ ਦੇਸ਼ ਨੂੰ ਅਜ਼ਾਦ ਹੋਇਆ 72 ਵਰ੍ਹੇ ਹੋ ਚੁੱਕੇ ਹਨ, ਪਰ ਬੇਰੁਜ਼ਗਾਰੀ ਦੇਸ਼ 'ਚ ਇੱਕ ਮਹਾਮਾਰੀ ਵਾਂਗ ਦਿਨ ਬ ਦਿਨ ਵਧਦੀ ਹੀ ਜਾ ਰਹੀ ਹੈ। ਸੈਂਟਰ ਫ਼ਾਰ ਮੋਨੀਟਰਿੰਗ ਇੰਡੀਅਨ ਇਕੋਨਮੀ (ਸੀ ਐਮ ਆਈ ਈ) ਵੱਲੋਂ ਜਾਰੀ ਇੱਕ ਰਿਪੋਰਟ ਵਿਚ ਇਹ ਕਿਹਾ ਗਿਆ ਸੀ ਕਿ ਭਾਰਤ ਦੇਸ਼ ਅੰਦਰ ਫਰਵਰੀ 2019 ਵਿਚ ਬੇਰੁਜ਼ਗਾਰੀ ਦੇ ਅੰਕੜੇ 7.2 ਫ਼ੀਸਦੀ ਤੱਕ ਪੁੱਜ ਗਏ ਹਨ, ਉਦੋਂ ਇਹ ਅੰਕੜਾ ਸਤੰਬਰ 2016 ਤੋਂ ਬਾਅਦ ਭਾਰਤ ਅੰਦਰ ਸਭ ਤੋਂ ਜ਼ਿਆਦਾ ਵੇਖਿਆ ਗਿਆ ਸੀ, ਜਦੋਂਕਿ ਫਰਵਰੀ 2018 ਵਿਚ ਬੇਰੁਜ਼ਗਾਰੀ ਦੀ ਦਰ 5.9 ਫ਼ੀਸਦੀ ਦਰਜ ਕੀਤੀ ਗਈ ਸੀ, ਜਦੋਂਕਿ ਹਾਲ ਦੀ ਘੜੀ 2020 ਵਿਚ ਇਹ ਅੰਕੜੇ ਕਾਫ਼ੀ ਜ਼ਿਆਦਾ ਵਧੇ ਹਨ। ਸਮੇਂ ਦੀਆਂ ਸਰਕਾਰਾਂ ਨੇ ਭਾਵੇਂ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ ਦੇ ਲੱਖਾਂ ਦਾਅਵੇ ਕੀਤੇ ਹਨ, ਪਰ ਜ਼ਮੀਨੀ ਪੱਧਰ 'ਤੇ ਹਾਲ ਹੈਰਾਨੀਜਨਕ ਹਨ, ਦੇਸ਼ ਦੇ ਹਰ ਘਰ ਅੰਦਰ ਬੇਰੁਜ਼ਗਾਰ ਬੈਠੇ ਹਨ, ਜੋ ਉੱਚ ਡਿਗਰੀਆਂ ਪ੍ਰਾਪਤ ਹਨ, ਪਰ ਸਰਕਾਰ ਦੀਆਂ ਕਥਿਤ ਦੋਗਲੀਆਂ ਨੀਤੀਆਂ ਕਾਰਨ ਯੋਗਤਾ ਰੱਖਣ ਵਾਲੇ ਨੌਜਵਾਨ ਰੋਜਗਾਰ ਤੋਂ ਸੱਖਣੇ ਹਨ,ਇਸ ਸਮੇਂ ਬੇਰੁਜ਼ਗਾਰੀ ਭਾਰਤ ਦੀ ਆਤਮਨਿਰਭਤਾ ਲਈ ਵੱਡਾ ਸਵਾਲ ਹੈ, ਇੱਕ ਸੌਖੀ ਜਿਹੀ ਗੱਲ ਹੈ ਕਿ ਜੇਕਰ ਦੇਸ਼ ਦਾ ਨੌਜਵਾਨ ਬੇਰੁਜ਼ਗਾਰ ਹੋਵੇਗਾ ਤਾਂ ਸੁਭਾਵਿਕ ਹੈ ਕਿ ਦੇਸ਼ ਦਾ ਵਿਕਾਸ ਕਿਵੇਂ ਹੋਵੇਗਾ ? ਦੂਜੀ ਗੱਲ ਇਹ ਵੀ ਵੇਖੀ ਗਈ ਹੈ ਕਿ ਉੱਚ ਡਿਗਰੀਆਂ ਦੀ ਮੁਹਾਰਤ ਹਾਸਲ ਨੌਜਵਾਨ ਮਾਮੂਲੀ ਅਸਾਮੀਆਂ ਲਈ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਅਪਲਾਈ ਕਰਦੇ ਹਨ, ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰੁਜ਼ਗਾਰ ਅੱਜ ਦੇ ਨੌਜਵਾਨਾਂ ਲਈ ਕਿੰਨਾ ਜ਼ਰੂਰੀ ਵਿਸ਼ਾ ਹੈ, ਕਈ ਵਿਭਾਗਾਂ ਵਿਚ ਅਜਿਹੇ ਉੱਚ ਵਿਦਿਆ ਪ੍ਰਾਪਤ ਨੌਜਵਾਨ ਮਾਮੂਲੀ ਅਸਾਮੀਆਂ 'ਤੇ ਕੰਮ ਕਰਦੇ ਵਿਖਾਈ ਦਿੰਦੇ ਹਨ, ਜੋ ਸਿਰਫ਼ ਤੇ ਸਿਰਫ਼ ਬੇਰੁਜ਼ਗਾਰੀ ਦੇ ਝੰਬੇ ਹੋਏ ਹੀ ਮਜ਼ਬੂਰੀ ਵੱਸ ਮਾਮੂਲੀ ਤਨਖ਼ਾਹਾਂ 'ਤੇ ਗੁਜ਼ਾਰਾ ਕਰਨ ਲਈ ਮਜ਼ਬੂਰ ਹੋ ਰਹੇ ਹਨ।



**ਕੋਰੋਨਾ ਮਹਾਂਮਾਰੀ ਕਾਰਨ ਲਾਕਡਾਊਨ ਦੇ ਚੱਲਦਿਆਂ ਨਵੀਆਂ ਭਰਤੀਆਂ ਬੰਦ:** ਕੋਵਿਡ-19 ਦੇ ਚੱਲਦਿਆਂ ਇਸ ਸਮੇਂ ਦੇਸ਼ ਗੰਭੀਰ ਹਾਲਤਾਂ ਵਿੱਚੋਂ ਦੀ ਲੰਘ ਰਿਹਾ ਹੈ, ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਜਿੱਥੇ ਦੇਸ਼ ਦੀ ਤਸਵੀਰ ਹੀ ਪਲਟ ਗਈ, ਉਥੇ ਹੀ ਵਿਭਾਗਾਂ ਅੰਦਰ ਨਵੀਆਂ ਭਰਤੀਆਂ ਵੀ ਰੁਕ ਗਈਆਂ , ਜੋ ਅਜੇ ਵੀ ਸੁਚਾਰੂ ਢੰਗ ਨਾਲ ਚਾਲੂ ਨਹੀਂ ਹੋਈਆਂ, ਨਤੀਜਨ ਅਜਿਹੀਆਂ ਅਸਾਮੀਆਂ ਦੇ ਸਹੀ ਹੱਕਦਾਰ ਤੇ ਅਪਲਾਈ ਕਰਨ ਵਾਲੇ ਨੌਜਵਾਨਾਂ 'ਤੇ ਦੂਹਰੀ ਮਾਰ ਪਈ ਤੇ ਨੌਜਵਾਨਾਂ ਲਈ ਦੇਸ਼ ਤੇ ਵਿਦੇਸ਼ ਦੋਵੇਂ ਰਸਤੇ ਜਿਵੇਂ ਬੰਦ ਹੀ ਹੋ ਗਏ ਹਨ, ਸੂਬਾ ਸਰਕਾਰ ਵੱਲੋਂ ਘਰ-ਘਰ ਨੌਕਰੀ ਤਹਿਤ ਭਾਵੇਂ ਰੁਜਗਾਰ ਮੇਲਿਆਂ ਦਾ ਸਿਲਸਿਲਾ ਚਲਾਇਆ ਗਿਆ ਸੀ, ਪਰ ਮੇਲਿਆਂ ਵਿਚ ਅਸਾਮੀਆਂ ਘੱਟ ਤੇ ਰਜਿਸਟ੍ਰੇਸ਼ਨਾਂ ਦੀ ਗਿਣਤੀ ਜ਼ਿਆਦਾ ਵੇਖੀ ਗਈ, ਜਿਸਦੇ ਚੱਲਦਿਆਂ ਸਰਕਾਰ ਦੇ ਨੌਕਰੀ ਮੇਲੇ ਵੀ ਪੰਜਾਬ ਦੀ ਬੇਰੁਜ਼ਗਾਰੀ ਨੂੰ ਠੱਲ੍ਹ ਨਹੀਂ ਹਨ ਪਾ ਸਕੇ।

ਕੋਰੋਨਾ ਮਹਾਂਮਾਰੀ ਦੇ ਚੱਲਦਿਆਂ ਭਾਰਤ ਦੇਸ਼ ਦੀ ਤਰ੍ਹਾਂ ਬਾਹਰੀ ਦੇਸ਼ਾਂ ਅੰਦਰ ਵੀ ਸਥਿਤੀ ਨਾਜ਼ੁਕ ਹੈ ਦੇਸ਼ ਅੰਦਰ ਮੋਜੂਦਾ ਹਾਲਾਤਾਂ ਦੇ ਚੱਲਦਿਆਂ ਫ਼ਿਲਹਾਲ ਨੌਜਵਾਨਾਂ ਅੰਦਰ ਰੁਜਗਾਰ ਦੀ ਆਸ ਮਰਨ ਲੱਗੀ ਹੈ, ਉਥੇ ਹੀ ਵਿਦੇਸ਼ਾਂ ਵਿੱਚ ਆਪਣਾ ਭਵਿੱਖ ਵੇਖਣ ਵਾਲੇ ਨੌਜਵਾਨ, ਜਿੰਨ੍ਹਾਂ ਨੇ ਮਹਿੰਗੀਆਂ ਪੜ੍ਹਾਈਆਂ ਤੇ ਲੱਖਾਂ ਰੁਪਏ ਲਗਾਏ ਹਨ, ਵਿਦੇਸ਼ਾਂ 'ਚ ਜਾਣ ਤੋਂ ਵੀ ਮੁਹਥਾਜ ਹੋ ਗਏ ਹਨ, ਕਿਉਂਕਿ ਕੋਰੋਨਾ ਦਾ ਕਹਿਰ ਹਰ ਪਾਸੇ ਹੈ ਤੇ ਅਜਿਹੇ ਹਾਲਾਤ ਵਿਚ ਜਲਦੀ ਇਹ ਸਥਿਤੀ ਕੰਟਰੋਲ ਵਿੱਚ ਆਉਣ ਵਾਲੀ ਨਹੀਂ ਹੈ, ਜਿਸਨੂੰ ਵੇਖਦਿਆਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕੋਰੋਨਾ ਦੀ ਤਰ੍ਹਾਂ ਬੇਰੁਜ਼ਗਾਰੀ ਦੇ ਵਾਇਰਸ ਨੇ ਵੀ ਲੱਖਾਂ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਿਗਲ ਲਈਆਂ ਹਨ।

**ਉੱਚ ਡਿਗਰੀਆਂ ਪ੍ਰਾਪਤ ਪੜਾਕੂ ਝੋਨਾ ਲਾਉਣ ਲਈ ਤੇ ਮਜ਼ਦੂਰੀ ਕਰਨ ਲਈ ਮਜਬੂਰ-** ਕੋਰੋਨਾ ਦੀ ਆਫ਼ਤ ਨੇ ਇਸ ਕਦਰ ਮਨੁੱਖਤਾਂ ਨੂੰ ਡੰਗ ਮਾਰਿਆ ਹੈ ਕਿ ਦੇਸ਼ ਅੰਦਰ ਨੌਜਵਾਨਾਂ ਦਾ ਭਵਿੱਖ ਧੁੰਦਲਾ ਹੋ ਗਿਆ ਹੈ,ਪੂਰੇ ਦੇਸ਼ ਅੰਦਰ ਉੱਚ ਡਿਗਰੀਆਂ ਪ੍ਰਾਪਤੀ ਵਾਲੇ ਲੱਖਾਂ ਨੌਜਵਾਨ ਲੜਕੇ- ਲੜਕੀਆਂ ਹਨ, ਜਿੰਨ੍ਹਾਂ ਅੰਦਰ ਰੁਜ਼ਗਾਰ ਮਿਲਣ ਦੀ ਆਸ ਵੀ ਹੁਣ ਮਰਨ ਲੱਗੀ ਹੈ ਤੇ ਅਜਿਹੇ ਵਿਚ ਮਨਰੇਗਾ ’ਤੇ ਖੇਤ ਮਜ਼ਦੂਰੀ ਕਰਨਾ ਪੜ੍ਹੇ ਲਿਖੇ ਨੌਜਵਾਨਾਂ ਦੀ ਮਜ਼ਬੂਰੀ ਬਣਦੀ ਜਾ ਰਹੀ ਹੈ।

ਦੇਸ਼ ਅੰਦਰ ਅਜਿਹਾ ਹਾਲ ਇਸ ਸਮੇਂ ਚੱਲ ਰਿਹਾ ਹੈ,ਦੱਖਣ ਭਾਰਤ ਦੇ ਨਾਲ-ਨਾਲ ਉਤਰ ਭਾਰਤ ਅੰਦਰ ਬੇਰੁਜ਼ਗਾਰਾਂ ਨੇ ਹੁਣ ਮਨਰੇਗਾ ਤੇ ਖੇਤ ਮਜ਼ਦੂਰੀ ਅਪਨਾ ਲਈ ਹੈ, ਪੰਜਾਬ ਦੇ ਫਰੀਦਕੋਟ, ਮੋਗਾ, ਅੰਮ੍ਰਿਤਸਰ, ਬਠਿੰਡਾ, ਸੰਗਰੂਰ ਆਦਿ ਜ਼ਿਲ੍ਹਿਆਂ 'ਚ ਪੜ੍ਹੇ ਲਿਖੇ ਨੌਜਵਾਨ ਖੇਤਾਂ ਅੰਦਰ ਝੋਨਾ ਲਗਾਉਣ ਲਈ ਮਜ਼ਬੂਰ ਹਨ, ਪਰ ਸਮੇਂ ਦੀ ਸਰਕਾਰਾਂ ਇਸ ਗੱਲ 'ਤੇ ਚੁੱਪੀ ਵੱਟੀ ਬੈਠੀਆਂ ਹਨ, ਸਰਕਾਰ ਤੋਂ ਰੋਜ਼ਗਾਰ ਦੀ ਭਾਲ ਕਰਨ ਵਾਲੇ ਨੌਜਵਾਨਾਂ ਨੇ ਹੁਣ ਆਪਣੇ ਰੁਜ਼ਗਾਰ ਤੋਰਨੇ ਸ਼ੁਰੂ ਕਰ ਦਿੱਤੇ ਹਨ, ਜਦੋਂਕਿ ਬੇਹੱਦ ਕਮਜ਼ੋਰ ਵਰਗ ਦੇ ਨੌਜਵਾਨਾਂ ਨੇ ਮਨਰੇਗਾ ਤੇ ਖੇਤ ਮਜ਼ਦੂਰੀ ਦੀ ਦਿਹਾੜੀ 'ਤੇ ਆਪਣਾ ਜੀਵਨ ਬਸਰ ਕਰਨ ਲਈ ਮਜਬੂਰ ਹਨ।

**ਈ.ਟੀ.ਟੀ ਅਤੇ ਤਿੰਨ ਵਾਰ ਪੰਜਾਬ ਦਾ ਟੈੱਟ ਟੈਸਟ ਪਾਸ ਬੇਰੁਜਗਾਰ ਜਗਸੀਰ ਸਿੰਘ ਜੈਤੋ ਵਿਖੇ ਦਿਹਾੜੀ ਕਰਨ ਲਈ ਮਜਬੂਰ:**



ਪਿੰਡ ਮੜ੍ਹਾਕ ਦੇ ਜਗਸੀਰ ਸਿੰਘ ਜਿਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋੜੀਕਪੂਰਾ (ਫਰੀਦਕੋਟ) ਤੋਂ ਅਵੱਲ ਰਹਿ ਕੇ ਬਾਰਵੀਂ ਪਾਸ ਕੀਤੀ । ਫਿਰ ਘਰ ਦੀ ਗਰੀਬੀ ਕਾਰਣ ਰੋੜੀਕਪੂਰਾ ਸਕੂਲ ਦੇ ਸਮੂਹ ਸਟਾਫ਼ ਲੈਕਚਾਰਾਰ ਕੁਲਬੀਰ ਸਿਘ, ਰੇਖਾ ਕੋਠਾਰੀ, ਬਲਤੇਜ ਕੁਮਾਰ, ਗੁਰਮੀਤ ਸਿੰਘ, ਪ੍ਰਮੋਦ ਧੀਰ, ਪੰਕਜ ਮਿੱਤਲ ਆਦਿ ਦੇ ਸਹਿਯੋਗ ਨਾਲ ਦੋ ਸਾਲਾ ਈ.ਟੀ.ਟੀ ਕੋਰਸ 2014-16 ਪਾਸ ਕੀਤਾ। ਫਿਰ ਮਿਹਨਤ ਕਰਕੇ ਪੰਜਾਬ ਦਾ ਟੈੱਟ ਦਾ ਟੈਸਟ ਵੀ ਤਿੰਨ ਵਾਰ 2015,2016 ਅਤੇ 2017 ਵਿੱਚ ਪਾਸ ਕਰ ਲਿਆ ਹੈ। ਪਰ ਅਜੇ ਤੱਕ ਉਸਨੂੰ ਕੋਈ ਨੌਕਰੀ ਨਹੀਂ ਮਿਲੀ ਅਤੇ ਘਰ ਦੀ ਗਰੀਬੀ ਕਾਰਨ ਆਪਣਾ ਗੁਜਾਰਾ ਕਰਨ ਲਈ ਜੈਤੋ ਵਿਖੇ ਲੇਬਰ ਕਰਕੇ ਟਾਈਮ ਪਾਸ ਕਰਨ ਲਈ ਮਜਬੂਰ ਹੈ।

**ਸੋਸਲ ਮੀਡੀਆਂ ’ਤੇ ਮਜਦੂਰੀ ਕਰਦੇ ਪਾੜੇ ਕੱਢ ਰਹੇ ਨੇ ਭੜ੍ਹਾਸ :** ਪੰਜਾਬ ਅੰਦਰ ਕੋਰੋਨਾ ਮਹਾਂਮਾਰੀ ਵਾਂਗ ਬੇਰੁਜਗਾਰੀ ਵਾਇਰਸ ਦੇ ਵੱਧਦੇ ਪ੍ਰਕੋਪ ਨੂੰ ਦੇਖਦਿਆਂ ਅਨੇਕਾਂ ਨੌਜਵਾਨ ਸੋਸਲ ਮੀਡੀਆਂ ’ਤੇ ਸੂਬਾ ਸਰਕਾਰ ਖਿਲਾਫ ਭੜ੍ਹਾਸ ਕੱਢਣ ਲਈ ਮਜਬੂਰ ਹਨ ਪਰ ਸਰਕਾਰ ਰੁਜਗਾਰ ਦੇ ਸ੍ਰੋਤ ਪੈਦਾ ਕਰਨ ਦੀ ਬਜਾਏ ਖਾਮੋਸ਼ ਹੈ।

ਦੱਸਣਯੋਗ ਹੈ ਕਿ ਆਏ ਦਿਨ ਸੋਸਲ ਮੀਡੀਆਂ ’ਤੇ ਪੜੇ ਲਿਖੇ ਨੌਜਵਾਨ ਕਦੇ ਖੇਤਾ ’ਚ ਝੋਨਾ ਲਾਉਣ, ਕਦੇ ਦਿਹਾੜੀ ਕਰਨ ਅਤੇ ਕਦੇ ਰੇਹੜੀਆਂ ’ਤੇ ਸਬਜੀ ਵੇਚਣ ਦੀਆਂ ਤਸਵੀਰਾਂ ਅਪਲੋਡ ਕਰਕੇ ਸਰਕਾਰ ਨੂੰ ਹੰਲੂਣਾ ਦੇਣ ਦਾ ਯਤਨ ਕਰਦੇ ਰਹਿੰਦੇ ਹਨ ਪਰ ਬੇਰੁਜਗਾਰੀ ਘੱਟਣ ਦੀ ਬਜਾਏ ਵੱਧਦੀ ਜਾ ਰਹੀ ਹੈ।

**ਪੰਜਾਬ ਭਰ ’ਚ ਪੜ੍ਹੇ ਲਿਖੇ ਨੌਜਵਾਨ ਰੇਹੜੀ ਲਾਉਣ ਲਈ ਮਜਬੂਰ :** ਸਥਾਨਕ ਸ਼ਹਿਰ ਅੰਦਰ ਚੌਕਾ ਚੌਰਾਹਿਆਂ ਅਤੇ ਗਲੀ ਮਹੁੱਲਿਆਂ ਸਮੇਤ ਸਬਜੀ ਮੰਡੀ ’ਚ ਪੜੇ ਲਿਖੇ ਨੌਜਵਾਨ ਰੇਹੜੀਆਂ ’ਤੇ ਸਬਜੀ ਵੇਚਦੇ ਅਕਸਰ ਹੀ ਦਿਖਾਈ ਦਿੰਦੇ ਹਨ। ਬੇਰੁਜਗਾਰੀ ਦੇ ਝੰਬੇ ਪੜਾਕੂ ਇਕ ਦੋ ਨਹੀ ਬਲਕਿ ਗਿਣਤੀ ਦੇ ਅਖੀਰਲੇ ਅੱਖਰਾ ਤੱਕ ਹੋਣ ਦੇ ਬਾਵਜੂਦ ਸੂਬਾ ਸਰਕਾਰ ਘਰ ਘਰ ਨੌਕਰੀ ਦੇ ਦਾਅਵੇ ਕਰਦੀ ਨਹੀ ਥੱਕਦੀ, ਆਏ ਦਿਨ ਪੜੇ ਲਿਖੇ ਨੌਜਵਾਨ ਹੋਟਲ, ਜਿੰਮ, ਸਰਾਬ ਦੇ ਠੇਕੇ, ਕਰਿਆਨੇ ਦੀ ਦੁਕਾਨ, ਦਿਵਾਈ ਦੀ ਦੁਕਾਨ ’ਚ ਦਿਹਾੜੀ ਮਜਦੂਰੀ ਕਰਕੇ ਆਪਣੇ ਪ੍ਰੀਵਾਰ ਦਾ ਪੇਟ ਪਾਲ ਰਹੇ ਹਨ।

**ਮੁੰਡੇ ਨਹੀ ਕੁੜੀਆਂ ਵੀ ਦਿਹਾੜੀ ਕਰਨ ਲਈ ਮਜਬੂਰ :** ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ’ਚ ਉੱਚ ਡਿਗਰੀਆ ਲੈਣ ਤੋਂ ਬਾਅਦ ਨੌਕਰੀ ਲਈ ਹਾੜੇ ਕੱਢ ਰਹੀਆਂ ਕੁੜੀਆਂ ਵੀ ਮੁੰਡਿਆ ਵਾਂਗ ਦਿਹਾੜੀ ਮਜਦੂਰੀ ਕਰਨ ਲਈ ਮਜਬੂਰ ਹਨ, ਬਹੁਤੀਆਂ ਲੜਕੀਆਂ ਮੋਬਾਇਲ ਕੰਪਨੀਆਂ, ਹੋਟਲ, ਇੰਮੀਗ੍ਰੇਸ਼ਨ ਸੈਂਟਰ ਅਤੇ ਵੱਡੀਆਂ ਵੱਡੀਆਂ ਕੰਪਨੀਆਂ ’ਚ ਮਾਮੂਲੀ ਤਨਖਾਹਾਂ ’ਤੇ ਦਿਹਾੜੀ ਕਰਦੀਆਂ ਸਮੇ ਦੀਆਂ ਸਰਕਾਰਾਂ ਨੂੰ ਕੋਸ ਰਹੀਆਂ ਹਨ, ਪਰ ਸਰਕਾਰਾਂ ਰੁਜਗਾਰ ਦੇਣ ਦੀ ਬਜਾਏ ਖਜਾਨਾ ਖਾਲੀ ਹੋਣ ਦਾ ਕਹਿ ਕੇ ਪੱਲਾ ਝਾੜ ਰਹੀਆਂ ਹਨ। ਇਸੇ ਕਰਕੇ ਸਰਕਾਰੀ ਨੌਕਰੀ ਦੀ ਬਜਾਏ ਅਨੇਂਕਾ ਕੁੜੀਆਂ ਪ੍ਰਾਈਵੇਟ ਨੌਕਰੀ ਕਰਨ ਨੂੰ ਤਰਜੀਹ ਦੇ ਰਹੀਆਂ ਹਨ, ਆਰਥਿਕ ਤੰਗੀਆਂ ਝੱਲ ਰਹੀਆਂ ਲੜਕੀਆਂ ਲਗਾਤਾਰ ਮਾਨਸਿਕ ਪ੍ਰੇਸ਼ਾਨੀ ਦੇ ਆਲਮ ’ਚ ਹੋਣ ਕਰਕੇ ਡਿਪਰੇਸ਼ਨ ਦਾ ਸਿਕਾਰ ਹੋ ਰਹੀਆਂ ਹਨ।

**ਕੀ ਕਹਿੰਦੇ ਨੇ ਮੋਹਤਬਰ ਆਗੂ :** ਬੇਰੁਜਗਾਰੀ ਦੀ ਵੱਧਦੀ ਦਰ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਮਾਲਵਾ ਜੋਨ ਇੰਚਾਰਜ ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਮਾਸਟਰ ਬਲਦੇਵ ਸਿੰਘ, ਵਿਵੇਕ ਅਸ਼ਾਰਮ ਤੇ ਮਾਤਾ ਅਮਰ ਕੌਰ ਚੈਰੀਟੇਬਲ ਹਸਪਤਾਲ ਜੈਤੋ ਦੇ ਸੰਚਾਲਕ ਸੰਤ ਰਿਸ਼ੀ ਰਾਮ ਜੀ ਅਤੇ ਜੈਤੋ ਦੇ ਸਮਾਜਸੇਵੀ ਅਮ੍ਰਿਤ ਅਰੋੜਾ, ਡਾ. ਹਰੀਸ਼ ਕੁਮਾਰ,ਪ੍ਰੋ ਤਰਸੇਮ ਨਰੂਲਾ, ਡਾ ਬਲਵਿੰਦਰ ਸਿੰਘ, ਰਾਕੇਸ਼ ਕੁਮਾਰ ਘੋਚਾ, ਜਸਵਿੰਦਰ ਸਿੰਘ ਜੋਨੀ, ਰਾਮ ਰਾਜ ਸੇਵਕ, ਵਾਤਾਵਰਨ ਪ੍ਰੇਮੀ ਬਲਵਿੰਦਰ ਸਿੰਘ, ਭਿੰਦਰ ਸਿੰਘ ਬਰਾੜ ਆਦਿ ਨੇ ਕਿਹਾ ਕਿ ਬੇਰੁਜਗਾਰੀ ਦੇ ਸਤਾਏ ਨੌਜਵਾਨ ਨਸ਼ੇ ਦੀ ਦਲਦਲ ’ਚ ਧੱਸਦੇ ਜਾ ਰਹੇ ਹਨ, ਕਿਉਕਿ ਉੱਚ ਡਿਗਰੀਆਂ ਪ੍ਰਾਪਤ ਕਰਨ ਤੋਂ ਬਾਅਦ ਨੌਕਰੀ ਲਈ ਦਰ ਦਰ ਠੋਕਰਾ ਖਾਣ ਦੇ ਬਾਵਜੂਦ ਨੌਕਰੀ ਨਾ ਮਿੱਲਣ ’ਤੇ ਡਿਪਰੇਸ਼ਨ ਦੇ ਸ਼ਿਕਾਰ ਨੌਜਵਾਨ ਗਲਤ ਰਸਤੇ ਵੱਲ ਤੁਰ ਪੈਂਦੇ ਹਨ, ਜਿਸ ਤੋਂ ਬਾਅਦ ਲੁੱਟ ਖੋਹ, ਚੋਰੀ, ਗੁੰਡਾਗਰਦੀ ਅਤੇ ਝਪਟਮਾਰੀ ਦੀ ਗ੍ਰਿਫਤ ’ਚ ਫਸ ਕੇ ਬਹੁਤੇ ਨੌਜਵਾਨ ਆਪਣਾ ਭਵਿੱਖ ਖਰਾਬ ਕਰ ਲੈਂਦੇ ਹਨ, ਜੇਕਰ ਪੜਾਈ ਖਤਮ ਹੁੰਦਿਆਂ ਸਾਰ ਹੀ ਸਰਕਾਰ ਪੜਾਕੂ ਨੌਜਵਾਨਾਂ ਨੂੰ ਉਸਦੀ ਪੜਾਈ ਦੇ ਮੁਤਾਬਿਕ ਨੌਕਰੀ ਦੇਵੇ ਤਾਂ ਪੰਜਾਬ ਨਸ਼ਾ ਮੁਕਤ ਤੇ ਕਰਾਇਮ ਮੁਕਤ ਹੋ ਸਕਦਾ ਹੈ ਅਤੇ ਵਿਦੇਸ਼ਾ ਵੱਲ ਨੌਜਵਾਨਾਂ ਦੇ ਜਾਣ ਦਾ ਰੁਝਾਨ ਵੀ ਕਾਫੀ ਹੱਦ ਤੱਕ ਰੁਕ ਸਕਦਾ ਹੈ।

ਇਸ ਲਈ ਕੇਂਦਰ ਦੀ ਮੋਦੀ ਅਤੇ ਪੰਜਾਬ ਦੀ ਕੈਪਟਨ ਸਰਕਾਰ ਨੂੰ ਰੁਜਗਾਰ ਦੇ ਵੱਧ ਤੋਂ ਵੱਧ ਵਸੀਲੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਮਾਨਸਿਕ ਪ੍ਰੇਸ਼ਾਨੀਆਂ ਝੱਲ ਰਹੀ ਨੌਜਵਾਨ ਪੀੜ੍ਹੀ ਨੂੰ ਰਾਹਤ ਮਿਲ ਸਕੇ।

# ਖੂੰਜੇ ਵਿੱਚ ਉੱਗਿਆ ਬੂਟਾ



ਡਾ. ਬਲਵੀਰ ਮੰਨਣ
91- 94173-45485

ਗਮਲਿਆਂ ਵਿੱਚ ਆਪਣੇ ਹੱਥੀਂ ਲਾਏ ਬੂਟਿਆਂ ਨੂੰ ਬੜਾ ਪਿਆਰ ਕਰਨ ਵਾਲੇ ਦੇ ਵਿਹੜੇ ਦੀ ਇੱਕ ਹੌਦੀ, ਜਿਹੜੀ ਗਮਲਿਆਂ ਦੇ ਨੇੜੇ ਹੀ ਸੀ, ਉੱਪਰ ਪਏ ਪੱਥਰ (ਜਿਹੜਾ ਲੋੜ ਪੈਣ ’ਤੇ ਚੁੱਕਿਆ ਜਾ ਸਕਦਾ ਸੀ) ਦੇ ਇੱਕ ਖੂੰਜੇ ਦੀ ਵਿਰਲ ਵਿੱਚ ਇੱਕ ਬੂਟਾ ਉੱਗ ਆਇਆ। ਨਿੱਕੇ ਹੁੰਦਿਆਂ ਹੀ ਇਹ ਬੂਟਾ ਬੜਾ ਨਰੋਆ, ਜੀਵਨ-ਰਸ ਦਾ ਭਰਿਆ, ਸੋਹਣੀਆਂ ਹਰੀਆਂ ਕਚੂਰ ਪੱਤੀਆਂ ਵਾਲਾ ਸੀ। ਗਮਲਿਆਂ ਵਿੱਚ ਲੱਗੇ ਬੂਟੇ ਵੀ ਉਹਦੀ ਆਭਾ ਸਾਹਵੇਂ ਹੌਲ਼ੇ ਜਿਹੇ ਪ੍ਰਤੀਤ ਹੁੰਦੇ ਭਾਵੇਂ ਉਨ੍ਹਾਂ ਨੂੰ ਰੋਜ਼ਾਨਾ ਸਿੰਜਿਆ ਜਾਂਦਾ ਸੀ ਤੇ ਉਨ੍ਹਾਂ ਦੀ ਕਾਂਟ-ਛਾਂਟ, ਸਫ਼ਾਈ ਅਤੇ ਖਾਦ ਦਾ ਢੁਕਵਾਂ ਪ੍ਰਬੰਧ ਰੱਖਿਆ ਜਾਂਦਾ ਸੀ। ਪਰ ਇਹ ਬੂਟਾ, ਕਿਉਂਕਿ ਗਮਲਿਆਂ ਦੇ ਬੂਟਿਆਂ ਨੂੰ ਪਿਆਰ ਕਰਨ ਵਾਲੇ ਨੇ ਆਪਣੇ ਹੱਥੀਂ ਨਹੀਂ ਸੀ ਲਾਇਆ, ਦੂਸਰਾ -ਉਸਦੇ ਲਾਏ ਬੂਟੇ ਇਸ ਬੂਟੇ ਦੀ ਸ਼ਾਨ ਸਾਹਵੇਂ ਫਿੱਕੇ ਲਗਦੇ ਸਨ; ਉਸ ਨੂੰ ਇਸ ਬੂਟੇ ਨਾਲ ਈਰਖਾ ਜਿਹੀ ਹੋਣ ਲੱਗੀ। ਪਹਿਲਾਂ ਤਾਂ ਉਹ ਇਸ ਬੂਟੇ ਨੂੰ ਪੁੱਟ ਹੀ ਦੇਣ ਲੱਗਾ ਸੀ ਪਰ ਓਸੇ ਵੇਲ਼ੇ, ਉਸ ਦੇ ਮਨ ਵਿੱਚ ਫੁਰਨਾ ਆਇਆ ਕਿ ਇਸ ਨੂੰ ਮੁੱਖ ਰੱਖ ਕੇ ਉਹ ਆਪਣੇ ਬੂਟਿਆਂ ਨੂੰ ਇਸ ਨਾਲੋਂ ਕਿਤੇ ਸੁੰਦਰ ਤੇ ਸੋਹਣੇ ਬਣਾਵੇਗਾ। ਉਹ ਇਸ ਬੂਟੇ ਨੂੰ ਇਸ ਦੀ ਫਿੱਕਤਾ ਤੇ ਬੇ-ਨੂਰੀ ਦਾ ਅਹਿਸਾਸ ਕਰਾ ਕੇ ਛੱਡੇਗਾ। ਪੁੱਟੇਗਾ ਨਹੀਂ ਇਹਨੂੰ; ਇਹ, ਉਸ ਦੇ ਸੋਹਣੇ-ਸੁੰਦਰ ਬੂਟਿਆਂ ਨੂੰ ਵੇਖ-ਵੇਖ ਕੇ ਆਪਣੇ ਅੰਦਰਲੇ ਸਾੜੇ ਨਾਲ ਖ਼ੁਦ-ਬ-ਖ਼ੁਦ ਸੜ-ਸੜ ਕੇ ਸੁੱਕੇਗਾ।

ਓਦੋਂ ਤੋਂ ਹੀ ਉਸ ਨੇ ਆਪਣੇ ਬੂਟਿਆਂ ਦਾ ਖ਼ਾਸ ਖ਼ਿਆਲ ਰੱਖਣਾ ਸ਼ੁਰੂ ਕਰ ਦਿੱਤਾ। ਹਰ ਵੇਲ਼ੇ ਉਨ੍ਹਾਂ ਦਾ ਹੀ ਧਿਆਨ। ਪਾਣੀ ਕਈ ਵਾਰ ਵਿੱਤੋਂ ਵੱਧ ਦੇ ਹੋ ਜਾਣਾ। ਕਦੇ ਖਾਦ, ਬਿਨਾ ਲੋੜ ਤੋਂ ਹੀ ਪਾ ਦੇਣੀ। ਪਰ ਪੱਥਰ ਦੇ ਖੂੰਜੇ ਵਿੱਚ ਉੱਗੇ ਬੂਟੇ ਨੂੰ ਪਾਣੀ ਦਾ ਛੱਟਾ ਵੀ ਇਸ ਕਦੇ ਨਹੀਂ ਸੀ ਦਿੱਤਾ। ਉਲਟਾ ਈਰਖਾ ਕਈ ਵਾਰ ਇਸ ਹੱਦ ਤੱਕ ਵੀ ਅੱਪੜ ਜਾਂਦੀ ਕਿ ਵਿਹੜੇ ਵਿੱਚ ਫਿਰਦੇ ਆਪਣੇ ਪੰਜ ਕੁ ਸਾਲ ਦੇ ਪੁੱਤ ਨੂੰ ਕਈ ਵਾਰ ਇਸ ਬੂਟੇ ਉੱਪਰ ਪਿਸ਼ਾਬ ਕਰਨ ਲਈ ਕਹਿਣਾ। ਬੂਟਾ ਪਰ ਸੋਹਣਾ ਮੌਲਦਾ ਗਿਆ ਤੇ ਹੁਣ ਇਸ ਨੂੰ ਗੁਲਾਬੀ ਰੰਗ ਦੇ ਛੇ-ਛੇ ਪੱਤੀਆਂ ਵਾਲੇ, ਨਿੱਕੇ-ਨਿੱਕੇ ਜਾਂਗਲੀ ਜਿਹੇ ਫੁੱਲ ਲੱਗਣ ਲੱਗ ਪਏ। ਓਧਰ ਲੋੜ ਤੋਂ ਵੱਧ ਧਿਆਨ ਦਿੱਤਿਆਂ ਹੋ ਗਈਆਂ ਬੇ-ਧਿਆਨੀਆਂ ਕਾਰਨ ਉਸ ਦੇ ਆਪਣੇ ਬੂਟਿਆਂ ਦਾ ਪਹਿਲਾ ਖੇੜਾ ਵੀ ਜਾਂਦਾ ਰਿਹਾ। ਕਿਤੇ-ਕਿਤੇ, ਵਿਰਲੇ-ਵਿਰਲੇ ਬੂਟੇ ਨੂੰ ਹੀ ਹੁਣ ਫੁੱਲ ਸਨ। ਕਈ ਬੂਟੇ ਤਾਂ ਸੁੱਕਿਆਂ ਵਰਗੇ ਹੀ ਹੋ ਗਏ ਸਨ।



ਇੱਕ ਦਿਨ ਇਨ੍ਹਾਂ ਦੇ ਗੁਆਂਢ ਇਲਾਕੇ ਵਿੱਚ ਬੜੇ ਸਤਿਕਾਰੇ ਜਾਂਦੇ ਮਹਾਂਪੁਰਖ ਆਏ। ਇਸ ਨੇ ਵੀ ਓਥੇ ਗਏ ਹੋਏ ਨੇ ਮਹਾਂਪੁਰਖਾਂ ਨੂੰ ਇਨ੍ਹਾਂ ਦੇ ਘਰ ਚਰਨ ਪਾਉਣ ਹਿਤ ਬੇਨਤੀ ਕੀਤੀ। ਉਸ ਘਰੋਂ ਵਿਹਲੇ ਹੋ ਕੇ ਮਹਾਂਪੁਰਖ ਇਨ੍ਹਾਂ ਦੇ ਘਰ ਵਲ ਆਏ। ਗੇਟ ’ਤੇ, ਪੂਰੇ ਪਰਿਵਾਰ ਨੇ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ। ਜਦ ਉਹ ਅੰਦਰ ਆਏ ਤਾਂ ਗੇਟ ਤੇ ਅੰਦਰਵਾਰ ਖੱਬੇ ਪਾਸੇ ਰੱਖੇ ਗਮਲਿਆਂ ਵਲ ਤੱਕ ਕੇ, ਪਹਿਲਾਂ, ਓਧਰ ਕੁਦਰਤ ਵਲ ਨੂੰ ਹੀ ਹੋ ਤੁਰੇ।

ਪਰਿਵਾਰ ਮਹਾਂਪੁਰਖਾਂ ਦੇ ਮਗਰ-ਮਗਰ ਸੀ ਤੇ ਆਪ ਇਹ ਉਨ੍ਹਾਂ ਦੇ ਸੱਜੇ ਹੱਥ, ਥੋੜ੍ਹਾ ਪਿੱਛੇ ਹੋ ਤੁਰ ਰਿਹਾ ਸੀ। ਮਹਾਂਪੁਰਖਾਂ ਨੇ ਬੂਟੇ ਨਿਹਾਰੇ ਤੇ ਅੱਗੇ ਤੁਰਦੇ ਗਏ। ਹੋਰ ਅਗਾਂਹ ਆਇਆਂ ਉਨ੍ਹਾਂ ਦਾ ਧਿਆਨ ਉਸ, ਪੱਥਰ ਦੇ ਖੂੰਜੇ ਵਿੱਚ ਸੋਹਣੇ ਖਿੜੇ ਬੂਟੇ ’ਤੇ ਪਿਆ। ਆਖਣ ਲੱਗੇ, ਉਬਈ ਇਹ ਬੂਟਾ ਬੜਾ ਸੋਹਣਾ ਐ।” ਉਮ੍ਹਾਰਾਜ ਜੀ! ਇਹਦੀ ਦੇਖ-ਭਾਲ ਗਮਲਿਆਂ ਵਿੱਚ ਉੱਗੇ ਬੂਟਿਆਂ ਨਾਲੋਂ ਜਿਆਦਾ ਕਰੀਦੀ ਆ ਜੀ। ਉਨ੍ਹਾਂ ਨੂੰ ਤਾਂ ਕਿਉਂਕਿ ਪਾਣੀ ਵੀ ਸੌਖਾ ਪੈ ਜਾਂਦਾ। ਇਹਦੀਆਂ ਜੜ੍ਹਾਂ ਤੱਕ ਤਾਂ ਬੜੇ ਢੰਗ ਨਾਲ ਪਾਣੀ ਪਹੁੰਚਦਾ ਕਰੀਦਾ ਜੀ। ਖਾਦ ਵੀ ਪਾਣੀ ਵਿੱਚ ਘੋਲ ਕੇ, ਕਈ ਵਾਰ, ਇਦ੍ਹੀਆਂ ਜੜ੍ਹਾਂ ਤੱਕ ਪਹੁੰਚਦੀ ਕਰੀਦੀ ਆ, ਮ੍ਹਾਰਾਜ ਜੀ!” ਬੜੇ ਸਲੀਕੇ ਨਾਲ ਇਸ ਨੇ ਦੱਸਿਆ।

ਗੱਲ ਸੁਣਦਾ, ਖੂੰਜੇ ਵਿੱਚ ਉੱਗਿਆ ਬੂਟਾ, ਸਾਫ਼ ਨੀਲੇ ਅਸਮਾਨ ਵਿੱਚ ਚਮਕਦੇ ਸੂਰਜ ਵੱਲ ਵੇਖ ਕੇ ਹੱਸ ਪਿਆ।

# ਕੀ 'ਬਹੁਮੁਲੇ ਖਜ਼ਾਨੇ' ਦੇ ਨਾਂ 'ਤੇ ਕੌਮ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ?



ਜਸਵੰਤ ਸਿੰਘ 'ਅਜੀਤ'
91 9 827-19890

ਜਦੋਂ ਵੀ ਸ੍ਰੀ ਦਰਬਾਰ ਸਾਹਿਬ ਪੁਰ ਹੋਏ ਫੌਜੀ ਹਮਲੇ (ਨੀਲਾ ਤਾਰਾ ਸਾਕੇ) ਦੀ ਵਰ੍ਹੇਗੰਢ ਆਉਂਦੀ ਹੈ, ਉਦੋਂ ਹੀ ਇੱਕ ਪਾਸੇ ਨੀਲਾਤਾਰਾ ਸਾਕੇ ਦੀ ਯਾਦ ਮਨਾਉਂਦਿਆਂ, ਇਸਦੇ ਲਈ ਦੋਸ਼ੀਆਂ ਨੂੰ ਕੋਸਿਆ ਜਾਂਦਾ ਹੈ ਅਤੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁਖੀਆਂ, ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਸਿੰਘ ਬਾਦਲ ਵਲੋਂ ਸਿੱਖ ਰੇਫਰੇਂਸ ਲਾਇਬ੍ਰੇਰੀ ਦੇ ਬਹੁਮੁਲੇ ਖਜ਼ਾਨੇ ਦੀ 'ਵਾਪਸੀ' ਦੀ ਮੰਗ ਕਰਨ ਲਈ ਕਦੀ ਪ੍ਰਧਾਨ ਮੰਤਰੀ, ਕਦੀ ਰਖਿਆ ਮੰਤਰੀ ਅਤੇ ਕਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤਾਂ ਕੀਤੇ ਜਾਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਕਾਲੀ ਰਾਜਨੀਤੀ ਨਾਲ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਸ਼ਾਇਦ ਇਨ੍ਹਾਂ ਮੁਲਾਕਾਤਾਂ ਦੀਆਂ ਖਬਰਾਂ ਸ੍ਰੀ ਦਰਬਾਰ ਸਾਹਿਬ ਪੁਰ ਹੋਏ ਫੌਜੀ ਹਮਲੇ ਦੇ ਲਈ ਜ਼ਿਮੇਂਦਾਰਾਂ ਵਿੱਚ, ਸ. ਪ੍ਰਕਾਸ਼ ਸਿੰਘ ਬਾਦਲ ਦਾ ਜੋ ਨਾਂ ਗੂੰਜਦਾ ਹੈ, ਉਸ ਵਲੋਂ ਲੋਕਾਂ ਦਾ ਧਿਆਨ ਹਟਾਣ ਦੀ ਕੋਸ਼ਿਸ਼ ਹੁੰਦੀ ਹੈ।

ਇਹ ਰਾਜਸੀ ਮਾਹਿਰ ਦਸਦੇ ਹਨ ਕਿ ਬੀਤੇ ਵਰ੍ਹੇ ਵੀ ਇਨ੍ਹਾਂ ਹੀ ਦਿਨਾਂ ਵਿੱਚ ਖਬਰ ਆਈ ਸੀ, ਜਿਸ ਵਿੱਚ ਦਸਿਆ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕੇਂਦ੍ਰੀ ਗ੍ਰਹਿ ਮੰਤ੍ਰੀ ਸ਼੍ਰੀ ਅਮਿਤ ਸ਼ਾਹ ਦੇ ਨਾਲ ਮੁਲਾਕਾਤ ਕਰ, ਉਨ੍ਹਾਂ ਪਾਸੋਂ ਮੰਗ ਕੀਤੀ ਹੈ ਕਿ ਜੂਨ-੧੯੮੪ ਦੇ ਅਰੰਭ ਵਿੱਚ ਜਦੋਂ ਭਾਰਤੀ ਸੈਨਾ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਪੁਰ ਹਮਲਾ ਕੀਤਾ ਸੀ, ਉਸ ਦੌਰਾਨ ਉਹ (ਭਾਰਤੀ ਸੈਨਾ) ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚ ਸੁਰਖਿਅਤ ਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਆਦਿ ਨਾਲ ਸੰਬੰਧਤ ਬਹੁਮੁਲਾ ਦਸਤਾਵੇਜ਼ੀ ਖਜ਼ਾਨਾ ਟਰੱਕਾਂ ਵਿੱਚ ਭਰ ਕੇ ਲੈ ਗਈ ਸੀ। ਉਹ ਬਹੁਮੁਲਾ ਖਜ਼ਾਨਾ ਹੁਣ ਤਕ ਸਿੱਖ ਜਗਤ ਨੂੰ ਵਾਪਸ ਨਹੀਂ ਕੀਤਾ ਗਿਆ, ਜੋ ਜਲਦੀ ਤੋਂ ਜਲਦੀ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸਦੇ ਨਾਲ ਹੀ ਇਹ ਖਬਰ ਵੀ ਆ ਗਈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸੇ ਦਿਨ ਪ੍ਰਦਰਸ਼ਨ ਕਰ, ਕੇਂਦ੍ਰੀ ਗ੍ਰਹਿ ਮੰਤ੍ਰੀ ਸ਼੍ਰੀ ਅਮਿਤ ਸ਼ਾਹ ਪਾਸੋਂ ਸਿੱਖ ਰੇਫਰੇਂਸ ਲਾਇਬ੍ਰੇਰੀ ਦੇ ਬਹੁਮੁਲੇ ਖਜ਼ਾਨੇ ਦੀ ਵਾਪਸੀ ਦੀ, ਮੰਗ ਕੀਤੀ ਹੈ ਅਤੇ ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸੇ ਉਦੇਸ਼ ਨੂੰ ਲੈ ਕੇ ਸ਼੍ਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ। ਅਜੇ ਇਨ੍ਹਾਂ ਖਬਰਾਂ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਇਹ ਖਬਰ ਆ ਗਈ ਕਿ ਭਾਰਤੀ ਸੈਨਾ ਨੇ ਸਿੱਖ ਰੇਫਰੇਂਸ ਲਾਇਬ੍ਰੇਰੀ ਦਾ ਸਮੁਚਾ ਦਸਤਾਵਜ਼ੀ ਖਜ਼ਾਨਾ, ਜੋ ਨੀਲਾਤਾਰਾ ਸਾਕੇ ਦੌਰਾਨ ਉਹ ਲੈ ਗਈ ਸੀ, ਉਹ ਉਸਨੇ ੨੯ ਸਤੰਬਰ ੧੯੮੪ ਤੋਂ ਲੈ ਕੇ ੨੮ ਦਸੰਬਰ ੧੯੯੦, ਦੇ ਸਮੇਂ ਦੌਰਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੱਤ ਕਿਸ਼ਤਾਂ ਵਿੱਚ ਵਾਪਸ ਕਰ ਦਿੱਤਾ ਹੈ, ਜਿਸਦੀਆਂ ਰਸੀਦਾਂ ਉਸ ਪਾਸ ਮੌਜੂਦ ਹਨ। ਇਤਨਾ ਹੀ ਨਹੀਂ, ਇਸਦੇ ਨਾਲ ਹੀ ਇਹ ਖਬਰ ਵੀ ਆ ਗਈ ਕਿ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚ ਸੁਰਖਿਅਤ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਬੀੜ, ਜਿਸ ਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਹਨ, ਵਿਦੇਸ਼ ਵਿੱਚ ਕਿਸੇ ਦੇ ਹੱਥ ੧੨ ਕਰੋੜ ਰੁਪਿਆਂ ਵਿੱਚ ਵੇਚ ਦਿੱਤੀ ਗਈ ਹੈ।



ਹੈਰਾਨੀ ਤਾਂ ਇਸ ਗਲ ਦੀ ਹੈ ਕਿ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚ ਸੁਰਖਿਅਤ ਰਹੇ, ਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਆਦਿ ਨਾਲ ਸੰਬੰਧਤ ਖਜ਼ਾਨੇ, ਜੋ ਨੀਲਾਤਾਰਾ ਸਾਕੇ ਦੌਰਾਨ ਸੈਨਾ ਲੈ ਗਈ ਸੀ, ਦੀ ਵਾਪਸੀ ਸ਼ੁਰੂ ਹੋ ਜਾਣ ਅਤੇ ਉਸਦੇ ਸਮੁਚੇ ਰੂਪ ਵਿੱਚ ਵਾਪਸ ਮਿਲ ਜਾਣ ਦੇ ਬਾਅਦ ਵੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸਦੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਮੁੱਖੀਆਂ ਵਲੋਂ ਲਗਾਤਾਰ ਇਹ ਪ੍ਰਚਾਰ ਕੀਤਾ ਜਾਂਦਾ ਚਲਿਆ ਆ ਰਿਹਾ ਹੈ ਕਿ ਉਹ ਇਸ ਖਜ਼ਾਨੇ ਦੀ ਵਾਪਸੀ ਲਈ ਸਰਕਾਰ ਪੁਰ ਦਬਾਉ ਬਣਾਂਦੇ ਚਲੇ ਆ ਰਹੇ ਹਨ। ਸ਼ਾਇਦ ਅਜਿਹਾ ਪ੍ਰਚਾਰ ਕਰਦਿਆਂ ਰਹਿਣ ਪਿਛੇ ਉਨ੍ਹਾਂ ਦਾ ਉਦੇਸ਼ ਲੋਕਾਂ ਵਿੱਚ ਇਹ ਪ੍ਰਭਾਵ ਬਣਾਈ ਰਖਣਾ ਸੀ ਕਿ ਵਾਪਸ ਆ ਗਏ ਖਜ਼ਾਨੇ ਨੂੰ ਖੁਰਦ-ਬੁਰਦ ਕੀਤੇ ਜਾਣ ਦੀਆਂ ਜੋ ਕੋਸ਼ਿਸ਼ਾਂ ਉਨ੍ਹਾਂ ਵਲੋਂ ਕੀਤੀਆਂ ਗਈਆਂ ਹਨ, ਉਨ੍ਹਾਂ ਵਲ ਲੋਕਾਂ ਦਾ ਧਿਆਨ ਨਾ ਜਾ ਸਕੇ ਅਤੇ ਉਹ ਇਹੀ ਸਮਝਦੇ ਰਹਿਣ ਕਿ ਅੱਜੇ ਤਕ ਸੰਬੰਧਤ ਖਜ਼ਾਨਾ ਸਰਕਾਰ ਪਾਸ ਹੀ ਹੈ ਤੇ ਉਹ ਵਾਪਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਹੀਂ ਮਿਲਿਆ। ਉਹ ਉਸਦੀ ਵਾਪਸੀ ਲਈ ਬਹੁਤ ਹੀ ਗੰਭੀਰ ਅਤੇ ਇਮਾਨਦਾਰ ਹਨ। ਇਸੇ ਸਮੇਂ ਦੇ ਦੌਰਾਨ ਇਹ ਸਮਾਚਾਰ ਵੀ ਪ੍ਰਸਾਰਤ ਕੀਤਾ ਜਾਂਦਾ ਰਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜ. ਗੁਰਚਰਨ ਸਿੰਘ ਟੋਹੜਾ ਅਤੇ ਸ. ਅਵਤਾਰ ਸਿੰਘ ਮਕੱੜ ਦੇ ਪ੍ਰਧਾਨਗੀ-ਕਾਲ ਦੌਰਾਨ ਸੁਪ੍ਰੀਮ ਕੋਰਟ ਵਿੱਚ ਇੱਕ ਮੁਕਦਮਾ ਦਾਇਰ ਕਰ ਸਰਕਾਰ ਪਾਸੋਂ ਮੰਗ ਕੀਤੀ ਗਈ ਹੈ ਕਿ ਨੀਲਾਤਾਰਾ ਸਾਕੇ ਦੌਰਾਨ ਸਿੱਖ ਰੇਫਰੇਂਸ ਲਾਇਬ੍ਰੇਰੀ ਵਿੱਚਲਾ ਸੁਰਖਿਅਤ, ਜੋ ਦਸਤਾਵੇਜ਼ੀ ਖਜ਼ਾਨਾ ਭਾਰਤੀ ਸੈਨਾ ਟਰਕਾਂ ਵਿੱਚ ਭਰ ਕੇ ਲੈ ਗਈ ਸੀ, ਉਸਨੂੰ ਸ਼੍ਰੋਮਣੀ ਕਮੇਟੀ ਨੂੰ ਵਾਪਸ ਨਾ ਕਰ, ਖੁਰਦ-ਬੁਰਦ ਕਰ ਦਿੱਤੇ ਜਾਣ ਕਾਰਣ, ਸਰਕਾਰ ਉਸਦੀ ਭਰਪਾਈ ਕਰਨ ਦੇ ਲਈ ਇੱਕ ਹਜ਼ਾਰ ਕਰੋੜ ਰੁਪਿਆ ਮੁਆਵਜ਼ੇ ਵਜੋਂ ਅਦਾ ਕਰੇ। ਇਸਦੇ ਨਾਲ ਹੀ ਇਹ ਵੀ ਦਸਿਆ ਜਾਂਦਾ ਰਿਹਾ ਕਿ ਅਦਾਲਤ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਪੁਰ ਸੁਣਵਾਈ ਤਾਂ ਹੀ ਕਰ ਸਕਦੀ ਹੈ, ਜੇ ਅਦਾਲਤੀ ਨਿਯਮਾਂ ਦੇ ਅਨੁਸਾਰ ਇਸਦੀ ਸੁਣਵਾਈ ਦੇ ਲਈ ਅਦਾਲਤੀ ਫੀਸ ਵਜੋਂ ਦਸ ਕਰੋੜ ਰੁਪਏ ਜਮਾ ਕਰਵਾਏ ਜਾਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਅਨੁਸਾਰ ਉਹ ਇਹ ਰਕਮ ਜਮ੍ਹਾ ਨਹੀਂ ਕਰਵਾ ਸਕੇ। ਇਸਦਾ ਕਾਰਣ ਉਨ੍ਹਾਂ ਇਹ ਦਸਿਆ ਕਿ ਸ਼੍ਰੋਮਣੀ ਕਮੇਟੀ ਇਤਨੀ ਵੱਡੀ ਰਕਮ ਜਮ੍ਹਾ ਕਰਵਾਏ ਜਾਣ ਦੇ ਸਮਰਥ ਨਹੀਂ। ਇਸਲਈ ਉਹ ਇਸ ਮਾਮਲੇ ਦੀ ਪੈਰਵੀ ਨਹੀਂ ਕਰ ਸਕਦੀ। ਦਸਿਆ ਗਿਆ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਮੁੱਖੀਆਂ ਨੇ ਇਤਨੀ ਵੱਡੀ ਰਕਮ ਜਮ੍ਹਾ ਕਰਵਾਏ ਜਾਣ ਦੇ ਮਾਮਲੇ ਵਿੱਚ ਆਪਣੇ ਹੱਥ ਖੜੇ ਕਰ ਦਿੱਤੇ ਸਨ, ਤਾਂ ਉਸ ਸਮੇਂ ਦਿੱਲੀ ਅਤੇ ਵਿਦੇਸ਼ਾਂ ਵਿਚਲੇ ਕਈ ਪਤਵੰਤੇ ਸਿੱਖਾਂ ਨੇ ਪੇਸ਼ਕਸ਼ ਕਰ ਦਿੱਤੀ ਕਿ ਜੇ ਅਕਾਲ ਤਖਤ ਤੋਂ ਆਦੇਸ਼ ਮਿਲੇ ਤਾਂ ਉਹ ਇਹ ਰਕਮ ਜਮ੍ਹਾ ਕਰਵਾ ਮਾਮਲੇ ਦੀ ਪੈਰਵੀ ਕਰਨ ਦੀ ਜ਼ਿਮੇਂਦਾਰੀ ਸੰਭਾਲਣ ਲਈ ਤਿਆਰ ਹਨ। ਪ੍ਰੰਤੂ ਨਾ ਤਾਂ ਅਕਾਲ ਤਖਤ ਦੇ ਜੱਥੇਦਾਰ ਨੇ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਕਿਸੇ ਮੁਖੀ ਨੇ ਉਨ੍ਹਾਂ ਸਿੱਖਾਂ ਵਲੋਂ ਕੀਤੀ ਗਈ ਪੇਸ਼ਕਸ਼ ਦਾ ਕੋਈ ਜਵਾਬ ਦਿੱਤਾ। ਸ਼ਾਇਦ ਇਸਦਾ ਕਾਰਣ ਇਹ ਹੀ ਸੀ ਕਿ ਜੇ ਪਤਵੰਤੇ ਸਿਖਾਂ ਨੇ ਇਸ ਮਾਮਲੇ ਦੀ ਪੈਰਵੀ ਕਰਨ ਦੀ ਜ਼ਿਮੇਂ-ਦਾਰੀ ਸੰਭਾਲ ਲਈ ਤਾਂ ਸਾਰਾ ਭੇਦ ਖੁਲ੍ਹ ਜਾਇਗਾ ਤੇ ਉਹ ਕਿਸੇ ਨੂੰ ਮੂੰਹ ਵਿਖਾਣ ਜੋਗੇ ਵੀ ਨਹੀਂ ਰਹਿਣਗੇ। ਹੁਣ ਜਦਕਿ ਇਹ ਖੁਲਾਸਾ ਹੋ ਗਿਆ ਹੈ ਕਿ ਭਾਰਤੀ ਸੈਨਾ ਨੇ ਤਾਂ ਸਿੱਖ ਰੇਫਰੇਂਸ ਲਾਇਬ੍ਰੇਰੀ ਦਾ ਸਾਰਾ ਹੀ ਬਹੁਮੁਲਾ ਖਜ਼ਾਨਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਸੀ, ਜਿਸਦੀਆਂ ਰਸੀਦਾਂ ਉਸ ਪਾਸ ਹਨ, ਤਾਂ ਇਹ ਸਵਾਲ ਉਠਣਾ ਸੁਭਾਵਕ ਹੈ ਕਿ ਆਖਿਰ ਉਹ ਖਜ਼ਾਨਾ ਗਿਆ ਕਿਥੇ?

ਕਿਧਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਵਾਲੀ ਹੱਥ-ਲਿਖਤ ਬੀੜ ਵਾਂਗ ਬਾਕੀ ਦਾ ਖਜ਼ਾਨਾ ਵੀ ਤਾਂ ਵੇਚ ਨਹੀਂ ਦਿੱਤਾ ਗਿਆ? ਜੇ ਨਹੀਂ ਵੇਚਿਆ ਗਿਆ ਤਾਂ ਕਿਥੇ ਹੈ ਉਹ ਖਜ਼ਾਨਾ? ਇਸ ਸਵਾਲ ਦਾ ਜਵਾਬ ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਦੇ ਮੁੱਖੀਆਂ ਨੂੰ ਜਨਤਾ ਦੀ ਅਦਾਲਤ ਵਿੱਚ ਦੇਣਾ ਹੀ ਹੋਵੇਗਾ! ਅੱਜ ਦੇਣ ਜਾਂ ਕਲ੍ਹ? ਇਧਰ ਜਦੋਂ ਤੋਂ ਬਹੁਮੁਲੇ ਦਸਤਾਵੇਜ਼ੀ ਖਜ਼ਾਨਾ ਵਾਪਸ ਕਰ ਦਿੱਤੇ ਜਾਣ ਦਾ ਖੁਲਾਸਾ ਹੋਇਆ ਹੈ, ਸਿੱਖ ਜਗਤ ਵਿੱਚ ਇਹ ਚਰਚਾ ਜ਼ੋਰ ਪਕੜਦੀ ਚਲੀ ਜਾ ਰਹੀ ਹੈ ਕਿ ਆਖਰ ਉਹ ਕੌਣ ਲੋਕ ਹਨ, ਜਿਨ੍ਹਾਂ ਨੇ ਸਿੱਖ ਪੰਥ ਦੇ ਨਾਲ ਇਤਨਾ ਵੱਡਾ ਵਿਸ਼ਵਾਸਘਾਤ ਕਰਨ ਦੀ ਦਲੇਰੀ ਕੀਤੀ ਹੈ?

...ਅਤੇ ਅੰਤ ਵਿੱਚ : ਬੀਤੇ ਦਿਨੀਂ ਇੱਕ ਪੁਰਾਣੇ ਪਤ੍ਰਕਾਰ ਮਿੱਤਰ ਨਾਲ ਅਚਾਨਕ ਮੁਲਾਕਾਤ ਹੋ ਗਈ ਤਾਂ ਉਸਨੇ ਅੱਗੇ-ਪਿੱਛੇ ਦੀਆਂ ਗਲਾਂ ਕਰਦਿਆਂ ਦਸਿਆ ਕਿ ਕਾਫੀ ਸਮਾਂ ਹੋਇਆ ਹੈ ਕਿ ਉਸਦੀ ਮੁਲਾਕਾਤ ਨਵੇਂ-ਨਵੇਂ ਬਣੇ ਇੱਕ ਅਕਾਲੀ ਮੁਖੀ ਨਾਲ ਪੰਜ-ਤਾਰਾ ਹੋਟਲ ਵਿੱਚ ਹੋ ਗਈ ਸੀ। ਇਧਰ-ਉਧਰ ਦੀਆਂ ਗਲਾਂ ਕਰਦਿਆਂ ਅਚਾਨਕ ਹੀ ਉਸਨੇ ਪੁਛ ਲਿਆ ਕਿ ਅਕਾਲੀ ਦਲ ਵਿੱਚ ਆਪਣੇ ਪੈਰ ਮਜ਼ਬੂਤੀ ਨਾਲ ਕਿਵੇਂ ਟਿਕਾਈ ਰਖੇ ਜਾ ਸਕਦੇ ਹਨ? ਇਹ ਪੁਛੇ ਜਾਣ 'ਤੇ ਉਹ ਉਸਨੂੰ ਇਹ ਕਹੇ ਬਿਨਾ ਨਾ ਰਹਿ ਸਕਿਆ ਕਿ ਜਦੋਂ ਤਕ 'ਉਪਰ' ਲਿਫਾਫਾ ਪਹੁੰਚਾਂਦੇ ਰਹੋਗੇ, 'ਉਪਰ' ਵਾਲਿਆਂ ਦੀਆਂ ਨਜ਼ਰਾਂ ਦਾ ਤਾਰਾ ਬਣੇ ਰਹੋਗੇ, ਜਦੋਂ ਲਿਫਾਫਾ ਪਹੁੰਚਾਣਾ ਬੰਦ ਕੀਤਾ, ਉਸੇ ਦਿਨ ਨਜ਼ਰਾਂ ਵਿਚੋਂ ਪੈਰਾਂ ਵਿੱਚ ਆ ਜਾਉਗੇ। ਇਹ ਗਲ ਉਸ ਪਲੇ ਬੰਨ੍ਹ ਲਈ; ਸ਼ਾਇਦ ਇਸੇ ਲਿਫਾਫੇ ਦੇ ਸਹਾਰੇ ਹੀ ਉਹ 'ਉਪਰਲਿਆਂ' ਦੀ ਨਜ਼ਰ ਵਿੱਚ ਟਿਕਿਆ ਚਲਿਆ ਆ ਰਿਹਾ ਹੈ ਅਤੇ 'ਉਪਰਲੇ' ਉਸਦੀਆਂ ਆਪਹੁਦਰੀਆਂ, ਜੋ ਪਾਰਟੀ ਲਈ ਘਾਤਕ ਸਾਬਤ ਹੋ ਰਹੀਆਂ ਹਨ, ਨੂੰ 'ਮਾਤਾ ਦੇ ਦੁਧ' ਵਾਂਗ ਪੀ ਰਹੇ ਹਨ।

# ਇਤਿਹਾਸਕ ਇਮਾਰਤਾਂ ਦੇ ਮਾਡਲਾਂ ਦਾ ਰਚੇਤਾ ਅਤੇ ਬਹੁ-ਪੱਖੀ ਕਲਾਕਾਰ- ਸੁਖਵਿੰਦਰ ਮੁਲਤਾਨੀਆ



ਮਨਜੀਤ ਸਿੰਘ ਜੀਤ
91-95016-15511

ਬਹੁਤ ਘੱਟ ਦੇਖਣ ਵਿਚ ਆਉਂਦਾ ਹੈ ਕਿ ਸਾਡੇ ਸਮਾਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਪੁਰਾਤਨ ਵਿਰਸੇ ਜਾਂ ਪੁਰਾਤਨ ਚੀਜ਼ਾਂ ਦਾ ਗਿਆਨ ਹੋਵੇ। ਹੁਣ ਤੋਂ ਪੰਜਾਹ ਸੱਠ ਸਾਲ ਪਹਿਲਾਂ ਦੀਆਂ ਘਰਾਂ ਵਿਚਲੀਆਂ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਹੁਣ ਦੀ ਨਵੀਂ ਨੌਜਵਾਨ ਪੀੜ੍ਹੀ ਨੇ ਨਹੀਂ ਦੇਖੀਆਂ।

ਆਪਣੇ ਵਿਰਸੇ ਤੋਂ ਹਟ ਕੇ, ਵਿਦੇਸ਼ੀ ਚੀਜ਼ਾਂ ਅਤੇ ਖਾਣਿਆਂ ਵੱਲ ਰੁਚੀ ਹੋਣਾ ਜਾਂ ਨਸ਼ਿਆਂ ਦੇ ਰੁਝਾਨ ਨੇ ਸਾਡੇ ਨੌਜਵਾਨ ਤਬਕੇ ਨੂੰ ਕੁਰਾਹੇ ਪਾਇਆ ਹੋਣ ਕਰਕੇ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।

ਅਜਿਹੇ ਮਾਹੌਲ ਵਿਚ ਪੰਜਾਬ ਦੀ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਕੰਮ ਕੁਝ ਕੁ ਸੰਵੇਦਨਸ਼ੀਲ ਕਲਾਕਾਰ ਕਿਸਮ ਦੇ ਬੰਦੇ ਸੁੱਤੇ ਸਿੱਧ ਕਰ ਰਹੇ ਹਨ, ਭਾਵੇਂ ਕਿ ਉਹ ਸੁਚੇਤ ਤੌਰ ਤੇ ਆਪਣੇ ਹੀ ਮਨ ਦੀ ਖੁਸ਼ੀ ਲਈ ਕਰ ਰਹੇ ਹੋਣ ਪਰ ਹੁਣ ਦੇ ਨੌਜਵਾਨ ਮੁੰਡੇ-ਕੁੜੀਆਂ ਪ੍ਰਤੱਖ ਰੂਪ ਵਿਚ ਪੁਰਾਤਨ ਚੀਜ਼ਾਂ ਅਤੇ ਕਲਾਕ੍ਰਿਤਾਂ ਨੂੰ ਦੇਖ ਕੇ ਆਪਣੇ ਵਿਰਸੇ ਨਾਲ ਜੁੜ ਸਕਦੇ ਹਨ। ਅਜਿਹੇ ਨਿਵੇਕਲੇ ਤੇ ਵਿਰਲੇ ਬੰਦਿਆਂ ਵਿਚੋਂ ਮੈਂ ਅੱਜ ਤੁਹਾਡਾ ਤਆਰਫ ਇਕ ਬਹੁ-ਪੱਖੀ ਕਲਾਕਾਰ ਨਾਲ ਕਰਵਾ ਰਿਹਾ ਹਾਂ, ਜਿਸਦਾ ਨਾਮ ਸੁਖਵਿੰਦਰ ਸਿੰਘ ਹੈ। ਬਠਿੰਡਾ ਸ਼ਹਿਰ ਦੇ ਬਿਲਕੁਲ ਨਾਲ ਮੁਲਤਾਨੀਆਂ ਪਿੰਡ ਵਿਚ ਰਹਿਣ ਵਾਲੇ ਇਸ ਕਲਾਕਾਰ ਦਾ ਰੋਜ਼ੀ ਰੋਟੀ ਦਾ ਸਾਧਨ ਭਾਵੇਂ ਸਿੱਖਿਆ ਵਿਭਾਗ ਵਿਚ ਸਕੂਲ ਅਧਿਆਪਕ ਦਾ ਹੈ ਪਰ ਨੌਕਰੀ ਤੋਂ ਬਾਅਦ ਬਾਕੀ ਦਾ ਸਾਰਾ ਸਮਾਂ ਕਲਾਕ੍ਰਿਤਾਂ ਨੂੰ ਰੂਪਮਾਨ ਕਰਨ ਵਿਚ ਲਾ ਦਿੰਦਾ ਹੈ। ਇਹ ਸਾਧਨਾ ਉਹ ਆਪਣੀ ਲਗਨ ਅਤੇ ਬਿਨਾਂ ਕਿਸੇ ਲਾਲਚ ਜਾਂ ਕਮਾਈ ਤੋਂ ਸਿਰਫ ਆਪਣੀ ਮਨ ਦੀ ਖੁਸ਼ੀ ਲਈ ਕਰ ਰਿਹਾ ਹੈ।

1971 ਵਿਚ ਪਿਤਾ ਸ੍ਰੀ ਮਾਤਾ ਰਾਮ ਦੇ ਘਰ ਪੈਦਾ ਹੋਏ ਸੁਖਵਿੰਦਰ ਸਿੰਘ ਨੇ ਬੀ. ਏ., ਸੀ. ਪੀਐੱਡ ਤੱਕ ਦੀ ਪੜ੍ਹਾਈ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਕੀਤੀ। ਬਚਪਨ ਵਿਚ ਪ੍ਰਾਇਮਰੀ ਟੀਚਰ ਮਹਿੰਦਰ ਸਿੰਘ ਨਰੂਆਣਾ ਨੇ ਕਲਮ ਦਵਾਤ ਨਾਲ ਲਿਖਣ ਸਿਖਾਇਆ। ਫਿਰ ਛੇਵੀਂ ਜਮਾਤ ਵਿਚ ਆਉਣ ਸਾਰ ਮਾ: ਸੁਰਿੰਦਰ ਸਿੰਘ ਨੇ ਰੰਗਾਂ ਤੇ ਬੁਰਸ਼ ਨਾਲ ਸਕੂਲ ਵਿਚ ਕਲਾਸਾਂ ਤੇ ਨੰਬਰ ਤੇ ਦਾਨੀ ਪੁਰਸ਼ਾਂ ਦੇ ਨਾਮ ਲਿਖਵਾਏ, ਜਿਸ ਕਰਕੇ ਲਿਖਣ ਦਾ ਹੁਨਰ ਸਿੱਖਿਆ ਤੇ ਬਾਕੀ ਦਾ ਸਾਰਾ ਕੰਮ ਖੁਦ ਹੀ ਆਪਣੀ ਲਗਨ ਸਦਕਾ ਸਿੱਖ ਲਿਆ। ਘਰ ਵਿਚ ਵੱਡਾ ਭਰਾ ਪੇਂਟਿੰਗ ਤੇ ਕੰਮ ਦਾ ਮਾਹਰ ਹੋਣ ਕਰਕੇ ਪੇਂਟਿੰਗ ਤੇ ਤਸਵੀਰਾਂ ਬਣਾਉਣ ਦਾ ਕੰਮ ਦੇਖ-ਦੇਖ ਕੇ ਹੀ ਸਿੱਖ ਲਿਆ।



ਸੁਖਵਿੰਦਰ ਸਿੰਘ ਨੇ ਹੁਣ ਤੱਕ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀਆਂ ਬਹੁਤ ਸਾਰੀਆਂ ਪੇਂਟਿੰਗ ਬਣਾਈਆਂ ਹਨ ਅਤੇ ਬਠਿੰਡਾ ਸ਼ਹਿਰ ਦੀਆਂ ਵਿਰਾਸਤੀ ਥਾਵਾਂ ਦੀਆਂ ਤਸਵੀਰਾਂ ਜਿਵੇਂ ਬਠਿੰਡੇ ਦਾ ਕਿਲ੍ਹਾ, ਬਿਜਲੀ ਤਾਪ ਘਰ ਦੀਆਂ ਤਸਵੀਰਾਂ ਵੀ ਬਣਾ ਲਈਆਂ ਹਨ। ਇਹ ਸਾਰੀਆਂ ਤਸਵੀਰਾਂ ਆਇਲ ਕਲਰ ਵਿਚ ਬਣੀਆਂ ਹੋਈਆਂ ਹਨ।

2001 ਵਿਚ ਵਿਆਹ ਹੋਣ ਤੋਂ ਬਾਅਦ ਘਰ ਵਿਚ ਬਟਰਿੰਗ ਤੇ ਲੱਕੜ ਦਾ ਪਿਤਾ ਦਾ ਕਾਰੋਬਾਰ ਹੋਣ ਕਰਕੇ ਆਪਣੇ ਪਿਤਾ ਨਾਲ ਉਸ ਕੰਮ ਵਿਚ ਸਹਿਯੋਗ ਦੇਣ ਦੇ ਨਾਲ ਨਾਲ ਆਪਣੀ ਸੁਪਤਨੀ ਬਲਵਿੰਦਰ ਕੌਰ ਨਾਲ ਮਿਲ ਕੇ ਘਰ ਸਜਾਉਣ ਦੀ ਇੱਛਾ ਨਾਲ ਗਮਲੇ ਬਣਾਏ ਤੇ ਵੱਖ-ਵੱਖ ਡਿਜ਼ਾਇਨ ਦੇ ਗਮਲੇ ਬਣਾ ਕੇ ਘਰ ਨੂੰ ਸਜਾਇਆ। ਸੁਖਵਿੰਦਰ ਸਿੰਘ ਨੂੰ ਗਮਲੇ ਬਣਾਉਂਦਿਆਂ ਬਠਿੰਡਾ ਦੇ ਕਿਲ੍ਹੇ ਦਾ ਮਾਡਲ ਬਣਾਉਣ ਦਾ ਫੁਰਨਾ ਫੁਰਿਆ ਤੇ ਮਾਡਲ ਬਣਾਉਣਾ ਸ਼ੁਰੂ ਕਰ ਦਿੱਤਾ, ਅਣਥੱਕ ਮਿਹਨਤ ਨਾਲ ਚਾਰ ਮਹੀਨਿਆਂ ਵਿਚ ਪੂਰਾ ਹੋਇਆ।

ਕਿਲ੍ਹੇ ਦਾ ਮਾਡਲ ਬਣਾਉਣ ਲਈ ਸੋਚਣ ਵਿਚ ਅਤੇ ਕਿਲੇ ਦੀ ਸਾਰੀ ਇਮਾਰਤ ਦਾ ਅੰਦਰੋਂ ਬਾਹਰੋਂ, ਚਾਰ ਚੁਫੇਰਿਉਂ ਬਰੀਕੀ ਨਾਲ ਅਧਿਐਨ ਕਰਨ ਵਿਚ ਦਸ ਸਾਲ ਦਾ ਸਮਾਂ ਲੱਗ ਗਿਆ, ਫਿਰ 2014 ਵਿਚ ਜਦੋਂ ਸ਼ੁਰੂ ਕੀਤਾ ਤਾਂ ਹਰ ਰੋਜ਼ 15-15 ਘੰਟੇ ਲਗਾਤਾਰ ਕੰਮ ਕੀਤਾ। ਚਾਰ ਮਹੀਨਿਆਂ ਵਿਚ ਲਾਖ ਅਤੇ ਐਮ ਸੀਲ ਨਾਲ ਕਿਲ੍ਹੇ ਦਾ ਮਾਡਲ ਤਿਆਰ ਹੋ ਗਿਆ ਜੋ ਅੱਜ ਤੱਕ ਇਸ ਕਿਲ੍ਹੇ ਦਾ ਮਾਡਲ ਹੋਰ ਕਿਸੇ ਨੇ ਨਹੀਂ ਬਣਾਇਆ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਮਾਡਲ ਤਿਆਰ ਕਰਨ ਵਿਚ ਦਿਹਾੜੀਆਂ ਅਤੇ ਕੁੱਲ ਸਮੱਗਰੀ ਦਾ ਖਰਚਾ ਮਿਲਾ ਕੇ ਇਕ ਲੱਖ ਦੇ ਕਰੀਬ ਹੋਇਆ ਜੋ ਉਸਨੇ ਆਪਣੇ ਘਰੋਂ ਹੀ ਕੀਤਾ। ਇਸ ਤੋਂ ਇਲਾਵਾ ਉਹ ਇਕ ਤੋਪ ਦਾ ਮਾਡਲ ਵੀ ਬਣਾ ਰਿਹਾ ਹੈ।

ਸੁਖਵਿੰਦਰ ਸਿੰਘ ਨੇ ਲੱਕੜ ਦੀ ਨਕਾਸ਼ੀ ਕਰਕੇ ਵੀ ਕਈ ਪੰਛੀਆਂ ਦੇ ਮਾਡਲ ਤਿਆਰ ਕੀਤੇ ਹਨ, ਜਿਹਨਾਂ ਵਿਚੋਂ ਉਹਨਾਂ ਦੀ ਸਰੀਰਕ ਲੈਅ ਬਿਲਕੁਲ ਉਵੇਂ ਜਿਵੇਂ ਪ੍ਰਤੀਤ ਹੁੰਦੀ ਹੈ।

ਪੰਜਾਬੀ ਸਭਿਆਚਾਰ ਨਾਲ ਸਬੰਧਤ ਬਹੁਤ ਸਾਰੀਆਂ ਪੁਰਾਣੀਆਂ ਵਸਤਾਂ ਜਿਵੇਂ ਲੈਂਪ, ਲਾਲਟੈਨ, ਜੱਗ, ਕੇਤਲੀਆਂ, ਸੁਰਾਹੀਆਂ, ਗਾਗਰਾਂ ਅਤੇ ਆਪਣੇ ਹੱਥਾਂ ਦੇ ਬਣੇ ਖੂੰਡੇ ਇਕੱਠੇ ਕਰਕੇ ਰੱਖੇ ਹੋਏ ਹਨ।

ਪੈਰਿਸ ਦਾ ਟਾਵਰ, ਹਰਮੰਦਿਰ ਸਾਹਿਬ ਅਤੇ ਤਾਜ ਮਹਿਲ ਦੇ ਖੂਬਸੂਰਤ ਮਾਡਲ ਬਣਾ ਕੇ ਘਰ ਵਿਚ ਰੱਖੇ ਹੋਏ ਹਨ। ਇਹ ਸਾਰਾ ਸਮਾਨ ਰੱਖਣ, ਸੰਭਾਲਣ ਲਈ ਘਰ ਦੇ ਦੋ ਕਮਰੇ ਇਹਨਾਂ ਵਿਰਾਸਤੀ ਚੀਜ਼ਾਂ ਲਈ ਹੀ ਸਮਰਪਿਤ ਕੀਤੇ ਹੋਏ ਹਨ।

ਇਹਨਾਂ ਸਾਰੀਆਂ ਚੀਜ਼ਾਂ ਨੂੰ ਲੱਭ ਕੇ ਇਕੱਠੀਆਂ ਕਰਨ ਅਤੇ ਤਿਆਰ ਕਰਨ ਵਿਚ ਸੁਖਵਿੰਦਰ ਸਿੰਘ ਦੀ ਸੁਪਤਨੀ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਸੁਖਵਿੰਦਰ ਸਿੰਘ ਸਕੂਲਾਂ ਵਿਚ, ਬੱਚਿਆਂ ਦੀ ਹਾਜ਼ਰੀ ਵਿਚ ਵੀ ਮਾਡਲ ਤਿਆਰ ਕਰਦਾ ਹੈ ਅਤੇ ਸਾਇੰਸ ਮੇਲਿਆਂ ਵਿਚ ਇਹਨਾਂ ਦੀ ਪ੍ਰਦਰਸ਼ਨੀ ਲਾਈ ਜਾਂਦੀ ਹੈ। ਵਿਰਾਸਤੀ ਮੇਲੇ ਵਿਚ ਅਤੇ ਘਰ ਆ ਕੇ ਬਹੁਤ ਲੋਕਾਂ ਨੇ ਸੁਖਵਿੰਦਰ ਸਿੰਘ ਦੇ ਕੰਮ ਅਤੇ ਕਲਾ ਦੀ ਸ਼ਲਾਘਾ ਕੀਤੀ ਹੈ।

ਸੁਖਵਿੰਦਰ ਸਿੰਘ ਵਰਗੇ ਕਲਾਕਾਰ ਸੁੱਤੇ ਸਿੱਧ ਸਾਨੂੰ ਆਪਣੇ ਪਿਛੋਕੜ ਅਤੇ ਵਿਰਸੇ ਨਾਲ ਜੋੜੀ ਰੱਖਦੇ ਹਨ। ਉਹ ਆਪਣੇ ਮਨ ਦੀ ਖੁਸ਼ੀ ਤਾਂ ਤਲਾਸ਼ਦੇ ਹਨ, ਨਾਲੋ ਨਾਲ ਸਾਡੇ ਗਿਆਨ ਵਿਚ ਵੀ ਵਾਧਾ ਕਰਦੇ ਹਨ। ਅਜਿਹੇ ਵਿਰਲੇ ਬੰਦੇ ਹੀ ਹੁੰਦੇ ਹਨ ਜੋ ਨਿਰਲੇਪ ਰਹਿ ਕੇ ਆਪਣੀ ਮਿਹਨਤ ਅਤੇ ਲਗਨ ਨਾਲ ਸਾਡੇ ਵਿਰਸੇ ਦੀ ਸੰਭਾਲ ਕਰਦੇ ਹਨ।

ਸਮੇਂ ਦੀਆਂ ਸਰਕਾਰਾਂ, ਸਭਿਆਚਾਰਕ ਸੰਸਥਾਵਾਂ ਅਤੇ ਹੋਰ ਕਲੱਬਾਂ ਤੋਂ ਨੁਮਾਇੰਦਿਆਂ ਨੂੰ ਚਾਹੀਦਾ ਹੈ ਕਿ ਅਜਿਹੇ ਕਲਾਤਮਕ ਰੁਚੀ ਦੇ ਬੰਦਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇ ਅਤੇ ਆਰਥਿਕ ਸਹਾਇਤਾ ਕਰਕੇ ਇਹਨਾਂ ਦਾ ਮਾਣ ਵਧਾਇਆ ਜਾਵੇ। ਸੁਖਵਿੰਦਰ ਸਿੰਘ ਵੀ ਇਸ ਮਾਣ ਸਤਿਕਾਰ ਦਾ ਪੂਰਾ ਪੂਰਾ ਹੱਕਦਾਰ ਹੈ।

## ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ

26 ਜੂਨ ਨੂੰ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ। ਅੱਜ ਦੇ ਇਸ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦਾ ਮੁੱਖ ਵਿਸ਼ਾ ਹੈ ਬਿਹਤਰ ਦੇਖਭਾਲ ਲਈ ਬਿਹਤਰ ਗਿਆਨ। ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਇਸ ਸਬੰਧੀ ਮਿਤੀ 7 ਦਸੰਬਰ, 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਤੌਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ। ਭਾਰਤ ਵਿੱਚ ਵੀ ਹਰ ਸਾਲ ਇਸ ਦਿਨ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਹੋਣ ਵਾਲੇ ਇਨ੍ਹਾਂ ਸਮਾਗਮਾਂ ਵਿੱਚ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਨਸ਼ਿਆਂ ਦੀ ਵੱਧ ਰਹੀ ਵਰਤੋਂ ਨੂੰ ਰੋਕਣ ਲਈ ਸੁਝਾਓ ਦਿਤੇ ਜਾਂਦੇ ਹਨ। ਨਸ਼ਿਆਂ ਦੀ ਸਮੱਸਿਆ ਅਤਿ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਵਿਸ਼ਵ ਨਸ਼ਾ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 271 ਮਿਲੀਅਨ ਵਿਅੱਕਤੀ ਖਤਰਨਾਕ ਅਤੇ ਮਾਰੂ ਨਸ਼ਿਆਂ ਦੇ ਆਦੀ ਹਨ ਅਤੇ 35 ਮਿਲੀਅਨ ਵਿਅੱਕਤੀ ਨਸ਼ਿਆਂ ਦੇ ਕੁਪ੍ਰਭਾਵ ਤੋਂ ਪੀੜ੍ਹਿਤ ਹਨ ਜਿਨ੍ਹਾਂ ਨੂੰ ਇਲਾਜ ਦੀ ਜਰੂਰਤ ਹੈ ਜਦਕਿ ਸੱਤ ਪੀੜ੍ਹਿਤਾਂ ਪਿੱਛੇ ਸਿਰਫ ਇੱਕ ਵਿਅੱਕਤੀ ਨੂੰ ਹੀ ਇਲਾਜ ਦੀ ਸਹੂਲਤ ਮਿਲਦੀ ਹੈ। ਨਸ਼ਿਆਂ ਦੀ ਵੱਧ ਰਹੀ ਵਰਤੋਂ ਕਾਰਨ ਐਚ ਆਈ ਵੀ, ਹੈਪਾਟਾਇਟਸ ਸੀ ਸਮੇਤ ਕਈ ਰੋਗ ਵੱਧ ਰਹੇ ਹਨ। ਨਸ਼ਿਆਂ ਨੂੰ ਮੁੱਖ ਤੋਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਸਾਡੇ ਦੇਸ਼ ਵਿੱਚ ਆਮ ਤੋਰ ਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਸਰਕਾਰ ਵਲੋਂ ਮੰਨਜੂਰਸ਼ੁਦਾ ਨਸ਼ਿਆਂ ਸਬੰਧੀ ਵੀ ਬਹੁਤ ਹੀ ਭੰਬਲਭੂਸਾ ਹੈ ਕਿਉਂਕਿ ਦੇਸ਼ ਦੇ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਸ਼ਰੇਆਮ ਵਿਕਰੀ ਹੁੰਦੀ ਹੈ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਮੰਤਰਾਲਿਆ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਵਿੱਚ ਲੱਗਭੱਗ 16 ਕਰੋੜ੍ਹ ਵਿਅਕਤੀ ਸ਼ਰਾਬ ਦੀ ਵਰਤੋਂ ਕਰਦੇ ਹਨ, 3.1 ਕਰੋੜ੍ਹ ਵਿਅਕਤੀ ਭੰਗ ਉਤਪਾਦਾਂ ਦੀ ਵਰਤੋਂ ਕਰਦੇ ਹਨ, 1.18 ਕਰੋੜ੍ਹ ਵਿਅਕਤੀ ਨਾਨ ਮੈਡੀਕਲ ਨਸ਼ਿਆਂ ਦੀ ਵਰਤੋਂ ਕਰਦੇ ਹਨ, 8.5 ਲੱਖ ਵਿਅਕਤੀ ਟੀਕਿਆਂ ਦੁਆਰਾ ਨਸ਼ਿਆਂ ਦੀ ਵਰਤੋਂ ਕਰਦੇ ਹਨ, 2.6 ਕਰੋੜ੍ਹ ਵਿਅਕਤੀ ਅਫੀਮ, ਹੈਰੋਇਨ, ਸਮੈਕ, ਬਰਾਉਨ ਸ਼ੂਗਰ ਆਦਿ ਨਸ਼ਿਆਂ ਦੀ ਵਰਤੋਂ ਕਰਦੇ ਹਨ। ਪੰਜਾਬ ਨੂੰ ਬੇਸੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਆਮ ਮਨੁੱਖ ਤਾਂ ਦੂਰ, ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਆਧੁਨਿਕ ਕਈ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵਧ ਰਿਹਾ ਤਣਾਅ ਆਦਿ ਸ਼ਾਮਲ ਹਨ। ਦੇਸ ਵਿੱਚ ਲਾਗੂ ਹੋ ਰਹੀਆਂ ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ, ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕਿਆ ਹੈ। ਨੌਜਵਾਨ ਵਰਗ ਰੁਜ਼ਗਾਰ ਦੇ ਵਸੀਲਿਆਂ ਦੀ ਅਣਹੋਂਦ ਕਾਰਨ ਵਿਹਲ ਤੋਂ ਅੱਕਿਆ ਅਤੇ ਭਵਿੱਖ ਪ੍ਰਤੀ ਨਿਰਾਸ਼ ਹੋਕੇ ਨਸ਼ਿਆਂ ਦੇ ਜਾਲ ਵਿੱਚ ਫਸ ਰਿਹਾ ਹੈ। ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ।




ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਵਰਤੋਂ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ। ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਮੈਡੀਕਲ ਸਟੋਰਾਂ ਤੋਂ ਮਿਲਣ ਵਾਲੇ ਨਸ਼ਿਆਂ ਦੀ ਵਰਤੋਂ ਦਾ ਰੁਝਾਨ ਜ਼ਿਆਦਾ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋਕਿ ਪੰਜਾਬ ਵਿੱਚ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਸ਼ਰਾਬ ਸਮੇਤ ਹੋਰ ਨਸ਼ਿਆਂ ਦੀ ਹੋਈ ਗੈਰ ਕਨੂੰਨੀ ਵਿਕਰੀ ਅਤੇ ਸਰਕਾਰੀ ਨਸ਼ਾ ਛਡਾਉ ਕੇਂਦਰਾਂ ਅੱਗੇ ਲੱਗੀਆਂ ਲੰਬੀਆਂ ਲਾਇਨਾਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਸਬੰਧੀ ਪੋਲ ਖੋਲਦੀਆਂ ਹਨ। ਕਈ ਰਾਜਾਂ ਵਿੱਚ ਸਰਕਾਰ ਦੀ ਕਮਾਈ ਦਾ ਮੁੱਖ ਸਾਧਨ ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਹੈ ਜਿਸ ਕਾਰਨ ਸ਼ਰਾਬ ਵਰਗੇ ਨਸ਼ੇ ਨੂੰ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਔਸਤਨ ਹਰ ਪੰਜਾਬੀ ਇੱਕ ਸਾਲ ਵਿੱਚ 12 ਬੋਤਲਾਂ ਸ਼ਰਾਬ ਦੀਆਂ ਪੀਂਦਾ ਹੈ ਅਤੇ ਸ਼ਰਾਬ ਦੀ ਵਰਤੋਂ ਲਈ ਪੰਜਾਬ ਦਾ ਲੁਧਿਆਣਾ ਜਿਲ੍ਹਾ ਸਭਤੋਂ ਮੋਹਰੀ ਹੈ। ਚੋਣ ਆਯੋਗ ਵਲੋਂ ਚੋਣਾਂ ਦੌਰਾਨ ਇਸ ਸਬੰਧੀ ਕੀਤੀ ਜਾਂਦੀ ਸੱਖਤੀ ਦਾ ਕਾਫੀ ਅਸਰ ਵੇਖਣ ਨੂੰ ਮਿਲਦਾ ਹੈ ਪਰੰਤੂ ਚੋਣਾਂ ਤੋ ਬਾਦ ਫਿਰ ਇਹ ਕੰਮ ਖੁੱਲੇ ਤੋਰ ਤੇ ਚੱਲਦਾ ਹੈ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ ਪਰ ਇਹ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਨਸ਼ਿਆਂ ਦੇ ਗੈਰ ਕਨੂੰਨੀ ਵਪਾਰ ਵਿੱਚ ਸ਼ਾਮਲ ਕੁੱਝ ਪੁਲਿਸ ਅਧਿਕਾਰੀਆਂ ਦੇ ਨਾਮ ਸਾਹਮਣੇ ਆਣ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਕੰਮ ਵਿੱਚ ਕਈ ਉੱਚ ਅਧਿਕਾਰੀ ਵੀ ਜੁੜ੍ਹੇ ਹੋਏ ਹਨ। ਬੇਸ਼ੱਕ ਸਰਕਾਰ ਵਲੋਂ ਇਸ ਸਮਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ।



ਕੁਲਦੀਪ ਚੰਦ
91-9417563054

ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸੱਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ ਰਿਹਾ ਹੈ ਕਿਉਂਕਿ ਦੂਰ ਦੁਰਾਡੇ ਇਲਾਕਿਆਂ ਤੋਂ ਵਿਭਾਗ ਦੀ ਨਜ਼ਰ ਅਜੇ ਵੀ ਦੂਰ ਹੈ ਅਤੇ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਜ਼ਿਆਦਾਤਰ ਦੋਸ਼ੀਆਂ ਨੂੰ ਰਾਜਨੀਤਿਕ ਦਬਾਅ ਕਾਰਨ ਜਾਂ ਪੈਸੇ ਲੈ ਕੇ ਛੱਡ ਦਿੱਤਾ ਜਾਂਦਾ ਹੈ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਜਰੂਰਤ ਹੈ ਕਿ ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂ ਅਤੇ ਪਾਰਟੀਆਂ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣ ਤੇ ਇਸ ਤਰਾਂ ਦੇ ਧੰਦੇ ਵਿੱਚ ਲੱਗੇ ਵਿਅਕਤੀਆਂ ਜੋਕਿ ਅਕਸਰ ਉਪਰ ਤੱਕ ਪਹੁੰਚ ਰੱਖਦੇ ਹਨ ਦਾ ਖੁੱਲਕੇ ਵਿਰੋਧ ਕੀਤਾ ਜਾਵੇ ਤਾਂ ਜੋ ਦੇਸ ਅਤੇ ਸਮਾਜ ਨੂੰ ਨਸ਼ਾ ਮੁੱਕਤ ਬਣਾਇਆ ਜਾਵੇ ਤਾਂ ਹੀ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਬ ਪੂਰਾ ਹੋਵੇਗਾ।

# ਨੰਗਲ ਵਿੱਚ ਲਗਾਤਾਰ ਆ ਰਹੇ ਕਰੋਨਾ ਦੇ ਮਾਮਲਿਆਂ ਕਾਰਨ ਪ੍ਰਸਾਸਨ ਨੇ ਚੁੱਕੇ ਠੋਸ ਕਦਮ







ਨੰਗਲ ਵਿੱਚ ਲਗਾਤਾਰ ਆ ਰਹੇ ਕਰੋਨਾ ਦੇ ਮਾਮਲਿਆਂ ਕਾਰਨ ਪ੍ਰਸਾਸਨ ਵਲੋਂ ਜਰੂਰੀ ਠੋਸ ਕਦਮ ਚੁੱਕੇ ਜਾ ਰਹੇ ਹਨ। ਸਿਹਤ ਵਿਭਾਗ ਅਤੇ ਨਗਰ ਕੋਸਲ ਵਲੋਂ ਸ਼ਹਿਰ ਵਿਚ ਲੋਕਾਂ ਨੂੰ ਕਰੋਨਾ ਮਹਾਮਾਰੀ ਤੋ ਬਚਾਓ ਲਈ ਵਿਸੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਜਿੱਥੇ ਰਾਜ ਨਗਰ, ਅੱਡਾ ਮਾਰਕੀਟ ਅਤੇ ਐਫ ਬਲਾਕ ਵਿਚ ਨਗਰ ਕੋਸਲ ਵਲੋ ਸੈਨੇਟਾਈਜ ਕੀਤਾ ਜਾ ਰਿਹਾ ਹੈ ਉਥੇ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਰਾਜ ਨਗਰ ਵਿਚ ਵਿਸੇਸ਼ ਸਰਵੇ ਕਰ ਰਹੇ ਹਨ। ਸਿਹਤ ਵਿਭਾਗ ਵਲੋ ਨੰਗਲ ਰੇਲਵੇ ਸਟੇਸ਼ਨ ਤੇ ਬਾਹਰਲੇ ਰਾਜਾ ਤੋ ਆਉਣ ਵਾਲੇ ਵਿਅਕਤੀਆਂ ਦੀ ਸਿਹਤ ਜਾਂਚ ਵੀ ਕੀਤੀ ਜਾ ਰਹੀ ਹੈ। ਇਸ ਤੋ ਇਲਾਵਾ ਘਰਾਂ ਵਿਚ ਇਕਾਂਤਵਾਸ ਵਿਅਕਤੀਆਂ ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਸਿਹਤ ਵਿਭਾਗ ਵਲੋ ਲਾਲਾ ਲਾਜਪਤ ਰਾਏ ਸਿਵਲ ਹਸਪਤਾਲ ਵਿਚ ਕੋਵਿਡ ਟੈਸਟ ਕੀਤੇ ਜਾ ਰਹੇ ਹਨ ਅਤੇ ਸ਼ਹਿਰ ਦੇ ਵੱਖ ਵੱਖ ਖੇਤਰਾਂ ਵਿਚ ਜਾ ਕੇ ਸਰਵੇ ਕੀਤਾ ਜਾ ਰਿਹਾ ਹੈ। ਐਸ.ਡੀ.ਐਮ ਮੈਡਮ ਕਨੂੰ ਗਰਗ ਵਲੋ ਡਿਪਟੀ ਕਮਿਸ਼ਨਰ ਰੂਪਨਗਰ ਸੋਨਾਲੀ ਗਿਰਿ ਦੇ ਦਿਸ਼ਾ ਨਿਰਦੇਸ਼ਾ ਤਹਿਤ ਉਪ ਮੰਡਲ ਦੇ ਦਫਤਰ ਦੇ ਸਟਾਫ, ਕਰੋਨਾ ਵਾਰੀਅਰਸ ਨੂੰ ਮਿਸ਼ਨ ਫਤਿਹ ਬੈਜ ਲਗਾ ਕੇ ਕੋਵਾ ਐਪ ਉਤੇ ਸੈਲਫੀ ਅਪਲੋਡ ਕਰਨ ਅਤੇ ਲੋਕਾਂ ਨੂੰ ਕਰੋਨਾ ਤੋ ਬਚਾਓ ਲਈ ਵਿਸੇਸ਼ ਸਾਵਧਾਨੀਆਂ ਆਪਸੀ ਵਿੱਥ ਰੱਖਣ, ਵਾਰ ਵਾਰ ਹੱਥ ਧੋਣ ਅਤੇ ਮਾਸਕ ਪਾਉਣ ਦੀ ਪ੍ਰੇਰਨਾ ਦਿੱਤੀ ਜਾ ਰਹੀ ਹੈ।

ਵਿਧਾਨ ਸਭਾ ਸਪੀਕਰ ਕੇ ਪੀ ਸਿੰਘ ਨੇ ਵੀ ਅੱਜ ਕਰੋਨਾ ਪ੍ਰਭਾਵਿਤ ਮੁਹੱਲਾ ਰਾਜਨਗਰ ਵਿਖੇ ਵਿਸ਼ੇਸ਼ ਤੋਰ ਤੇ ਪਹੁੰਚ ਕੇ ਕੀਤੇ ਜਾ ਰਹੇ ਬਚਾਓ ਪ੍ਰਬੰਧਾਂ ਦਾ ਜਾਇਜਾ ਲਿਆ। ਰਾਣਾ ਕੇਪੀ ਸਿੰਘ ਨੇ ਲੋਕਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਂਵਾਂ ਨੂੰ ਸੁੱਣਿਆ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਕਰੋਨਾ ਬਿਮਾਰੀ ਹੋਰ ਨਾ ਵੱਧੇ ਇਸ ਲਈ ਵਰਾਡ ਵਾਸੀਆਂ ਨੂੰ ਵੀ ਚੁਕੰਨੇ ਰਹਿਣਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਨਗਰ ਕੌਂਸਲ ਨੰਗਲ ਦੇ ਸਾਰੇ ਵਾਰਡਾਂ ਦੀ ਸੁਰੱਖਿਆ ਅਤੇ ਬਾਹਰੀ ਲੋਕਾਂ ਤੇ ਨਿਗਰਾਨੀ ਰੱਖਣ ਲਈ ਹਰ ਵਾਰਡ ਵਿਚ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਕਮੇਟੀਆਂ ਬਣਾਈਆਂ ਜਾਣਗੀਆਂ ਤਾਂ ਜੋ ਹਰੇਕ ਬਾਹਰੀ ਵਿਅਕਤੀ ਤੇ ਨਿਗਰਾਨੀ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ ਨਿਯਮਾਂ ਅਨੂੰਸਾਰ ਵਾਰਡ ਨੰਬਰ 7 ਨੂੰ ਪੰਜ ਦਿਨ੍ਹਾਂ ਲਈ ਸੀਲ ਕੀਤਾ ਗਿਆ ਹੈ ਜੇਕਰ ਆਉਣ ਵਾਲੇ ਦਿਨ੍ਹਾਂ ਵਿਚ ਕੋਈ ਨਵਾਂ ਕੇਸ ਨਹੀ ਆਉਦਾਂ ਤਾਂ ਇਹ ਪਾਬੰਦੀ ਖੱਤਮ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਲਾਕੇ ਦੇ ਭਲੇ ਲਈ ਹੀ ਸਖਤ ਕਦਮ ਚੁੱਕੇ ਜਾ ਰਹੇ ਹਨ ਕਿਓਂਕਿ ਵਾਰਡ ਨੰਬਰ 7 ਵਿਚ ਸੱਭ ਤੋਂ ਵੱਧ ਅਤੇ ਸੰਘਣੀ ਅਬਾਦੀ ਵਸਦੀ ਹੈ। ਇਸ ਮੌਕੇ ਤੇ ਐਸ ਡੀ ਐਮ ਨੰਗਲ ਮੈਡਮ ਕਨੂੰ ਗਰਗ, ਤਹਿਸੀਲਦਾਰ ਸੁਰਿਦਰ ਪਾਲ ਸਿੰਘ, ਸਿਵਲ ਹਸਪਤਾਲ ਨੰਗਲ ਦੇ ਮੁੱਖੀ ਐਸ ਐਮ ਓ ਡਾ ਨਰੇਸ਼ ਕੁਮਾਰ, ਡੀ ਐਸ ਪੀ ਨੰਗਲ ਰਮਿੰਦਰ ਸਿੰਘ ਕਾਹਲੋ, ਐਸ ਐਚ ਓ ਨੰਗਲ ਪਵਨ ਚੋਧਰੀ, ਅਮਰਪਾਲ ਬੈਂਸ ਮੀਡੀਆ ਸਲਾਹਕਾਰ, ਸਤਨਾਮ ਸਿੰਘ ਏਪੀਆਰਓ, ਰੋਟਰੀ ਕਲੱਬ ਨੰਗਲ ਦੇ ਸਾਬਕਾ ਪ੍ਰਧਾਨ ਜੀਤ ਰਾਮ ਸ਼ਰਮਾ, ਜਗਦੀਸ਼ ਚੋਪੜਾ, ਵਿਜੇ ਕੋਸ਼ਲ, ਕੁਲਦੀਪ ਸਿੰਘ, ਮਨੋਜ ਮਹਿਤਾ, ਰਾਕੇਸ਼ ਮਹਿਤਾ, ਰਾਮ ਕੁਮਾਰ ਸ਼ਰਮਾ, ਸਵਾਮੀ ਸਾਧਵਾ ਨੰਦ , ਦੀਪਕ ਨੰਦਾ, ਆਦਿ ਹਾਜਰ ਸਨ।

# ਦੇਸ਼ ਹਿੱਤ ਤੇ ਜਨ ਹਿੱਤ 'ਚ ਚੁੱਕੇ ਜਾਣਗੇ ਸਾਰੇ ਕਦਮ : ਰਵੀਸ਼ੰਕਰ

ਚੀਨ ਨਾਲ ਇਕ ਪਾਸੇ ਜਿੱਥੇ ਸਰਹੱਦ 'ਤੇ ਜੰਗ ਵਰਗੇ ਹਾਲਾਤ ਹਨ, ਉੱਥੇ ਹੀ ਦੇਸ਼ ਦੇ ਅੰਦਰ ਚੀਨੀ ਸਾਮਾਨ ਦੇ ਬਾਈਕਾਟ ਦਾ ਮਾਹੌਲ ਬਣ ਰਿਹਾ ਹੈ। ਦੇਸ਼ ਦੀ ਸਿਆਸਤ ਵੀ ਗਰਮ ਹੈ ਜਿਸ 'ਚ ਵਿਰੋਧੀ ਧਿਰ ਵੱਲੋਂ ਰੋਜ਼ ਸਵਾਲ ਦਾਗੇ ਜਾ ਰਹੇ ਹਨ। ਇਸ ਹਾਲਤ 'ਚ ਭਾਜਪਾ ਦੇ ਤੇਜ਼ ਤਰਾਰ ਨੇਤਾ ਤੇ ਕੇਂਦਰੀ ਕਾਨੂੰਨ, ਦੂਰਸੰਚਾਰ ਤੇ ਸੂਚਨਾ ਤਕਨੀਕ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਚੀਨ ਨਾਲ ਰਿਸ਼ਤਿਆਂ 'ਤੇ ਖ਼ਬਰਦਾਰ ਰਹਿੰਦਿਆਂ ਵਿਰੋਧੀ ਧਿਰ 'ਤੇ ਕਰਾਰਾ ਹਮਲਾ ਕੀਤਾ। ਦੈਨਿਕ ਜਾਗਰਣ ਦੇ ਸੰਪਾਦਕ ਮੰਡਲ ਨਾਲ ਗੱਲਬਾਤ 'ਚ ਉਨ੍ਹਾਂ ਨੇ 5ਜੀ, ਨਿਆਂਪਾਲਿਕਾ 'ਚ ਨਿਯੁਕਤੀਆਂ, ਪੀਆਈਐੱਲ ਦੇ ਸਹਾਰੇ ਸਿਆਸਤ ਵਰਗੇ ਕਈ ਮੁੱਦਿਆਂ 'ਤੇ ਲੰਬੀ ਚਰਚਾ ਕੀਤੀ। ਪੇਸ਼ ਹੈ ਅਹਿਮ ਅੰਸ਼:

ਸਵਾਲ : ਚੀਨ ਨਾਲ ਵਧੇ ਤਣਾਅ ਤੋਂ ਬਾਅਦ ਸਰਕਾਰ ਨੇ ਅਜੇ 4ਜੀ ਲਈ ਬੀਐੱਸਐੱਨਐੱਲ ਸਮੇਤ ਨਿੱਜੀ ਕੰਪਨੀਆਂ ਨੂੰ ਵੀ ਚੀਨੀ ਯੰਤਰਾਂ ਤੋਂ ਦੂਰ ਰਹਿਣ ਨੂੰ ਕਿਹਾ। ਕੀ ਭਵਿੱਖ 'ਚ ਵੀ ਅਜਿਹੇ ਕਦਮ ਚੁੱਕੇ ਜਾ ਸਕਦੇ ਹਨ?

ਜਵਾਬ : ਸਮਾਂ ਆਉਣ ਦਿਓ, ਤੁਹਾਨੂੰ ਸਭ ਕੁਝ ਪਤਾ ਲੱਗੇਗਾ। ਨਰਿੰਦਰ ਮੋਦੀ ਸਰਕਾਰ 'ਚ ਦੇਸ਼ ਹਿੱਤ ਤੇ ਜਨ ਹਿੱਤ ਸਭ ਤੋਂ ਉੱਪਰ ਹੈ। ਸਭ ਕੁਝ ਇਸ ਘੇਰੇ 'ਚ ਹੁੰਦਾ ਹੈ।

ਪ੍ਰਸ਼ਨ : ਭਾਰਤ ਮੋਬਾਈਲ ਫੋਨ ਬਣਾਉਣ 'ਚ ਦੂਜੇ ਨੰਬਰ 'ਤੇ ਹੈ। ਫਿਰ ਵੀ ਚੀਨ ਨੂੰ 18 ਅਰਬ ਡਾਲਰ ਦੇ ਮੋਬਾਈਲ ਫੋਨ ਤੇ ਪਾਰਟਸ ਦੀ ਦਰਾਮਦ ਹੁੰਦੀ ਹੈ। ਮੋਬਾਈਲ ਫੋਨ ਦੀ ਦਰਾਮਦ ਬੰਦ ਕਰਨ 'ਤੇ ਵਿਚਾਰ ਹੋ ਰਿਹਾ ਹੈ।

ਜਵਾਬ : ਇਸ 'ਤੇ ਕਾਰੋਬਾਰੀ ਨਜ਼ਰੀਏ ਤੋਂ ਵਿਚਾਰ ਕਰਨ ਦੀ ਜ਼ਰੂਰਤ ਹੈ। ਅਜੇ ਇਸ 'ਤੇ ਕੁਝ ਨਹੀਂ ਕਿਹਾ ਜਾ ਸਕਦਾ।

ਸਵਾਲ : 5ਜੀ ਬਾਰੇ ਤੁਹਾਡਾ ਕੀ ਨਜ਼ਰੀਆ ਹੈ ਤੇ ਇਸ ਨੂੰ ਭਾਰਤ 'ਚ ਕਦੋਂ ਤਕ ਲਿਆਉਣ ਦੀ ਯੋਜਨਾ ਹੈ?

ਜਵਾਬ : 5ਜੀ ਤਜਰਬੇ ਦੀ ਅਵਸਥਾ 'ਚ ਹੈ। ਇਸ ਦੇ ਟ੍ਰੈਂਡ ਨੂੰ ਦੇਖਦਿਆਂ ਵਿਚਾਰ ਕੀਤਾ ਜਾਵੇਗਾ। ਇਕ ਮੰਤਰੀ ਸਮੂਹ ਬਣਾਇਆ ਗਿਆ ਹੈ ਜਿਹੜਾ ਇਹ ਤੈਅ ਕਰੇਗਾ ਕਿ 5ਜੀ ਸਹੂਲਤ ਵਿਕਸਤ ਕਰਨ ਲਈ ਕਿਨ੍ਹਾਂ-ਕਿਨ੍ਹਾਂ ਲੋਕਾਂ ਨੂੰ ਪਰਮਿਟ ਦਿੱਤਾ ਜਾਵੇਗਾ। ਇਸ ਦੀ ਸਪੀਡ ਤੇ ਹੋਰ ਚੀਜ਼ਾਂ ਕਿਵੇਂ ਹੋਣੀਆਂ ਚਾਹੀਦੀਆਂ ਹਨ, ਇਸ 'ਤੇ ਆਈਆਈਟੀ ਮਦਰਾਸ ਕੰਮ ਕਰ ਰਿਹਾ ਹੈ। ਏਨਾ ਤੈਅ ਹੈ ਕਿ 5ਜੀ ਦੇ ਵਿਕਾਸ ਦੌਰਾਨ ਦੇਸ਼ ਦੀ ਸੁਰੱਖਿਆ ਤੇ ਸਾਇਬਰ ਸੁਰੱਖਿਆ ਦੀ ਚਿੰਤਾ ਨੂੰ ਦੇਖਦਿਆਂ ਹੀ ਕੋਈ ਫ਼ੈਸਲਾ ਕੀਤਾ ਜਾਵੇਗਾ। ਇਹੀ ਸਾਡਾ ਮਾਪਦੰਡ ਹੋਵੇਗਾ।

ਸਵਾਲ : ਕੋਵਿਡ ਕਾਲ 'ਚ ਵਰਕ ਫਰਾਮ ਹੋਮ ਦਾ ਕਲਚਰ ਸ਼ੁਰੂ ਹੋ ਗਿਆ ਹੈ, ਇਸ ਬਾਰੇ ਸਰਕਾਰ ਕੋਈ ਨੀਤੀ ਬਣਾ ਰਹੀ ਹੈ?

ਜਵਾਬ : ਜਦੋਂ ਦੁਨੀਆ ਲਾਕਡਾਊਨ 'ਚ ਸੀ ਉਦੋਂ ਵੀ ਸਾਡੇ ਮੰਤਰਾਲੇ 'ਚ ਲਗਾਤਾਰ ਕੰਮ ਚੱਲ ਰਿਹਾ ਸੀ। ਭਾਰਤ ਦੀਆਂ ਆਈਟੀ ਸੇਵਾਵਾਂ 'ਚ ਮੁਸ਼ਕਲ ਆਈ, ਇਸ ਲਈ ਵਰਕ ਫਰਾਮ ਹੋਮ ਲਿਆਂਦਾ ਗਿਆ ਤੇ ਅਸੀਂ ਨੈਸਕਾਮ ਨਾਲ ਮਿਲ ਕੇ ਇਸ ਦੇ ਸਾਰੇ ਨਿਯਮ ਸੈਟਲ ਕੀਤੇ। ਫਿਲਹਾਲ ਆਈਟੀ ਸੈਕਟਰ ਦਾ 85 ਫ਼ੀਸਦੀ ਕੰਮ ਘਰੋਂ ਹੋ ਰਿਹਾ ਹੈ। ਵਰਕ ਫਰਾਮ ਹੋਮ ਲਈ ਕਈ ਐਪ ਇਸਤੇਮਾਲ ਹੋ ਰਹੇ ਹਨ। ਅਸੀਂ ਵੀਡੀਓ ਕਾਨਫਰੰਸਿੰਗ ਲਈ ਤੇ ਘਰੋਂ ਕੰਮ ਕਰਨ ਲਈ ਮੇਕ ਇਨ ਇੰਡੀਆ ਐਪ ਲਿਆ ਰਹੇ ਹਾਂ। ਸੀਡਾਟ ਨੇ ਅਜਿਹਾ ਐਪ ਵਿਕਸਤ ਕੀਤਾ ਹੈ ਜਿਸ 'ਤੇ ਅਸੀਂ ਆਪਣੇ ਸਾਰੇ ਪੋਸਟਮਾਸਟਰ ਜਨਰਲ ਨਾਲ ਕਾਮਯਾਬ ਮੀਟਿੰਗ ਕੀਤੀ ਹੈ। ਮੇਕ ਇਨ ਇੰਡੀਆ ਵੀਡੀਓ ਕਾਨਫਰੰਸਿੰਗ ਐਪ ਵਿਕਸਤ ਕਰਨ ਲਈ 12 ਲੋਕਾਂ ਨੂੰ ਚੁਣਿਆ ਗਿਆ ਹੈ। ਛੇਤੀ ਹੀ ਇਸ ਦੇ ਨਤੀਜੇ ਤੁਹਾਡੇ ਸਾਹਮਣੇ ਹੋਣਗੇ।

ਸਵਾਲ : ਸਵਾਲ ਇਹੀ ਹੈ ਕਿ ਡਾਟਾ 'ਤੇ ਏਨਾ



ਭਾਰ ਪੈ ਰਿਹਾ, ਪਰ ਕਨੈਕਟੀਵਿਟੀ ਨਹੀਂ ਹੈ। ਤੁਹਾਡੀ ਸਰਕਾਰ ਦੇ ਇਕ ਮੰਤਰਾਲੇ ਨੇ ਹੀ ਸਵਾਲ ਉਠਾਇਆ ਹੈ ਕਿ ਵਨ ਨੇਸ਼ਨ ਵਨ ਰਾਸ਼ਨ ਕਾਰਡ 'ਚ ਕਨੈਕਟੀਵਿਟੀ ਦੀ ਸਮੱਸਿਆ ਆ ਰਹੀ ਹੈ?

ਜਵਾਬ : ਕਿਤੇ ਕੁਝ ਸਮੱਸਿਆ ਆ ਸਕਦੀ ਹੈ, ਪਰ ਜਦੋਂ ਤੁਸੀਂ ਹਾਈਵੇ 'ਤੇ ਚੱਲਦੇ ਹੋ ਤੋਂ ਕਿਤੇ-ਕਿਤੇ ਟੋਏ ਵੀ ਆਉਂਦੇ ਹਨ। ਇਸ ਨਾਲ ਕੀ ਹਜ਼ਾਰਾਂ ਕਿਲੋਮੀਟਰ ਦੇ ਹਾਈਵੇ ਦੀ ਅਹਿਮੀਅਤ ਖ਼ਤਮ ਹੋ ਜਾਂਦੀ ਹੈ। ਸਾਡਾ ਪੂਰਾ ਯਤਨ ਹੈ ਕਿ ਕਿਤੇ ਵੀ ਕੋਈ ਕੰਮ ਕਨੈਕਟੀਵਿਟੀ ਕਾਰਨ ਰੁਕਿਆ ਨਾ ਹੋਵੇ। ਸਾਇਬਰ ਸਕਿਓਰਿਟੀ ਬਾਰੇ ਵੀ ਖ਼ਬਰਦਾਰ ਹਾਂ। ਮੰਤਰਾਲੇ ਦੇ ਅਧਿਕਾਰੀਆਂ ਨਾਲ ਦੋ-ਤਿੰਨ ਮੀਟਿੰਗਾਂ ਕਰ ਚੁੱਕੇ ਹਾਂ ਤੇ ਇਸ ਦਿਸ਼ਾ 'ਚ ਕੰਮ ਜਾਰੀ ਹੈ। ਹੁਣ ਅਸੀਂ ਡਿਜੀਟਲ ਹਾਈਵੇ 'ਤੇ ਚੱਲ ਰਹੇ ਹਾਂ ਤੇ ਜਦੋਂ ਅਸੀਂ ਹਾਈਵੇ 'ਚੇ ਚੱਲਦੇ ਹਾਂ ਤਾਂ ਸਾਨੂੰ ਖ਼ੁਦ ਵੀ ਸਾਵਧਾਨ ਰਹਿਣਾ ਚਾਹੀਦਾ ਹੈ।

ਸਵਾਲ : ਜੇਕਰ ਚੀਨ 'ਤੇ ਹੀ ਵਾਪਸ ਆਈਏ ਤਾਂ ਵਿਰੋਧੀ ਧਿਰ ਵੱਲੋਂ ਕਈ ਸਵਾਲ ਉਠਾਏ ਗਏ ਹਨ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਰਕਾਰ ਜਵਾਬ ਨਹੀਂ ਦੇ ਰਹੀ।

ਜਵਾਬ : ਜਵਾਬ ਦਿੱਤਾ ਜਾ ਚੁੱਕਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਸਾਰੀਆਂ ਪਾਰਟੀਆਂ ਨੂੰ ਤੇ ਦੇਸ਼ ਨੂੰ ਭਰੋਸਾ ਦਿੱਤਾ ਗਿਆ ਹੈ, ਪਰ ਰਾਹੁਲ ਗਾਂਧੀ, ਸੋਨੀਆ ਗਾਂਧੀ ਭਰੋਸਾ ਨਹੀਂ ਕਰਨਾ ਚਾਹੁੰਦੇ ਤਾਂ ਕੀ ਕਰੀਏ। ਕੀ ਰਾਹੁਲ ਗਾਂਧੀ ਤੈਅ ਕਰਨਗੇ ਕਿ ਦੇਸ਼ ਕਿਵੇਂ ਚੱਲੇਗਾ। ਕੋਈ ਵੀ ਪਾਰਟੀ ਉਨ੍ਹਾਂ ਨਾਲ ਨਹੀਂ ਖੜ੍ਹੀ। ਉਨ੍ਹਾਂ ਦੀ ਤਾਂ ਆਦਤ ਹੀ ਹੈ ਸਵਾਲ ਖੜ੍ਹਾ ਕਰਨ ਦੀ। ਸਰਜੀਕਲ ਸਟ੍ਰਾਈਕ ਹੋਈ ਤਾਂ ਸਵਾਲ, ਬਾਲਾਕੋਟ ਹੋਇਆ ਤਾਂ ਸਵਾਲ ਤੇ ਸਬੂਤ। ਉਨ੍ਹਾਂ ਦਾ ਕੀ ਕਰੀਏ।

ਸਵਾਲ : ਪਿਛਲੇ ਦਿਨੀਂ ਕਈ ਕੇਂਦਰੀ ਕਾਨੂੰਨਾਂ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਜਾ ਰਹੀ ਹੈ। ਪੀਆਈਐੱਲ ਹੋ ਰਹੀਆਂ ਹਨ। ਇਸ ਦਾ ਕੀ ਕਾਰਨ ਮੰਨਦੇ ਹੋ?

ਜਵਾਬ : ਅਜੇ ਤਕ ਦੇਸ਼ 'ਚ ਅਜਿਹਾ ਕੋਈ ਕਾਨੂੰਨ ਨਹੀਂ ਬਣਿਆ ਜਿਹੜਾ ਕਿਸੇ ਨੂੰ ਅਦਾਲਤ ਜਾਣ ਤੋਂ ਰੋਕਦਾ ਹੋਵੇ। ਅਜਿਹਾ ਕਾਨੂੰਨ ਹੋਣਾ ਵੀ ਚਾਹੀਦਾ ਹੈ। ਲੋਕ ਕੋਰਟ ਜਾਂਦੇ ਹਨ ਤੇ ਕੋਰਟ ਨੇ ਵੱਡੇ-ਵੱਡੇ ਮਾਮਲੇ ਨਬੇੜੇ ਹਨ। ਤਿੰਨ ਤਲਾਕ, ਰਾਮ ਜਨਮਭੂਮੀ, ਰਾਫੇਲ ਆਦਿ। ਰਾਫੇਲ 'ਤੇ ਕਿੰਨਾ ਰੇੜਕ ਪਿਆ ਸੀ, ਸਾਰੇ ਜਾਣਦੇ ਹਨ। ਮੈਂ ਤਾਂ ਇਹ ਕਹਾਂਗਾ ਕਿ ਮੋਟੀਵੇਟ ਹੋ ਕੇ ਲੋਕ ਅਦਾਲਤ 'ਚ ਸਾਡੇ ਖ਼ਿਲਾਫ਼ ਜਾਂਦੇ ਹਨ। ਅਸੀਂ ਤਾਂ ਲੋਕਾਂ ਦੇ ਹਿੱਤ 'ਚ ਕਾਨੂੰਨ ਬਣਾਉਂਦੇ ਹਾਂ, ਕੁਝ ਲੋਕ ਆਪਣਾ ਹਿੱਤ ਸਾਧਨ ਦੀ ਕੋਸ਼ਿਸ਼ ਕਰਦੇ ਹਨ। ਅੱਜ ਕੱਲ ਇਕ ਨਵੀਂ ਬਿਰਤੀ ਚੱਲ ਰਹੀ ਹੈ, ਸਿਆਸੀ ਉਦੇਸ਼ ਲਈ ਅਦਾਲਤ 'ਚ ਜਨਹਿੱਤ ਪਟੀਸ਼ਨਾਂ ਦਾਖ਼ਲ ਕੀਤੀਆਂ ਜਾਂਦੀਆਂ ਹਨ। ਚੋਣਾਂ 'ਚ ਹਾਰੇ ਹੋਏ ਲੋਕ, ਨਿਰਾਸ਼ ਲੋਕ ਮੋਟੀਵੇਟਿਡ ਲੋਕ ਅਦਾਲਤ ਦੇ ਗਲਿਆਰੇ ਤੋਂ ਸਿਆਸਤ ਚਲਾਉਣ ਦੀ ਕੋਸ਼ਿਸ਼ ਕਰਦੇ ਹਨ ਜਿਹੜਾ ਬਿਲਕੁਲ ਠੀਕ ਨਹੀਂ ਹੈ। ਅੱਜ-ਕੱਲ੍ਹ ਇਹ ਵੀ ਕਿਹਾ ਜਾ ਰਿਹਾ ਹੈ ਕਿ ਅਦਾਲਤ ਦਬਾਅ 'ਚ ਹੈ। ਮੈਂ ਇਸ ਦਾ ਵਿਰੋਧ ਕਰਦਾ ਹਾਂ।

ਸਵਾਲ : ਅਦਾਲਤ 'ਚ ਇਕ ਕੇਸ 1991 ਦੇ ਉਸ ਕਾਨੂੰਨ ਖਾਰਜ ਕਰਨ ਦਾ ਵੀ ਆਇਆ ਹੈ ਜਿਸ ਤਹਿਤ ਅਯੁੱਧਿਆ ਨੂੰ ਛੱਡ ਕੇ ਬਾਕੀ ਧਾਰਮਿਕ ਵਿਵਾਦ ਹਮੇਸ਼ਾ ਲਈ ਖਾਰਜ ਕੀਤੇ ਗਏ ਸਨ। ਤੁਸੀਂ ਇਸ ਨਾਲ ਕਿਵੇਂ ਸਹਿਮਤ ਹੋ।

ਜਵਾਬ : ਮੈਂ ਕਾਨੂੰਨ ਮੰਤਰੀ ਹਾਂ ਤੇ ਰਾਮਲਲਾ ਦਾ ਵਕੀਲ ਵੀ ਰਿਹਾ ਹਾਂ। ਮੇਰਾ ਮੰਨਣਾ ਹੈ ਕਿ ਏਨੇ ਦਿਨਾਂ ਬਾਅਦ ਰਾਮ ਜਨਮ ਭੂਮੀ ਦਾ ਫ਼ੈਸਲਾ ਆਇਆ ਹੈ। ਪਹਿਲਾਂ ਵਿਸ਼ਾਲ ਮੰਦਰ ਦਾ ਨਿਰਮਾਣ ਹੋ ਜਾਵੇ। ਇਹ ਸਾਡੇ ਲਈ ਗੌਰਵ ਦਾ ਵਿਸ਼ਾ ਹੋਵੇਗਾ।

ਸਵਾਲ : ਕੀ ਜੱਜਾਂ ਦੀ ਨਿਯੁਕਤੀ 'ਚ ਪਾਰਦਰਸ਼ਤਾ ਲਈ ਫਿਰ ਤੋਂ ਕੋਈ ਯਤਨ ਹੋ ਰਿਹਾ ਹੈ?

ਜਵਾਬ : ਕੀ ਕਰੀਏ। ਸਵਾਲ ਤਾਂ ਖ਼ੁਦ ਕੋਰਟ ਦੇ ਅੰਦਰੋਂ ਵੀ ਉੱਠ ਰਹੇ ਹਨ। ਅਸੀਂ ਸੁਧਾਰ ਲਈ ਰਾਸ਼ਟਰੀ ਨਿਆਇਕ ਨਿਯੁਕਤੀ ਕਮਿਸ਼ਨ (ਐੱਨਜੇਏਸੀ) ਕਾਨੂੰਨ ਸੰਸਦ ਤੋਂ ਇਕ ਮਤ ਪਾਸ ਕੀਤਾ ਸੀ। ਪੰਜਾਹ ਫ਼ੀਸਦੀ ਸੂਬਿਆਂ ਨੇ ਵੀ ਕਾਨੂੰਨ ਨੂੰ ਸਹਿਮਤੀ ਦੇ ਦਿੱਤੀ, ਪਰ ਅਦਾਲਤ ਨੇ ਉਸ ਨੂੰ ਖਾਰਜ ਕਰ ਦਿੱਤਾ। ਕਾਰਨ ਦਿੱਤਾ ਗਿਆ ਕਿ ਕਮਿਸ਼ਨ 'ਚ ਕਾਨੂੰਨ ਮੰਤਰੀ ਸ਼ਾਮਿਲ ਹਨ, ਇਸ ਲਈ ਕਮਿਸ਼ਨ ਦੀ ਆਜ਼ਾਦੀ ਨਹੀਂ ਰਹੇਗੀ। ਪ੍ਰਧਾਨ ਮੰਤਰੀ ਆਪਣੇ ਮੰਤਰੀਆਂ ਜ਼ਰੀਏ ਕੰਮ ਕਰਦੇ ਹਨ। ਪ੍ਰਧਾਨ ਮੰਤਰੀ ਸਾਰਿਆਂ ਨੂੰ ਨਿਯੁਕਤ ਕਰ ਸਕਦੇ ਹਨ, ਉਨ੍ਹਾਂ ਦੇ ਹੱਥ 'ਚ ਕਿੰਨੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਨਿਊਕਲੀਅਰ ਬਟਨ ਉਨ੍ਹਾਂ ਦੇ ਹੱਥ 'ਚ ਹੁੰਦਾ ਹੈ, ਪਰ ਅਦਾਲਤ ਨੂੰ ਇਤਰਾਜ਼ ਹੈ ਕਿ ਸਰਕਾਰ ਦਾ ਕਾਨੂੰਨ ਮੰਤਰੀ ਬੈਠਕਾਂ 'ਚ ਸ਼ਾਮਿਲ ਹੋਵੇਗਾ ਤਾਂ ਉਹ ਪ੍ਰਭਾਵਿਤ ਹੋ ਜਾਣਗੇ। ਇਹ ਕਿਹੋ ਜਿਹੀ ਗੱਲ ਹੈ। ਕੀ ਕੋਈ ਇਸ ਨਾਲ ਸਹਿਮਤ ਹੋ ਸਕਦਾ ਹੈ।

ਸਵਾਲ : ਪਹਿਲਾਂ ਤੋਂ ਹੀ ਕੇਸ ਬਹੁਤ ਪੈਂਡਿੰਗ ਹਨ ਤੇ ਹੁਣ ਕੋਰੋਨਾ ਕਾਲ 'ਚ ਅਦਾਲਤਾਂ ਕਰੀਬ ਤਿੰਨ ਮਹੀਨੇ ਤੋਂ ਬੰਦ ਹਨ। ਇਸ ਹਾਲਤ 'ਚ ਕੇਸਾਂ ਦਾ ਬੋਝ ਹੋਰ ਵਧ ਗਿਆ ਹੋਵੇਗਾ। ਨਾਈਟ ਕੋਰਟ 'ਤੇ ਵੀ ਕੀ ਵਿਚਾਰ ਕੀਤਾ ਜਾ ਰਿਹਾ ਹੈ।

ਜਵਾਬ : ਨਾਈਟ ਕੋਰਟ ਤਾਂ ਨਹੀਂ ਹੋ ਸਕਦਾ। ਉਸ ਲਈ ਸਾਰੀ ਵਿਵਸਥਾ ਬਣਾਉਣੀ ਪਵੇਗੀ। ਰਹੀ ਗੱਲ ਪੈਂਡਿੰਗ ਕੇਸਾਂ ਦੀ ਤਾਂ ਸਰਕਾਰ ਸਿਰਫ਼ ਬੁਨਿਆਦੀ ਢਾਂਚੇ ਦੇ ਵਸੀਲੇ ਦੇ ਸਕਦੀ ਹੈ-ਜਿਵੇਂ ਕੋਰਟ ਬਿਲਡਿੰਗ ਤੇ ਕੋਰਟ ਰੂਪ ਬਣਵਾਉਣਾ, ਸਟਾਫ ਮੁਹੱਈਆ ਕਰਾਵਉਣਾ, ਜੱਜਾਂ ਦੀ ਰਿਹਾਇਸ਼ ਦਾ ਨਿਰਮਾਣ ਕਰਵਾਉਣਾ ਆਦਿ। ਉਹ ਅਸੀਂ ਕੀਤਾ ਹੈ। ਸਰਕਾਰ ਨੇ ਅਦਾਲਤ 'ਚ ਤੇਜ਼ੀ ਲਿਆਉਣ ਲਈ ਦੋ ਹਜ਼ਾਰ ਪੁਰਾਣੇ ਕਾਨੂੰਨ ਰੱਦ ਕੀਤੇ ਹਨ। ਪੈਂਡਿੰਗ ਕੇਸ ਖ਼ਤਮ ਕਰਨ ਲਈ ਇਕ ਉਪਾਅ ਇਹ ਵੀ ਹੋ ਸਕਦਾ ਹੈ ਕਿ ਇੱਕੋ ਜਿਹੇ ਕੇਸ ਇਕੱਠੇ ਸੁਣਵਾਈ ਲਈ ਲਿਆਂਦੇ ਜਾਣ। ਮੈਂ ਕਈ ਵਾਰ ਹਾਈ ਕੋਰਟਾਂ ਦੇ ਚੀਫ ਜਸਟਿਸ ਨੂੰ ਪੱਤਰ ਲਿਖਿਆ ਹੈ ਕਿ ਦਸ ਸਾਲ ਪੁਰਾਣੇ ਕੇਸਾਂ ਨੂੰ ਨਿਪਟਾਉਣ 'ਚ ਪਹਿਲ ਦਿੱਤੀ ਜਾਵੇ। ਇਨਸਾਫ਼ ਕਰਨਾ ਤੇ ਕੇਸ ਨਿਪਟਾਉਣਾ ਨਿਆ ਪਾਲਿਕਾ ਦਾ ਕੰਮ ਹੈ।

ਸਵਾਲ : ਕੋਰੋਨਾ ਕਾਲ 'ਚ ਸੁਪਰੀਮ ਕੋਰਟ ਤੇ ਹਾਈ ਕੋਰਟ 'ਚ ਤਾਂ ਵੀਡੀਓ ਕਾਨਫਰਸਿੰਗ ਜ਼ਰੀਏ ਮਾਮਲਿਆਂ ਦੀ ਸੁਣਵਾਈ ਹੋਈ, ਪਰ ਹੇਠਲੀਆਂ ਅਦਾਲਤਾਂ 'ਚ ਕੰਮਕਾਜ ਪੂਰੀ ਤਰ੍ਹਾਂ ਠੱਪ ਰਿਹਾ। ਮੌਜੂਦਾ ਹਾਲਤ 'ਚ ਸਰਕਾਰ ਕੋਲ ਵਰਚੁਅਲ ਕੋਰਟ ਸ਼ੁਰੂ ਕਰਨ ਦੀ ਕੋਈ ਸਥਾਈ ਯੋਜਨਾ ਹੈ।

ਜਵਾਬ : ਅਦਾਲਤਾਂ ਕਿਵੇਂ ਚੱਲਣਗੀਆਂ, ਇਹ ਦੇਖਣਾ ਨਿਆਪਾਲਿਕਾ ਦਾ ਕੰਮ ਹੈ। ਸੁਪਰੀਮ ਕੋਰਟ ਆਪਣੇ ਬਾਰੇ ਤੇ ਹਾਈ ਕੋਰਟ ਆਪ ਤੇ ਹੇਠਲੀਆਂ ਅਦਾਲਤਾਂ ਬਾਰੇ ਫ਼ੈਸਲਾ ਲੈਂਦੇ ਹਨ। ਉਂਝ ਹੇਠਲੀਆਂ ਅਦਾਲਤਾਂ 'ਚ ਵੀ ਕੋਰੋਨਾ ਕਾਲ 'ਚ ਦੇਸ਼ ਭਰ 'ਚ ਕਰੀਬ ਦੋ ਲੱਖ ਕੇਸਾਂ 'ਚ ਗਵਾਹੀਆਂ ਤੇ ਟ੍ਰਾਇਲ ਵੀਡੀਓ ਕਾਨਫਰੰਸਿੰਗ ਜ਼ਰੀਏ ਹੋਈਆਂ ਹਨ। ਵਰਚੁਅਲ ਕੋਰਟ ਨਾਲ ਵਕੀਲਾਂ ਨੂੰ, ਸਟੈਨੋ ਤੇ ਵਿਵਸਥਾ ਨਾਲ ਜੁੜੇ ਹੋਰ ਲੋਕਾਂ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਹੈ। ਇਹ ਕੋਈ ਸਥਾਈ ਬਦਲ ਨਹੀਂ ਹੋ ਸਕਦਾ। ਹੌਲੀ-ਹੌਲੀ ਸਾਵਧਾਨੀ ਤੇ ਸੁਰੱਖਿਆ ਉਪਾਵਾਂ ਨਾਲ ਹੇਠਲੀਆਂ ਅਦਾਲਤਾਂ ਖੁੱਲ੍ਹਣੀਆਂ ਚਾਹੀਦੀਆਂ ਹਨ। ਹਾਈ ਕੋਰਟ ਨੂੰ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਸਵਾਲ : ਯੂਪੀ ਸਮੇਤ ਕਈ ਸੂਬਿਆਂ 'ਚ ਲੰਬੇ ਸਮੇਂ ਤੋਂ ਹਾਈ ਕੋਰਟ ਦੀ ਨਵੀਂ ਬੈਂਚ ਦੀ ਮੰਗ ਹੋ ਰਹੀ ਹੈ। ਇਸ 'ਤੇ ਤੁਹਾਡਾ ਕੀ ਕਹਿਣਾ ਹੈ।

ਜਵਾਬ : ਸੂਬੇ 'ਚ ਨਵੇਂ ਬੈਂਚ ਦੇ ਗਠਨ ਲਈ ਸੂਬਾ ਸਰਕਾਰ ਦੀ ਸਹਿਮਤੀ ਹੋਣੀ ਚਾਹੀਦੀ ਹੈ। ਹਾਈ ਕੋਰਟ ਦੀ ਵੀ ਸਹਿਮਤੀ ਹੁੰਦੀ ਹੈ। ਵੱਖ-ਵੱਖ ਸੂਬਿਆਂ ਦੇ ਵੱਖ-ਵੱਖ ਵਿਸ਼ੇ ਹਨ। ਇਸ 'ਚ ਮੈਂ ਹੋਰ ਕੁਝ ਨਹੀਂ ਕਹਿ ਸਕਦਾ।

*(ਧੰਨਵਾਦ ਸਹਿਤ ਜਾਗਰਣ)*

# ਚੀਨ ਨਾਲ ਵਪਾਰ: ਸਿਆਸੀ ਤੇ ਕੂਟਨੀਤਕ ਠਰ੍ਹੰਮੇ ਦੀ ਲੋੜ

ਸੁਕੀਰਤ

ਪਿਛਲੇ ਸਾਲ ਅਗਸਤ ਵਿਚ ਧਾਰਾ 370 ਖ਼ਤਮ ਕਰਨ ਅਤੇ ਕਸ਼ਮੀਰ ਨੂੰ ਕੇਂਦਰੀ ਖ਼ਿੱਤਾ ਕਰਾਰ ਦੇਣ ਦੇ ਇਕ ਮਹੀਨੇ ਬਾਅਦ ਮੈਂ ਪਾਕਿਸਤਾਨ ਵਿਚ ਸਾਂ। ਭਾਰਤ ਸਰਕਾਰ ਦਾ ਇਹ ਕਦਮ ਪਾਕਿਸਤਾਨੀ ਹਕੂਮਤ ਲਈ ਵੱਡੀ ਨਮੋਸ਼ੀ ਵੀ ਪੈਦਾ ਕਰਦਾ ਸੀ ਅਤੇ ਦੋਹਾਂ ਮੁਲਕਾਂ ਵਿਚ ਅਸਾਵੇਂ ਫੌਜੀ ਸਮਤੋਲ ਕਾਰਨ ਉਹ ਆਪਣੇ ਆਪ ਨੂੰ ਬੇਵਸੀ ਵਿਚ ਫਾਥੀ ਹੋਈ ਵੀ ਮਹਿਸੂਸ ਕਰਦੀ ਸੀ ਪਰ ਵੇਲੇ ਦੇ ਹੁਕਮਰਾਨਾਂ ਦੀ ਵੱਡੀ ਦੁਵਿਧਾ ਇਹ ਹੁੰਦੀ ਹੈ ਕਿ ਉਨ੍ਹਾਂ ਲਈ ਆਪਣੀ ਜਨਤਾ ਸਾਹਵੇਂ ਤਕੜੇ ਅਤੇ ਫ਼ੈਸਲਾਕੁਨ ਹੋਣ ਦਾ ਭਰਮ ਬਣਾਈ ਰਖਣਾ ਜ਼ਰੂਰੀ ਹੁੰਦਾ ਹੈ। ਪਾਕਿਸਤਾਨੀ ਅਵਾਮ ਨੂੰ ਇਹ ਮਹਿਸੂਸ ਕਰਾਉਣ ਲਈ ਕਿ ਉਨ੍ਹਾਂ ਦੀ ਸਰਕਾਰ ਨੇ ਭਾਰਤ ਨੂੰ ਸਜ਼ਾ ਦੇਣ ਲਈ ਕੋਈ ਸਖ਼ਤ ਕਦਮ ਚੁਕਿਆ ਹੈ, ਇਹ ਐਲਾਨ ਕਰ ਦਿਤਾ ਗਿਆ ਕਿ ਭਾਰਤ ਨਾਲ ਵਪਾਰ ਉਤੇ ਫੌਰਨ ਪਾਬੰਦੀ ਲਾਈ ਜਾ ਰਹੀ ਹੈ।

ਇਸ 'ਕਰੜੀ ਕਾਰਵਾਈ' ਨਾਲ ਭਾਰਤ ਦਾ ਤਾਂ ਕੋਈ ਖ਼ਾਸ ਨੁਕਸਾਨ ਨਾ ਹੋਇਆ ਪਰ ਪਾਕਿਸਤਾਨ ਵਿਚ ਹਾਹਾਕਾਰ ਜ਼ਰੂਰ ਮਚ ਗਈ। ਇਕ ਪਾਸੇ ਗੰਢੇ-ਟਮਾਟਰ ਵਰਗੀਆਂ ਰੋਜ਼ਾਨਾ ਵਰਤੋਂ ਦੀਆਂ ਸਬਜ਼ੀਆਂ ਦੇ ਭਾਅ ਅਸਮਾਨ ਛੂਹਣ ਲਗ ਪਏ, ਦੂਜੇ ਪਾਸੇ ਪਾਕਿਸਤਾਨ ਵਿਚ ਦਵਾਈਆਂ ਦੀ ਕਿੱਲਤ ਸ਼ੁਰੂ ਹੋ ਗਈ। ਇਹੋ ਜਿਹਾ ਤਟ-ਫਟ ਫੈਸਲਾ ਕਰਨ ਵੇਲੇ ਕਿਸੇ ਦਾ ਇਸ ਗੱਲ ਵੱਲ ਧਿਆਨ ਹੀ ਨਹੀਂ ਸੀ ਗਿਆ ਕਿ ਪਾਕਿਸਤਾਨ ਕਿੰਨੀ ਵੱਡੀ ਤਾਦਾਦ ਵਿਚ ਦਵਾਈਆਂ ਭਾਰਤ ਤੋਂ ਦਰਾਮਦ ਕਰਦਾ ਹੈ। ਜੀਵਨ-ਬਚਾਊ ਦਵਾਈਆਂ ਦੇ ਬਾਜ਼ਾਰ ਵਿਚੋਂ ਇਵੇਂ ਅਚਾਨਕ ਗ਼ਾਇਬ ਹੋ ਜਾਣ ਕਾਰਨ ਉਹ ਤਰਥੱਲੀ ਮਚੀ ਕਿ ਪਾਕਿਸਤਾਨੀ ਸਰਕਾਰ ਨੂੰ ਆਪਣੇ 'ਸਖ਼ਤ ਫੈਸਲੇ' ਵਿਚ ਫੌਰਨ ਸੋਧ ਕਰਨੀ ਪਈ।

ਗਲਵਾਨ ਘਾਟੀ ਵਿਚ ਹਾਲੀਆ ਝੜਪਾਂ ਤੋਂ ਬਾਅਦ ਭਾਰਤ ਸਰਕਾਰ ਦੇ ਕੁਝ ਐਲਾਨ ਵੀ ਪਿਛਲੇ ਸਾਲ ਪਾਕਿਸਤਾਨੀ ਹਕੂਮਤ ਦੇ ਉਨ੍ਹਾਂ ਤਤ-ਭੜੱਤੇ ਫੈਸਲਿਆਂ ਵਰਗੀ ਪਾਲ ਵਿਚ ਖੜੋਤੇ ਦਿਸਦੇ ਹਨ। ਖ਼ਬਰ ਆਈ ਹੈ ਕਿ ਸੰਚਾਰ ਮੰਤਰਾਲੇ ਨੇ ਬੀਐੱਸਐੱਨਐੱਲ ਨੂੰ ਨਿਰਦੇਸ਼ ਦੇ ਦਿਤਾ ਹੈ ਕਿ ਉਹ ਆਪਣੇ ਨੈਟਵਰਕ ਨਵਿਆਉਣ ਲਈ ਚੀਨ ਵਿਚ ਬਣਿਆ ਸਾਜ਼-ਸਾਮਾਨ ਨਾ ਵਰਤੇ। ਦੂਜੇ ਪਾਸੇ ਰੇਲ ਮੰਤਰਾਲੇ ਵੱਲੋਂ ਵੀ ਇਕ ਚੀਨੀ ਕੰਪਨੀ ਵੱਲੋਂ ਕੀਤਾ ਜਾਣ ਵਾਲਾ ਕੰਮ ਮਨਸੂਖ਼ ਕਰ ਦਿਤਾ ਗਿਆ ਹੈ। ਨਾਲ ਹੀ ਚੀਨੀ ਵਸਤਾਂ ਦੇ ਬਾਈਕਾਟ ਦੀ ਮੰਗ ਅਤੇ ਚੀਨ ਨਾਲ ਵਪਾਰ ਪੂਰੀ ਤਰ੍ਹਾਂ ਬੰਦ ਕਰਨ ਦੇ ਜਜ਼ਬਾਤ ਦਾ ਪ੍ਰਗਟਾਵਾ ਵੀ ਜ਼ੋਰ ਫੜ ਰਿਹਾ ਹੈ।




ਰਾਜਨੀਤਕ ਅਤੇ ਕੂਟਨੀਤਕ ਫੈਸਲੇ ਆਪਣੀ ਥਾਂ ਹੁੰਦੇ ਹਨ ਪਰ ਵਪਾਰ ਨੂੰ ਰਾਜਨੀਤਕ ਹਥਿਆਰ ਵਾਂਗ ਵਰਤਣਾ ਕੋਈ ਸਿਆਣੀ ਜਾਂ ਦੂਰ-ਅੰਦੇਸ਼ ਗੱਲ ਨਹੀਂ। ਖ਼ਾਸ ਕਰਕੇ ਉਦੋਂ, ਜਦੋਂ ਪੱਲੜਾ ਦੂਜੀ ਧਿਰ ਵਲ ਵਧੇਰੇ ਝੁਕਿਆ ਸਪਸ਼ਟ ਦਿਸੇ।

ਕੁਝ ਗੱਲਾਂ ਨੂੰ ਠਰ੍ਹੰਮੇ ਨਾਲ ਵਿਚਾਰਨ ਦੀ ਲੋੜ ਹੈ। ਭਾਰਤ ਤੋਂ ਜਿੰਨਾ ਮਾਲ ਚੀਨ ਨੂੰ ਜਾਂਦਾ ਹੈ, ਉਸ ਤੋਂ ਸੱਤ ਗੁਣਾ ਵੱਧ ਅਸੀਂ ਚੀਨ ਤੋਂ ਮੰਗਾਉਂਦੇ ਹਾਂ ਅਤੇ ਜੋ ਕੁਝ ਅਸੀਂ ਮੰਗਾਉਂਦੇ ਹਾਂ, ਉਸ ਸੂਚੀ ਵਿਚ ਨਾ ਸਿਰਫ਼ ਲੈਪਟੌਪ, ਮੋਬਾਇਲ ਫੋਨਾਂ ਵਰਗੀਆਂ ਇਲੈਕਟ੍ਰਾਨਕੀ ਵਸਤਾਂ ਸ਼ਾਮਲ ਹਨ ਸਗੋਂ ਤਿਆਰ ਦਵਾਈਆਂ ਅਤੇ ਦਵਾਈਆਂ ਬਣਾਉਣ ਲਈ ਕੱਚਾ ਮਾਲ ਸ਼ਾਮਲ ਹਨ। ਭਾਰਤੀ ਜ਼ਰਾਇਤ ਵਿਚ ਵਰਤੀਆਂ ਜਾਣ ਵਾਲੀਆਂ ਖਾਦਾਂ ਦਾ ਵੱਡਾ ਹਿੱਸਾ ਵੀ ਚੀਨ ਤੋਂ ਹੀ ਆਉਂਦਾ ਹੈ।

ਭਾਰਤ ਵਿਚ ਤਿਆਰ ਹੋਣ ਵਾਲੀਆਂ ਬਿਜਲਈ ਅਤੇ ਇਲੈਕਟ੍ਰਾਨਕੀ ਵਸਤਾਂ ਵਿਚ ਵਰਤੇ ਜਾਣ ਵਾਲੇ ਪੁਰਜ਼ਿਆਂ ਅਤੇ ਜੁਜ਼ਾਂ ਦਾ 50 ਪ੍ਰਤੀਸ਼ਤ ਤੋਂ ਵਧ ਹਿੱਸਾ ਚੀਨ ਤੋਂ ਦਰਾਮਦ ਹੁੰਦਾ ਹੈ। ਭਾਰਤ ਵਿਚ ਸਭ ਤੋਂ ਵਧ ਵਿਕਣ ਵਾਲੇ ਸਮਾਰਟ ਮੋਬਾਇਲ ਫੋਨਾਂ ਦੀਆਂ 5 ਕੰਪਨੀਆਂ ਵਿਚੋਂ ਚਾਰ ਚੀਨੀ ਹਨ: ਸ਼ਾਓਮੀ, ਵੀਵੋ, ਰੀਅਲਮੀ ਅਤੇ ਔਪੋ। 60 ਪ੍ਰਤੀਸ਼ਤ ਭਾਰਤੀਆਂ ਕੋਲ ਇਨ੍ਹਾਂ ਵਿਚੋਂ ਹੀ ਕਿਸੇ ਇਕ ਦਾ ਬਣਾਇਆ ਫੋਨ ਹੈ। ਇਹੋ ਹਾਲ ਕੰਪਿਊਟਰਾਂ ਅਤੇ ਲੈਪਟੌਪਾਂ ਦਾ ਹੈ। ਘਟ ਤੋਂ ਘਟ ਕੀਮਤ ਤਾਰ ਕੇ ਵਧ ਤੋਂ ਵਧ ਲਾਹਾ ਦੇਣ ਵਾਲੀ ਵਸਤ ਨੂੰ ਤਰਜੀਹ ਦੇਣਾ ਦਰਅਸਲ ਆਮ ਭਾਰਤੀ ਜਨਤਾ ਦੇ ਸੁਭਾਅ ਵਿਚ ਸ਼ਾਮਲ ਹੈ ਅਤੇ ਇਸ ਖੇਤਰ ਵਿਚ ਚੀਨੀ ਵਸਤਾਂ ਦਾ ਕੋਈ ਸਾਨੀ ਨਹੀਂ। ਇਹੋ ਕਾਰਨ ਹੈ ਕਿ ਐਪਲ ਵਰਗੇ ਮਹਿੰਗੇ ਫੋਨ ਜਾਂ ਕੰਪਿਊਟਰ (ਵੈਸੇ ਉਨ੍ਹਾਂ ਦਾ ਵਡਾ ਹਿੱਸਾ ਵੀ ਚੀਨ ਤੋਂ ਹੀ ਤਿਆਰ ਹੋ ਕੇ ਆਉਂਦਾ ਹੈ) ਸਿਰਫ਼ ਉਤਲੇ ਤਬਕੇ ਦੇ ਭਾਰਤੀਆਂ ਤਕ ਹੀ ਸੀਮਤ ਹਨ ਜਿਨ੍ਹਾਂ ਕੋਲ ਪੈਸੇ ਦੀ ਕੋਈ ਘਾਟ ਨਹੀਂ।

ਇਸ ਤੋਂ ਇਲਾਵਾ ਭਾਰਤ ਅਤੇ ਚੀਨ ਵਿਚਕਾਰ ਵਪਾਰਕ ਸਬੰਧ ਨਿਰੋਲ ਵਸਤਾਂ ਤਕ ਹੀ ਸੀਮਤ ਨਹੀਂ ਹਨ। ਪਿਛਲੇ ਕੁਝ ਸਮੇਂ ਤੋਂ ਨਵ-ਸਿਰਜੀਆਂ (ਸਟਾਰਟ ਅਪ) ਫਰਮਾਂ ਵਿਚ ਚੀਨੀ ਪੂੰਜੀ ਦਾ ਨਿਵੇਸ਼ ਵੱਡੇ ਪੱਧਰ ਉਤੇ ਹੋ ਰਿਹਾ ਹੈ। ਬਿਗ ਬਾਸਕਟ, ਪੇਟੀਐਮ, ਜ਼ੋਮੈਟੋ, ਫਲਿਪਕਾਰਟ, ਓਲਾ ਅਤੇ ਸਵਿਗੀ ਵਿਚ ਇਸ ਸਮੇਂ ਚੀਨੀ ਪੂੰਜੀ ਦਾ 4 ਖ਼ਰਬ ਤੋਂ ਵਧ ਡਾਲਰ ਦਾ ਨਿਵੇਸ਼ ਹੋਇਆ ਲਭਦਾ ਹੈ। ਇਨ੍ਹਾਂ ਵਪਾਰਕ ਤਾਣੇ-ਬਾਣਿਆਂ ਵਿਚੋਂ ਤਟ-ਫਟ ਨਿਕਲ ਬਾਹਰ ਹੋ ਜਾਣਾ ਸੰਭਵ ਨਹੀਂ ਹੁੰਦਾ।

ਦੂਜੇ ਪਾਸੇ ਸਾਡੇ ਵੱਲੋਂ ਚੀਨ ਨੂੰ ਬਹੁਤਾ ਕਰ ਕੇ ਕੱਚਾ ਮਾਲ ਹੀ ਬਰਾਮਦ ਕੀਤਾ ਜਾਂਦਾ ਹੈ। ਇਸ ਅਸਾਵੇਂਪਣ ਨੂੰ ਘਟਾਉਣ ਦੀ ਲੋੜ ਜ਼ਰੂਰ ਹੈ ਪਰ ਕੀ ਰਾਤੋ ਰਾਤ ਇਵੇਂ ਕਰ ਸਕਣਾ ਸੰਭਵ ਹੈ? 'ਆਤਮ ਨਿਰਭਰ ਭਾਰਤ' ਦਾ ਜੁਮਲਾ ਘੜਨਾ ਸੌਖਾ ਹੈ ਪਰ ਉਸ ਨੂੰ ਸੱਚਮੁੱਚ ਆਤਮ ਨਿਰਭਰ ਬਣਾਉਣ ਲਈ ਲੰਮੇ ਸਮੇਂ ਦੀ ਵਿਉਂਤਬੰਦੀ ਅਤੇ ਦੂਰ ਅੰਦੇਸ਼ ਪਾਲਸੀਆਂ ਘੜਨ ਦੀ ਲੋੜ ਹੈ। ਜਿਸ ਨਹਿਰੂ ਨੂੰ ਅਜੋਕੀ ਸਰਕਾਰ ਨੇ ਖੂੰਜੇ ਧੱਕਣ ਵਿਚ ਕੋਈ ਕਸਰ ਨਹੀਂ ਛੱਡੀ, 'ਸੈਲਫ਼-ਰਿਲਾਇੰਟ ਇੰਡੀਆ' ਅਤੇ ਪੰਜ ਸਾਲਾ ਯੋਜਨਾਵਾਂ ਉਸੇ ਦੇ ਰਾਜਕਾਲ ਦੀਆਂ ਘਾੜਤਾਂ ਸਨ, ਜਿਨ੍ਹਾਂ ਨੂੰ ਅਸੀਂ ਕਦੋਂ ਦਾ ਤਜ ਚੁਕੇ ਹਾਂ। ਭਾਰਤੀ ਸਨਅਤ ਨੂੰ ਸੱਚਮੁੱਚ ਆਤਮ ਨਿਰਭਰ ਬਣਾਉਣ ਅਤੇ ਦਰਾਮਦੀ ਮਾਲ ਉਤੇ ਉਸ ਦੀ ਨਿਰਭਰਤਾ ਘਟਾਉਣ ਲਈ ਲੰਮੇ ਸਮੇਂ ਦੀਆਂ ਠੋਸ ਨੀਤੀਆਂ ਬਣਾਉਣੀਆਂ ਪੈਣਗੀਆਂ, ਤੇ ਇਹ ਕੰਮ ਨਿਰੋਲ ਜੁਮਲਿਆਂ ਜਾਂ ਭਾਸ਼ਣਾਂ ਰਾਹੀਂ ਸੰਭਵ ਨਹੀਂ ਹੋ ਸਕਣਾ।

ਇਸ ਵੇਲੇ ਅਸੀਂ ਆਪਣੇ ਆਰਥਿਕ ਵਿਕਾਸ ਦੇ ਅਜਿਹੇ ਦੌਰ ਵਿਚੋਂ ਲੰਘ ਰਹੇ ਹਾਂ ਕਿ ਜੋ ਕੁਝ ਅਸੀਂ ਆਪਣੇ ਮੁਲਕ ਵਿਚ ਤਿਆਰ ਕਰਦੇ ਹਾਂ, ਉਸ ਦਾ ਬਹੁਤ ਸਾਰਾ ਤੇ ਅਹਿਮ ਹਿਸਾ, ਪੁਰਜ਼ੇ ਜਾਂ ਕੱਚਾ ਮਾਲ, ਬਾਹਰੋਂ (ਖ਼ਾਸ ਕਰ ਕੇ ਚੀਨ ਤੋਂ) ਮੰਗਾਉਣਾ ਪੈਂਦਾ ਹੈ। ਇਸ ਨਜ਼ਰ ਨਾਲ ਦੇਖੀਏ ਤਾਂ ਮੋਦੀ ਦੇ ਨਵੇਂ ਨਾਅਰੇ 'ਮੇਕ ਇਨ ਇੰਡੀਆ' ਨੂੰ ਨੇਪਰੇ ਚਾੜ੍ਹਨ ਵਿਚ ਵੀ ਚੀਨੀ ਉਤਪਾਦ ਚੋਖੀ ਵੱਡੀ ਭੂਮਿਕਾ ਨਿਭਾਉਂਦੇ ਹਨ। ਇਸ ਲਈ ਚੀਨੀ ਵਸਤਾਂ ਜਾਂ ਪੁਰਜ਼ਿਆਂ ਦੀ ਦਰਾਮਦ ਉਤੇ ਰੋਕ ਲਾਉਣ ਤੋਂ ਪਹਿਲਾਂ ਇਹ ਸੋਚਣਾ ਪਵੇਗਾ ਕਿ ਇਸ ਦਾ ਸਾਡੀ ਆਪਣੀ ਸਨਅਤ, ਸਾਡੇ ਆਪਣੇ ਲੋਕਾਂ ਨੂੰ ਕੀ ਨੁਕਸਾਨ ਹੋ ਸਕਦਾ ਹੈ।

# "ਮਨੁੱਖ ਦੀਆਂ ਸਿਰਜਕ ਔਰਤਾਂ" ਜੁਲਮ ਅੱਤਿਆਚਾਰਾਂ ਤੋਂ ਮਾਣ ਸਨਮਾਨ ਤੱਕ



ਸੰਤੋਖ ਜੱਸੀ (ਸਰਪੰਚ
98766-58364

ਕੁਦਰਤ ਦੇ ਕਾਇਦੇ ਕਾਨੂੰਨ ਮੁਤਾਬਕ ਔਰਤ ਅਤੇ ਮਰਦ ਦੇ ਸਰੀਰਕ ਸਬੰਧਾਂ ਕਾਰਨ ਬੱਚੇ ਦਾ ਜਨਮ ਹੁੰਦਾ ਹੈ। ਕੁਦਰਤ ਲੜਕੇ ਅਤੇ ਲੜਕੀ ਦੇ ਲਿੰਗ ਅਨੁਪਾਤ ਨੂੰ ਬਰਾਬਰ ਰੱਖਦੀ ਹੈ। ਕੁਦਰਤ ਔਰਤ ਜਾਂ ਮਰਦ ਵਿੱਚ ਕੋਈ ਫਰਕ ਨਹੀਂ ਕਰਦੀ। ਬਰਾਬਰਤਾ ਦਾ ਅਧਿਕਾਰ ਦੇ ਕੇ ਦੁਨੀਆਂ ਵਿੱਚ ਭੇਜਦੀ ਹੈ, ਪਰ ਜਦੋਂ ਦੁਨੀਆਂ ਤੇ ਇਕੱਲੀ ਪੈਦਾ ਹੁੰਦੀ ਹੈ ਤਾਂ ਵਿਤਕਰੇ ਹੋਣੇ ਸ਼ੁਰੂ ਹੋ ਜਾਂਦੇ ਹਨ। ਭਾਰਤ ਵਰਗਾ ਦੇਸ਼ ਵਿਤਕਰਿਆਂ ਲਈ ਪੂਰੀ ਦੁਨੀਆਂ ਵਿੱਚ ਬਦਨਾਮ ਹੈ।

ਸਾਡੇ ਦੇਸ਼ ਵਿੱਚ ਹਮੇਸ਼ਾ ਔਰਤਾਂ ਦਾ ਸ਼ੋਸ਼ਣ ਹੁੰਦਾ ਰਿਹਾ ਹੈ, ਔਰਤ ਨੂੰ ਹਮੇਸ਼ਾ ਭੋਗ ਵਿਲਾਸ ਦੀ ਵਸਤੂ ਸਮਝਿਆ ਗਿਆ। ਔਰਤਾਂ ਨੂੰ ਮਰਦਾਂ ਅਧੀਨ ਰੱਖਣ ਲਈ ਧਰਮ ਅਤੇ ਧਾਰਮਿਕ ਗ੍ਰੰਥਾਂ ਦਾ ਸਹਾਰਾ ਲਿਆ ਗਿਆ। ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਜਾਤੀ ਭੇਦ-ਭਾਵ ਨੂੰ ਧਾਰਮਿਕ ਮਾਨਤਾ ਪ੍ਰਾਪਤ ਹੈ, ਪਰ ਉਸ ਤੋਂ ਕਿਤੇ ਗੰਭੀਰ ਸਮੱਸਿਆ ਹੈ ਕਿ ਔਰਤਾਂ ਨਾਲ ਵਿਤਕਰੇ ਨੂੰ ਵੀ ਧਾਰਮਿਕ ਮਾਨਤਾ ਮਿਲੀ ਹੋਈ ਹੈ। ਸਮਾਜਿਕ ਰੀਤੀ-ਰਿਵਾਜ ਵੀ ਹਮੇਸ਼ਾ ਔਰਤਾਂ ਦੇ ਵਿਰੁੱਧ ਰਹੇ ਹਨ। ਭਾਰਤ ਵਿੱਚ ਕਿਸੇ ਸਮੇਂ ਔਰਤਾਂ ਨੂੰ ਵਿਧਵਾ ਵਿਆਹ ਕਰਨ ਦੀ ਮਨਾਹੀ ਸੀ। ਜਦੋਂ ਕਿਸੇ ਔਰਤ ਦਾ ਪਤੀ ਮਰ ਜਾਂਦਾ ਸੀ ਤਾਂ ਉਸ ਔਰਤ ਨੂੰ ਜਬਰਦਸਤੀ ਉਸਦੇ ਪਤੀ ਦੀ ਚਿਖਾ ਵਿੱਚ ਸਾੜ ਕੇ ਮਾਰ ਦਿੱਤਾ ਜਾਂਦਾ ਸੀ। ਇਸ ਨੂੰ ਸਤੀ ਪ੍ਰਥਾ ਦਾ ਨਾਮ ਦਿੱਤਾ ਗਿਆ। ਔਰਤ ਦੀਆਂ ਚੀਕਾਂ ਸੁਣਕੇ ਕਿਸੇ ਨੂੰ ਤਰਸ ਨਾ ਆਵੇ, ਇਸ ਲਈ ਉੱਥੇ ਢੋਲ-ਨਗਾਰੇ ਵਜਾਏ ਜਾਂਦੇ ਸਨ। ਇਸ ਘਿਨਾਉਣੀ ਪ੍ਰਥਾ ਨੂੰ ਧਾਰਮਿਕ ਮਾਨਤਾ ਪ੍ਰਾਪਤ ਸੀ। ਜਗੀਰਦਾਰੀ ਸੋਚ ਮੁਤਾਬਿਕ ਕਿ ਜਮੀਨ ਘੱਟ ਵੰਡੀ ਜਾਵੇ, ਇਸ ਲਈ 6-7 ਮਰਦਾਂ ਨਾਲ ਇੱਕ ਇਸਤਰੀ ਦਾ ਵਿਆਹ ਕੀਤਾ ਜਾਂਦਾ ਸੀ, ਉਸ ਇੱਕ ਔਰਤ ਨਾਲ ਹੀ ਸਾਰੇ ਮਰਦ ਸਰੀਰਕ ਸਬੰਧ ਵੀ ਬਣਾਉਂਦੇ ਸਨ। ਇਨ੍ਹਾਂ ਜੁਲਮਾਂ ਨੂੰ ਪ੍ਰੰਪਰਾਵਾਂ ਦੇ ਨਾਮ 'ਤੇ ਪ੍ਰਚਾਰਿਆ ਜਾਂਦਾ ਰਿਹਾ।

ਭਾਰਤ ਵਿੱਚ ਪੇਸ਼ਵਾ ਦੇ ਰਾਜ ਵਿੱਚ ਇੱਕ ਸਮੇਂ ਔਰਤਾਂ ਦੇ ਛਾਤੀਆਂ ਢਕਣ 'ਤੇ ਟੈਕਸ ਲਗਾ ਦਿੱਤਾ ਗਿਆ ਸੀ। ਮਜਬੂਰਨ ਔਰਤਾਂ ਨੂੰ ਆਪਣੀਆਂ ਛਾਤੀਆਂ ਨੰਗੀਆਂ ਰੱਖਣੀਆ ਪੈਂਦੀਆਂ ਸਨ। ਅਜਿਹੇ ਹਾਲਾਤ ਵੀ ਸੁਣਨ ਨੂੰ ਮਿਲਦੇ ਹਨ ਕਿ ਕਸੂਰ ਮਰਦ ਦਾ ਹੁੰਦਾ ਸੀ ਅਤੇ ਬਲਾਤਕਾਰ, ਜਬਰਜਨਾਹ ਔਰਤ ਨਾਲ ਹੁੰਦਾ ਸੀ। ਕਈ ਥਾਵਾਂ 'ਤੇ ਅੱਜ ਵੀ ਅਜਿਹੇ ਘਿਨੌਣੇ ਫੈਸਲੇ ਖਾਪ ਪੰਚਾਇਤਾਂ ਦੁਆਰਾ ਕੀਤੇ ਜਾਂਦੇ ਹਨ। ਔਰਤਾਂ 'ਤੇ ਜੁਲਮਾਂ ਦੀ ਦਾਸਤਾਨ ਨੂੰ ਸ਼ਬਦਾਂ ਵਿੱਚ ਵਰਣਨ ਕਰਨਾ ਔਖਾ ਹੈ, ਕਿਉਂਕਿ ਦੇਸ਼ ਵਿੱਚ ਵਰਣ-ਵਿਵਸਥਾ ਤਹਿਤ ਹਜਾਰਾਂ ਸਾਲਾਂ ਤੋਂ ਇੱਕ ਖਾਸ ਵਰਗ ਅਤੇ ਔਰਤਾਂ ਨਾਲ ਪਸ਼ੂਆਂ ਤੋਂ ਵੀ ਭੈੜਾ ਵਿਵਹਾਰ ਕੀਤਾ ਜਾਂਦਾ ਰਿਹਾ ਹੈ। ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕਾਨੂੰਨਾਂ ਤਹਿਤ ਦਬਾਇਆ, ਸਤਾਇਆ ਅਤੇ ਲਤਾੜਿਆ ਗਿਆ ਹੈ। ਔਰਤਾਂ ਨੂੰ ਦੇਵ ਦਾਸੀਆਂ ਬਣਾ ਕੇ ਉਹਨਾਂ ਨੂੰ ਭੋਗ ਵਿਲਾਸਾਂ ਲਈ ਵਰਤਿਆ ਜਾਂਦਾ ਰਿਹਾ। ਮਜਬੂਰਨ ਦੇਹ ਵਪਾਰ ਦੇ ਧੰਦੇ ਵਿੱਚ ਧੱਕਿਆ ਜਾਂਦਾ ਰਿਹਾ। ਔਰਤ ਨੂੰ ਕੋਈ ਵੀ ਅਧਿਕਾਰ ਪ੍ਰਾਪਤ ਨਹੀਂ ਸੀ। ਔਰਤ ਸਿਰਫ ਮਰਦ ਦੇ ਰਹਿਮੋ-ਕਰਮ 'ਤੇ ਹੀ ਜਿੰਦਗੀ ਬਤੀਤ ਕਰ ਸਕਦੀ ਸੀ। ਬਚਪਨ ਵਿੱਚ ਪਿਤਾ, ਜਵਾਨੀ ਵੇਲੇ ਭਰਾ ਜਾਂ ਪਤੀ ਅਤੇ ਬੁਢਾਪੇ ਵਿੱਚ ਪੁੱਤਰਾਂ ਦੇ ਅਧੀਨ ਰਹਿਣ ਦੇ ਧਾਰਮਿਕ ਫਰਮਾਨ ਨੇ ਔਰਤਾਂ ਦੀ ਅਜਾਦੀ ਖੋਹ ਲਈ ਸੀ। ਇੱਕ ਚਾਰ ਦੀਵਾਰੀ ਵਿੱਚ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੀ ਔਰਤ ਮਰ-ਮਰ ਕੇ ਜੀਅ ਰਹੀ ਸੀ। ਔਰਤਾਂ ਦਾ ਨਾ ਤਾਂ ਆਪਣਾ ਇਤਿਹਾਸ ਹੈ ਅਤੇ ਨਾ ਹੀ ਵਰਤਮਾਨ। ਔਰਤ, ਮਰਦ ਦੇ ਸਿਰਜੇ ਅਤੀਤ, ਵਰਤਮਾਨ ਅਤੇ ਭਵਿੱਖ ਵਿੱਚ ਹਜਾਰਾਂ ਸਾਲਾਂ ਤੋਂ ਜਿਊਂਦੀ ਰਹੀ।

ਕਹਿੰਦੇ ਨੇ ਕੁਦਰਤ ਬੜੀ ਬਲਵਾਨ ਹੈ, ਰਾਤ ਦੇ ਹਨੇਰੇ ਤੋਂ ਬਾਅਦ ਸੂਰਜ ਦਾ ਨਿਕਲਣਾ ਲਾਜਮੀ ਹੈ। ਬਿਲਕੁੱਲ ਇਸੇ ਤਰ੍ਹਾਂ ਹਜਾਰਾਂ ਸਾਲਾਂ ਦੇ ਅੱਤਿਆਚਾਰਾਂ ਅਤੇ ਜੁਲਮਾਂ ਦਾ ਸ਼ਿਕਾਰ ਔਰਤਾਂ ਦੀ ਜਿੰਦਗੀ ਵਿੱਚ ਵੀ ਬਦਲਾਅ ਆਇਆ। ਇਸ ਭੈੜੇ ਵਰਤਾਓ ਅਤੇ ਗੈਰ ਮਾਨਵੀ ਵਿਵਸਥਾ ਦੇ ਵਿਰੁੱਧ ਵੀ ਅਵਾਜ ਉੱਠਣੀ ਸ਼ੁਰੂ ਹੋਈ। ਸਮਾਜ ਦੇ ਚੰਗੇ, ਗੁਣਵਾਨ, ਵਿਵੇਕਵਾਨ, ਮਨੁੱਖਤਾ ਨੂੰ ਪਿਆਰ ਕਰਨ ਵਾਲੇ, ਕੁਦਰਤ ਦੀ ਨਜ਼ਰ ਵਿੱਚ ਸਭ ਨੂੰ ਬਰਾਬਰ ਸਮਝਣ ਵਾਲੇ ਮਹਾਨ ਵਿਦਵਾਨਾਂ ਨੇ ਇਸ ਤਸ਼ੱਦਦ ਵਿਰੁੱਧ ਸੰਘਰਸ਼ ਕੀਤਾ ਤਾਂ ਬਰਾਬਰੀ ਵਾਲੇ ਵਿਚਾਰਾਂ ਦਾ ਉਦੈ ਹੋਇਆ।

ਪੰਜਾਬ ਦੀ ਧਰਤੀ ਦੇ ਸਭ ਤੋਂ ਵੱਡਾ ਯੋਗਦਾਨ ਗੁਰੂ ਸਹਿਬਾਨਾਂ ਦਾ ਰਿਹਾ। ਜਿਹਨਾਂ ਨੇ ਇਸ ਵਿਤਕਰੇ ਵਿਰੁੱਧ ਇੱਕ ਵੱਡੀ ਬਗਾਵਤ ਕੀਤੀ। ਪੱਥਰ ਦਿਲ ਅਤੇ ਅਮਾਨਵੀ ਵਿਵਸਥਾ ਵਿਰੁੱਧ ਆਪਣੇ ਤਰਕਾਂ, ਦਲੀਲਾਂ ਦੁਆਰਾ ਸੰਵਾਦ ਰਚਾਕੇ ਚੱਲ ਰਹੀਆਂ ਘਿਨਾਉਣੀਆਂ ਪ੍ਰੰਪਰਾਵਾਂ ਨੂੰ ਠੱਲ ਪਾਉਣ ਦਾ ਯਤਨ ਕੀਤਾ। ਗੁਰੂਆਂ ਦੇ ਨਾਲ ਨਾਲ ਹੋਰ ਮਹਾਂਪੁਰਸ਼ਾਂ ਨੇ ਵੀ ਇਸ ਵਿੱਚ ਆਪਣਾ ਯੋਗਦਾਨ ਪਾਇਆ। ਅਨੇਕਾਂ ਵਿਦਵਾਨਾਂ, ਕਾਂਤੀਕਾਰੀਆਂ, ਲੇਖਕਾਂ, ਨਾਵਲਕਾਰਾਂ, ਕਹਾਣੀਕਾਰਾਂ, ਕਵੀਆਂ ਨੇ ਨਵੇਂ ਵਿਚਾਰਾਂ ਨਾਲ ਔਰਤਾਂ ਦੇ ਹੱਕਾਂ ਲਈ ਅਵਾਜ ਉਠਾਈ। ਬਾਬੇ ਨਾਨਕ ਦੁਆਰਾ ਲਿਖੀ ਬਾਣੀ ਕਿ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ" ਨੇ ਔਰਤਾਂ ਦੇ ਅਧਿਕਾਰਾਂ ਦੀ ਹਾਮੀ ਭਰੀ ਅਤੇ ਔਰਤਾਂ ਦਾ ਸਨਮਾਨ ਬਹਾਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਭਾਰਤੀ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਲੇ ਮਹਾਨ ਵਿਦਵਾਨ, ਔਰਤਾਂ ਦੇ ਹੱਕਾਂ ਲਈ ਲੜਨ ਵਾਲੇ ਯੋਧੇ ਦੁਆਰਾ ਭਾਰਤੀ ਸੰਵਿਧਾਨ ਦੀ ਧਾਰਾ 13 ਵਿੱਚ ਸੰਵਿਧਾਨ ਤੋਂ ਪਹਿਲਾਂ ਦੇ ਕਾਨੂੰਨ ਅਤੇ ਪ੍ਰੰਪਰਾਵਾਂ ਨੂੰ ਰੱਦ ਕਰਕੇ ਉਹਨਾਂ ਨੂੰ ਜੀਰੋ ਬਣਾ ਦਿੱਤਾ ਗਿਆ। ਸੰਵਿਧਾਨ ਮੁਤਾਬਕ ਕਿਸੇ ਨਾਲ ਵੀ ਰੰਗ, ਜਾਤ, ਨਸਲ, ਲਿੰਗ, ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਜਾਂ ਭੇਦ-ਭਾਵ ਨਹੀਂ ਕੀਤਾ ਜਾਵੇਗਾ। ਅਜਿਹਾ ਕਰਨ ਵਾਲਾ ਕਾਨੂੰਨੀ ਸਜਾ ਦਾ ਹੱਕਦਾਰ ਹੋਵੇਗਾ। ਅਜਿਹੇ ਸੰਵਿਧਾਨਕ ਆਦੇਸ਼ਾਂ ਕਰਕੇ ਆਖਿਰਕਾਰ ਅਖੌਤੀ ਧਾਰਮਿਕ ਆਗੂਆਂ ਅਤੇ ਹੋਰਨਾਂ ਲੋਕਾਂ ਦੁਆਰਾ ਔਰਤਾਂ ਵਿਰੁੱਧ ਕੀਤੀਆਂ ਜਾਂਦੀਆਂ ਜਿਆਦਤੀਆਂ ਨੂੰ ਕੁੱਝ ਠੱਲ ਪੈਣੀ ਸ਼ੁਰੂ ਹੋਈ।

ਜਿਸ ਨਾਲ ਔਰਤਾਂ ਨੂੰ ਪੜ੍ਹਨ, ਲਿਖਣ ਦੀ ਆਜਾਦੀ ਮਿਲੀ। ਚਾਰ ਦੀਵਾਰੀ ਤੋਂ ਬਾਹਰ ਨਿਕਲਣ ਅਤੇ ਰੋਜਗਾਰ ਲਈ, ਨੌਕਰੀਆਂ ਲਈ ਸੰਵਿਧਾਨਕ ਖੁੱਲ੍ਹ ਮਿਲਣ ਲੱਗੀ। ਔਰਤਾਂ ਨੇ ਵੀ ਇਹਨਾਂ ਮੌਕਿਆਂ ਦਾ ਭਰਪੂਰ ਫਾਇਦਾ ਲਿਆ। ਜਿਸ ਦੇ ਨਤੀਜੇ ਵਜੋਂ ਔਰਤਾਂ ਸਿੱਖਿਆ ਦੇ ਖੇਤਰ ਵਿੱਚ ਮੱਲ੍ਹਾਂ ਮਾਰਨ ਲੱਗੀਆਂ। ਸਮਾਜ ਦੀਆਂ ਧੀਆਂ ਨੇ ਸਿੱਖਿਆ ਦੇ ਖੇਤਰ ਵਿੱਚ ਲੜਕਿਆਂ ਨੂੰ ਪਛਾੜ ਦਿੱਤਾ। ਇਸ ਵਿੱਚ ਇੱਕ ਹੋਰ ਕ੍ਰਾਂਤੀ ਆਈ ਕਿ ਸਦੀਆਂ ਤੋਂ ਛੇਕੇ ਗਏ, ਹਾਸ਼ੀਏ 'ਤੇ ਸੁੱਟੇ ਗਏ ਦਲਿਤ ਸਮਾਜ ਦੀਆਂ ਧੀਆਂ ਨੇ ਵੀ ਆਪਣੇ ਆਪ ਨੂੰ ਸਾਬਿਤ ਕੀਤਾ, ਸਥਾਪਤ ਕਰ ਰਹੀਆਂ ਹਨ।

ਸਾਲ 1999 ਵਿੱਚ ਪੰਜਾਬ ਦੇ ਦਸਵੀਂ ਜਮਾਤ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਨੇ ਉਦੋਂ ਸਭ ਨੂੰ ਹੈਰਾਨ ਕਰ ਦਿੱਤਾ ਜਦੋਂ ਇੱਕ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਲੜਕੀ 'ਸਵਿਤਾ ਮੱਲ' ਪਿੰਡ ਕਲੇਰਾਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ 94 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਪਹਿਲੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਦੇਸ਼ ਦੀ ਸਭ ਤੋਂ ਵੱਧ ਮੁਕਾਬਲੇ ਵਾਲੀ ਪਬਲਿਕ ਸਰਵਿਸ ਕਮਿਸ਼ਨ, ਜਿੱਥੋਂ ਦੇਸ਼ ਦੀ ਅਫਸਰਸ਼ਾਹੀ, ਕਮਿਸ਼ਨਰ, ਡਿਪਟੀ ਕਮਿਸ਼ਨਰ, ਸਕੱਤਰ, ਪ੍ਰਿੰਸੀਪਲ ਸਕੱਤਰ ਆਦਿ ਬਣਦੇ ਹਨ, ਦੀਆਂ ਦੋਵੇਂ ਪ੍ਰੀਖਿਆਵਾਂ ਵਿੱਚੋਂ ਦਲਿਤ ਸਮਾਜ ਦੀ ਹੀ 'ਟੀਨਾ ਡਾਬੀ' ਨਾਂ ਦੀ ਲੜਕੀ ਨੇ ਟਾਪ ਕੀਤਾ ਅਤੇ ਭਾਰਤ ਸਮੇਤ ਪੂਰੀ ਦੁਨੀਆਂ ਨੂੰ ਆਪਣੀ ਕਾਬਲੀਅਤ ਨਾਲ ਹੈਰਾਨ ਕੀਤਾ। ਪਿਛਲੇ ਕਰੀਬ ਇੱਕ ਦਹਾਕੇ ਤੋਂ ਲੜਕੀਆਂ ਨੇ ਮੈਡੀਕਲ, ਇੰਜੀਨੀਅਰਿੰਗ, ਖੇਡਾਂ, ਕੰਪਿਊਟਰ ਸਾਇੰਸ, ਨਾਨ ਮੈਡੀਕਲ, ਕਾਮਰਸ, ਆਰਟਸ ਬਹੁਤ ਉੱਪਲਬਧੀਆਂ ਆਪਣੇ ਨਾਂ ਕਰਵਾਈਆਂ ਹਨ। ਲੜਕੀਆਂ ਪੁਲਿਸ, ਬੀ.ਐਸ.ਐਫ, ਪਾਇਲਟ ਬਣ ਰਹੀਆਂ ਹਨ, ਮਾਊਂਟ ਐਵਰੈਸਟ ਵਰਗੀਆਂ ਚੋਟੀਆਂ ਨੂੰ ਸਰ ਕਰ ਰਹੀਆਂ ਹਨ। ਭਾਰਤ ਦੀ ਵਿਗਿਆਨਕ ਸੰਸਥਾ ISRO (Indian Space Research Organisation) ਅਤੇ ਵਿਸ਼ਵ ਦੀ ਵਿਗਿਆਨਕ ਸੰਸਥਾ NASA (National Aeronautics and Space Administration) ਵਿੱਚ ਵੀ ਲੜਕੀਆਂ ਨੇ ਕਦਮ ਰੱਖ ਲਿਆ। ਐਨਾ ਹੀ ਨਹੀਂ ਭਾਰਤ ਵਿੱਚ ਸੰਵਿਧਾਨਕ ਅਧਿਕਾਰਾਂ ਬਦੌਲਤ ਔਰਤਾਂ ਨੇ ਭਾਰਤੀ ਰਾਜਨੀਤੀ ਵਿੱਚ ਵੀ ਇੱਕ ਵੱਖਰਾ ਮੁਕਾਮ ਹਾਸਿਲ ਕੀਤਾ ਹੈ। ਭਾਰਤ ਵਿੱਚ ਪਹਿਲੀ ਔਰਤ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਬਣੀ ਅਤੇ ਪਹਿਲੀ ਰਾਸ਼ਟਰਪਤੀ ਸ਼੍ਰੀਮਤੀ ਪ੍ਰਤਿਭਾ ਦੇਵੀ ਪਾਟਿਲ ਬਣੀ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ-ਪ੍ਰਦੇਸ਼ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ (ਸ਼ੋਸ਼ਿਤ ਸਮਾਜ ਵਿੱਚੋਂ ਪਹਿਲੀ ਮੁੱਖ ਮੰਤਰੀ ਜਿਸ ਨੂੰ ਦੁਨੀਆਂ ਨੇ ਆਇਰਨ ਲੇਡੀ ਵਜੋਂ ਸਵਿਕਾਰ ਕੀਤਾ, ਇਸ ਨੂੰ ਇੱਕ ਕ੍ਰਾਂਤੀ ਹੀ ਕਿਹਾ ਜਾਵੇਗਾ)।



ਭਾਰਤ ਦੀਆਂ ਅਦਾਲਤਾਂ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਭਾਰਤੀ ਔਰਤਾਂ ਜੱਜ ਬਣ ਰਹੀਆਂ ਹਨ। ਅਮਰੀਕਾ ਦੇ ਕੈਲੀਫੋਰਨੀਆਂ ਦੀ ਸੁਪਰੀਮ ਕੋਰਟ ਦੀ ਜੱਜ ਭਾਰਤੀ ਮੂਲ ਦੀ 'ਮੰਜਰੀ ਚਾਵਲਾ' ਬਣੀ ਹੈ। ਔਰਤਾਂ ਵਕੀਲ, ਜੱਜ, ਡੀ.ਸੀ. ਆਦਿ ਬਣ ਰਹੀਆਂ ਹਨ ਅਤੇ ਨਾਲ ਹੀ ਵਿਦੇਸ਼ ਮੰਤਰੀ, ਸਿੱਖਿਆ ਮੰਤਰੀ, ਵਿੱਤ ਮੰਤਰੀ, ਸਿੱਖਿਆ ਸਕੱਤਰ, ਕੰਪਨੀਆਂ ਵਿੱਚ ਸੀ.ਈ.ਓ. ਸਮੇਤ ਤਮਾਮ ਖੇਤਰਾਂ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮੰਨਵਾ ਰਹੀਆਂ ਹਨ, ਜਿਸ ਕਾਰਨ ਪੂਰੀ ਦੁਨੀਆਂ ਵਿੱਚ ਭਾਰਤ ਦਾ ਨਾਂ ਰੌਸ਼ਨ ਹੋ ਰਿਹਾ ਹੈ। ਇੱਕੀਵੀਂ ਸਦੀ ਦੇ ਭਾਰਤ ਦੀ ਤਰਾਸਦੀ ਹੈ ਕਿ ਭਾਰਤ ਵਿੱਚ ਅੱਜ ਵੀ ਕਰੋੜਾਂ ਔਰਤਾਂ ਸਿੱਖਿਆ ਤੋਂ ਵਾਂਝੀਆਂ ਹਨ, ਗਰੀਬੀ, ਬੇਰੁਜਗਾਰੀ ਵਿੱਚ ਉਹਨਾਂ ਦਾ ਅਤੇ ਉਹਨਾਂ ਦੇ ਪਰਿਵਾਰ ਦਾ ਜਿਊਣਾ ਦੁਬਰ ਹੈ। ਉਹ ਸਦੀਆਂ ਤੋਂ ਸਿਰਫ ਪੇਟ ਭਰਨ ਲਈ ਜੀਅ ਰਹੇ ਹਨ। ਦੁਨੀਆਂ ਬਦਲ ਰਹੀ ਹੈ ਪਰ ਉਹ ਸਿਰਫ ਜਿੰਦਗੀ ਕੱਟਣ ਲਈ ਮਜਬੂਰ ਹਨ, ਜਿੰਦਗੀ ਜਿਊਣ ਦਾ ਕੋਈ ਉਦੇਸ਼ ਨਹੀਂ ਹੈ। ਉਹਨਾਂ ਪ੍ਰਤੀ ਸਰਕਾਰਾਂ ਵੀ ਅਵੇਸਲੀਆਂ ਹਨ। ਜੇਕਰ ਸਰਕਾਰਾਂ ਉਹਨਾਂ ਹਾਸ਼ੀਏ 'ਤੇ ਸੁੱਟੇ ਹੋਏ ਵਰਗਾਂ ਅਤੇ ਔਰਤਾਂ ਦੇ ਹੱਕਾਂ ਲਈ ਕ੍ਰਾਂਤੀਕਾਰੀ ਕਦਮ ਉਠਾਉਣ ਤਾਂ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਤਰੱਕੀ ਦੀਆਂ ਹੋਰ ਮੰਜਿਲਾਂ ਛੂਹੇਗਾ। ਸਾਡੇ ਦੇਸ਼ ਵਿੱਚ ਬਹੁਤੀਆਂ ਔਰਤਾਂ ਅਜੇ ਵੀ ਆਪਣੇ ਅਧਿਕਾਰਾਂ ਤੋਂ ਅਣਜਾਣ ਹਨ। ਦੇਸ਼ ਦੇ ਕਈ ਸੂਬਿਆਂ ਵਿੱਚ ਅੱਜ ਵੀ ਔਰਤਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਹੈ। ਲੜਕੀਆਂ ਨੂੰ ਜਨਮ ਸਮੇਂ ਹੀ ਜਾਂ ਮਾਂ ਦੇ ਗਰਭ ਵਿੱਚ ਹੀ ਭਰੂਣ ਹੱਤਿਆ ਕਰਵਾ ਦਿੱਤੀ ਜਾਂਦੀ ਹੈ। ਪੰਜਾਬ ਭਰੂਣ ਹੱਤਿਆ ਵਿੱਚ ਸਭ ਤੋਂ ਅੱਗੇ ਰਿਹਾ ਹੈ। ਜੋ ਕਿ ਗੁਰੂਆਂ ਦੀ ਧਰਤੀ ਦੇ ਮੱਥੇ 'ਤੇ ਕਲੰਕ ਹੈ ਪਰ ਨਵਾਂਸ਼ਹਿਰ ਜ਼ਿਲ੍ਹੇ ਦੇ ਰਹਿ ਚੁੱਕੇ ਡਿਪਟੀ ਕਮਿਸ਼ਨਰ ਕ੍ਰਿਸ਼ਨ ਕੁਮਾਰ ਦੁਆਰਾ ਭਰੂਣ ਹੱਤਿਆ ਵਿਰੁੱਧ ਮੁਹਿੰਮ ਤੋਂ ਬਾਅਦ ਇਸ ਵਿੱਚ ਬਹੁਤ ਕਮੀ ਆਈ ਹੈ। ਇਹ ਮਾਡਲ ਸਰਕਾਰਾਂ ਵਲੋਂ ਅਪਣਾਇਆ ਗਿਆ ਹੈ। ਇਸੇ ਤਰ੍ਹਾਂ

ਰਾਜਸਥਾਨ ਵਿੱਚ ਕਈ ਥਾਈਂ ਬਾਲ ਵਿਆਹ ਹੁੰਦੇ ਹਨ। ਹਰਿਆਣੇ ਅਤੇ ਯੂ.ਪੀ. ਦੀਆਂ ਖਾਪ ਪੰਚਾਇਤਾਂ ਔਰਤਾਂ ਵਿਰੁੱਧ ਆਏ ਦਿਨ ਫੈਸਲੇ ਸੁਣਾਉਂਦੀਆਂ ਰਹਿੰਦੀਆਂ ਹਨ।

ਦਰਅਸਲ ਇਹ ਲੋਕਾਂ ਦੇ ਦਿਮਾਗ ਵਿੱਚ ਘਰ ਕਰ ਚੁੱਕੀ ਪੁਰਾਤਨ ਭਾਰਤੀ ਸੰਸਕ੍ਰਿਤੀ ਵਿੱਚ ਮਰਦ ਪ੍ਰਧਾਨ ਸਮਾਜ ਦੀ ਬਣਤਰ ਹੈ। ਜਿਸ ਵਿੱਚ ਔਰਤਾਂ ਦੇ ਸਿਰਫ ਫਰਜ ਹਨ, ਅਧਿਕਾਰ ਦੇ ਨਾਂ 'ਤੇ ਸਿਰਫ ਸ਼ੋਸ਼ਣ ਹੈ। ਸੰਵਿਧਾਨ ਦੁਆਰਾ ਮਿਲੇ ਅਧਿਕਾਰਾਂ ਦੀ ਵਰਤੋਂ ਵੀ ਕਈ ਵਾਰ ਔਰਤ ਦੀ ਜਗ੍ਹਾ ਮਰਦ ਕਰਦਾ ਹੈ ਜਿਵੇਂ ਸਰਪੰਚ ਔਰਤ ਹੁੰਦੀ ਹੈ ਤੇ ਕੰਮ ਉਸਦਾ ਪਤੀ ਕਰਦਾ ਹੈ। ਇਸ ਦਾ ਕਾਰਨ ਇਹ ਹੀ ਹੈ ਕਿ ਔਰਤਾਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ। ਸਿੱਖਿਆ ਹਰ ਮਰਦ ਔਰਤ ਦਾ ਮੁੱਢਲਾ ਅਧਿਕਾਰ ਹੈ। ਇਹ ਅਧਿਕਾਰ ਜਿਸ ਭਾਵਨਾ ਨਾਲ ਦਿੱਤਾ ਗਿਆ, ਜੇਕਰ ਉਸੇ ਭਾਵਨਾ ਨਾਲ ਲਾਗੂ ਕੀਤਾ ਜਾਵੇ ਤਾਂ ਬਹੁਤ ਵੱਡੀ ਤਬਦੀਲੀ ਆ ਸਕਦੀ ਹੈ।

ਸਮਾਜ, ਔਰਤਾਂ ਅਤੇ ਮਰਦਾਂ ਦੀ ਬਰਾਬਰਤਾ ਲਈ ਖੁੱਲ੍ਹ ਕੇ ਸੰਘਰਸ਼ ਕਰਨ ਵਾਲੀਆਂ ਸੰਸਥਾਵਾਂ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਵੀ ਜੇ ਸਹੀ ਇਰਾਦੇ ਨਾਲ ਇੱਕਮਿੱਕ ਹੋ ਕੇ ਕੰਮ ਕਰਨ ਤਾਂ ਹਜਾਰਾਂ ਸਾਲਾਂ ਦੇ ਇਸ ਪਾੜੇ ਨੂੰ ਖਤਮ ਕਰਕੇ ਬਰਾਬਰਤਾ ਵਾਲੀ ਵਿਵਸਥਾ ਲਾਗੂ ਹੋ ਸਕਦੀ ਹੈ। ਬਰਾਬਰਤਾ ਲਈ ਇਹ ਖਬਰ ਸ਼ਾਇਦ ਸਭ ਤੋਂ ਵੱਡੀ ਹੈ ਕਿ ਕਨੇਡਾ ਦੀ ਕੈਬਨਿਟ ਵਿੱਚ ਔਰਤਾਂ ਨੂੰ ਬਰਾਬਰ ਪ੍ਰਤੀਨਿਧਤਾ ਦੇ ਕੇ ਦੁਨੀਆਂ ਨੂੰ ਸੰਦੇਸ਼ ਦਿੱਤਾ ਹੈ ਅਤੇ ਭਾਰਤ ਵਾਸੀਆਂ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਪ੍ਰੇਰਨਾ ਸ੍ਰੋਤ ਹੈ। ਮਨੁੱਖਤਾ ਨੂੰ ਪਿਆਰ ਕਰਨ ਵਾਲਿਓ, ਧੀਆਂ, ਪੁੱਤਰਾਂ ਨੂੰ ਬਰਾਬਰ ਸਮਝਣ ਵਾਲਿਓ, ਵੱਖ-ਵੱਖ ਸੰਗਠਨਾਂ ਵਿੱਚ ਅਹੁੱਦੇਦਾਰੀਆਂ ਦੀਆਂ ਪੌੜੀਆਂ ਚੜ੍ਹ ਕੇ ਬੈਠੇ ਭੈਣੋ-ਭਰਾਵੋ, ਆਓ ਔਰਤਾਂ ਜਿਹਨਾਂ ਨੇ ਮਨੁੱਖ ਨੂੰ ਸਿਰਜਿਆ ਹੈ, ਜਿਹਨਾਂ ਦੀ ਬਦੌਲਤ ਇਸ ਦੁਨੀਆਂ 'ਤੇ ਸਾਹ ਲੈਣ ਦਾ ਮੌਕਾ ਮਿਲਿਆ ਹੈ, ਉਹਨਾਂ ਨੂੰ ਆਪਣੀ ਦੁਨੀਆਂ ਆਪ ਸਿਰਜਣ ਦੇ ਮੌਕੇ ਦਈਏ। ਸਮਾਜ ਵਿੱਚ ਪੜ੍ਹਨ, ਲਿਖਣ ਅਤੇ ਆਜਾਦੀ ਭਰੀ ਜਿੰਦਗੀ ਜਿਊਣ ਦੇ ਮੌਕੇ ਦਈਏ ਕਿਉਂਕਿ ਔਰਤਾਂ ਬਿਨਾਂ ਸਮਾਜ ਦੀ ਉਤਪੱਤੀ ਸੰਭਵ ਨਹੀਂ।

ਇੱਕ ਵਿਦਵਾਨ ਲੇਖਕ ਡਾ. ਕਪੂਰ ਨੇ ਇੱਕ ਵਿਆਹ ਦੇ ਸੰਬੰਧ ਵਿੱਚ ਪੱਤਰ ਵਿੱਚ ਲਿਖਿਆ ਕਿ ੨ਵਿਆਹ ਤੁਸੀਂ ਨਹੀਂ ਕਰ ਰਹੇ, ਇਹ ਤੁਹਾਡੇ ਨਾਲ ਵਾਪਰ ਰਿਹਾ ਹੈ। ਤੁਸੀਂ ਸਾਬਤੇ ਕਦਮਾਂ ਨਾਲ ਹੁਣ ਜਿੰਦਗੀ ਬਾਰੇ ਸੋਚ ਸਕੋਗੇ। ਪਤਨੀ ਦਾ ਸਾਥ ਮਿਲਣ ਕਰਕੇ ਤੁਸੀਂ ਤਾਂ ਚੰਗੇ ਭਾਗਾਂ ਵਾਲੇ ਹੋ ਹੀ, ਤੁਸੀਂ ਸਾਬਿਤ ਕਰਨਾ ਹੈ ਕਿ ਤੁਹਾਡੀ ਪਤਨੀ ਵੀ ਖੁਸ਼ਕਿਸਮਤ ਹੈ, ਜਿਸ ਨੂੰ ਤੁਸੀਂ ਮਿਲ ਰਹੇ ਹੋ। ਪਤਨੀ ਦਾ ਸਤਿਕਾਰ ਕਰਨ ਨਾਲ ਤੁਹਾਨੂੰ ਜਿੰਦਗੀ ਵਿੱਚ ਕਿਸੇ ਚੀਜ ਦੀ ਕਮੀ ਨਹੀਂ ਹੋਵੇਗੀ"।

ਇਸੇ ਤਰ੍ਹਾਂ ਮਾਵਾਂ ਬਾਰੇ ਕਿਹਾ ਗਿਆ ਹੈ ਕਿ ੨ਜੇਕਰ ਕੋਈ ਜੀਵ ਕਿਸੇ ਦੂਜੇ ਜੀਵ ਦੇ ਸਾਹ ਵਿੱਚ ਸਾਹ ਲੈ ਸਕਦਾ ਹੈ ਤਾਂ ਉਸਦਾ ਨਮੂਨਾ ਮਾਂ ਹੈ"। (ਪ੍ਰੀਤਲੜੀ)

ਇਸ ਲਈ ਧੀਆਂ ਨੂੰ ਫੁੱਲਾਂ ਵਾਂਗ ਖਿੜਨ ਦਿਓ ਅਤੇ ਮਿਆਰੀ ਸਿੱਖਿਆ ਦਿਓ, ਸਮਾਂ ਆਵੇਗਾ ਜਦੋਂ ਉਹ ਤੁਹਾਡਾ ਮਾਰਗ ਦਰਸ਼ਨ ਕਰਨਗੀਆਂ। ਔਰਤਾਂ ਅਤੇ ਮਰਦ ਜਿਸ ਦਿਨ ਸੱਚਮੁੱਚ ਬਰਾਬਰਤਾ 'ਤੇ ਆ ਗਏ, ਭਾਰਤ ਇੱਕ ਮਹਾਨ ਦੇਸ਼ ਬਣ ਜਾਵੇਗਾ।

## ਹੱਥੀ ਅੱਟਣ ਵਿਆਈਆਂ ਪੈਰੀ

ਹੱਥੀਂ ਅੱਟਣ, ਵਿਆਈਆਂ
ਪੈਰੀਂ, ਛਾਲਿਆਂ ਦੀ ਗੱਲ ।
ਚੰਗੀ ਲੱਗੇ ਨਾ ਹਨੇਰੇ ਨੂੰ
ਉਜਾਲਿਆਂ ਦੀ ਗੱਲ ।

ਚੋਂਦੇ ਕੋਠਿਆਂ ਦਾ ਸਹਿਮ
ਜਿਹੜਾ ਝੱਲਦਾ ਉਹ ਜਾਣੇ
ਬੋਡੇ ਛੱਤ ਦੇ ਸ਼ਤੀਰ, ਟੁੱਟੇ
ਬਾਲਿਆਂ ਦੀ ਗੱਲ ।

ਕਿਵੇਂ ਰੁਲ਼ਦੇ ਪਰਦੇਸੀਂ
ਕੋਈ ਪੁੱਛਦਾ ਨਹੀਂ ਯਾਰ
ਸੱਭ ਕਰਦੇ ਨੇ ਏਥੇ , ਪੌਂਡਾਂ
ਡਾਲਿਆਂ ਦੀ ਗੱਲ।

ਜਦੋਂ ਪੁੱਜ ਕੇ ਅੱਯਾਸ਼,
ਹੋ ਜਾਏ ਹਾਕਮ ਕਿਤੋਂ ਦਾ
ਕੌਣ ਸੁਣੇ ਫੇਰ ਕੰਗਲੇ
ਕੰਗਾਲਿਆਂ ਦੀ ਗੱਲ ।

ਰਾਣੀ ਅੱਗਾ ਢਕ ਆਖੇ
ਕੌਣ, ਹਿੰਮਤਾਂ ਜੁਟਾ ਕੇ
ਵੇਂਹਦੇ ਬਿੱਟ ਬਿੱਟ ਸਾਰੇ
ਭੈੜੇ ਚਾਲਿਆਂ ਦੀ ਗੱਲ ।

ਏ ਸੀ ਹੋਟਲਾਂ ਚ ਬੈਠ
ਕਰੇ ਹਾਕਮਾਂ ਦੀ ਢਾਣੀ
ਬੱਸ ਸਾਕੀਆਂ, ਪੈਮਾਨਿਆਂ
ਪਿਆਲਿਆਂ ਦੀ ਗੱਲ ।

ਆ ਗਏ ਨਵੇਂ ਹਥਿਆਰ
ਤੋਪਾਂ, ਟੈਂਕ ਤੇ ਮਿਜ਼ਾਈਲ
ਬੀਤੇ ਸਮੇਂ ਦੀ ਕਹਾਣੀ,
ਨੇਜੇ, ਭਾਲਿਆਂ ਦੀ ਗੱਲ ।

ਪਹਿਲਾਂ ਯੋਗਾ ਯੋਗਾ ਕਰ
ਭਰਮਾਏ ਜੀਹਨੇ ਲੋਕ,
ਹੁਣ ਕਰੀ ਜਾਂਦੈ ਮਿਰਚਾਂ
ਮਸਾਲਿਆਂ ਦੀ ਗੱਲ ।

ਝੰਡਾ ਦੁਨੀਆਂ ਤੇ ਕਰੀਏ
ਮਨੁੱਖਤਾ ਦਾ ਉੱਚਾ
ਛੱਡ ਊਚ ਨੀਚ ਗੋਰਿਆਂ
ਜਾਂ ਕਾਲ਼ਿਆਂ ਦੀ ਗੱਲ ।

ਕੈਦ ਸੂਰਜਾਂ ਨੂੰ ਪਾਉਣ
ਲਈ ਕਰਦੇ ਓਹ 'ਲਾਲ',
ਬੇੜੀਆਂ, ਜ਼ੰਜੀਰਾਂ, ਜੇਲ੍ਹਾਂ
ਤਾਲਿਆਂ ਦੀ ਗੱਲ ।

- ਲਾਲ ਸਿੰਘ ਸੁਲਹਾਣੀ
9872155120



## ਬਾਬਾ ਸਾਹਿਬ ਇਕ ਸੋਚ

ਸੱਚ ਹੋ ਗਿਆ ਸੋਲ੍ਹਾਂ ਆਨੇ,
ਗੱਲ ਜ਼ਿਹਨ ਦੇ ਪਾ ਲਓ ਖਾਨੇ,
ਬਿਨ ਦਰਦ ਦੇ ਰੂਹ ਕੋਈ ਹਉਕਾ ਭਰਦੀ ਨਹੀਂ ਹੁੰਦੀ,
ਬਾਬਾ ਸਾਹਿਬ ਇਕ ਸੋਚ, ਸੋਚ ਕਦੇ ਮਰਦੀ ਨਹੀਂ ਹੁੰਦੀ।

ਦੁਸ਼ਮਣ ਲਈ ਤਲਵਾਰ ਢਾਲ ਮਜ਼ਲੂਮਾਂ ਦੇ ਲਈ ਹੈ,
ਆਪਣੇ ਵਤਨ ਬੇਗਾਨੀਆਂ ਹੋਈਆਂ ਕੂੰਜਾਂ ਦੇ ਲਈ ਹੈ,
ਸੁੱਤਿਆਂ ਰਹਿ ਕੇ ਕਦੇ ਕੌਮ ਕੋਈ ਤਰਦੀ ਨਹੀਂ ਹੁੰਦੀ,

ਬਿਨ ਸੋਚ ਦੇ ਵਿਚ ਹਨੇਰਿਆਂ ਭਟਕਣ ਵਰਗਾ ਏ
ਬਿਨ ਨਿਸ਼ਾਨੇ ਰਾਹਾਂ ਦੇ ਵਿਚ ਅਟਕਣ ਵਰਗਾ ਏ

ਮੌਕਾਪ੍ਰਸਤ ਪਾਖੰਡੀਆਂ ਦੀ ਗੁੱਡੀ ਚੜ੍ਹਦੀ ਨਹੀਂ ਹੁੰਦੀ

ਬਿਨ ਗੁਰੂ ਦੇ ਜੰਗ ਕੋਈ ਜੌਣੇ ਜਿੱਤੀ ਜਾਵੇ ਨਾ,
ਪਸ਼ੂਆਂ ਦੇ ਲਈ ਬਲੀ ਮਨੁੱਖ ਦੀ ਦਿੱਤੀ ਜਾਵੇ ਨਾ
ਮਲਕੀਤ ਬੁਰਾਈ ਸੱਚ ਨੂੰ ਕਦੇ ਵੀ ਜਰਦੀ ਨਹੀਂ ਹੁੰਦੀ



-ਪ੍ਰੋ ਮਲਕੀਤ ਜੌੜਾ
91-98725-34278

## ਯਾਦਾਂ

ਯਾਦਾਂ ਵਿੱਚ ਸਹਾਰੇ ਉਸਦੇ।
ਦਿਸਦੇ ਨੈਣ ਪਿਆਰੇ ਉਸਦੇ।

ਮੈਨੂੰ ਤਾਂ ਸਭ ਚੰਗੇ ਲਗਦੇ
ਮਾੜੇ ਵੀ ਵਰਤਾਰੇ ਉਸਦੇ।

ਹੋਰ ਭਲਾ ਨਾ ਕੁਝ ਵੀ ਸਮਝਾਂ
ਸਮਝਾਂ ਬੱਸ ਇਸ਼ਾਰੇ ਉਸਦੇ।

ਸਿਰ ਨਾ ਮੇਰਾ ਝੁਕਦਾ ਹਰ ਥਾਂ
ਝੁਕਦਾ ਬਸ ਦਰਬਾਰੇ ਉਸਦੇ।

ਗਲਤੀ ਮੇਰੀ ਤੇ ਹੈ ਰੌਲਾ
ਦਿਸਦੇ ਨਾ ਪਰ ਕਾਰੇ ਉਸਦੇ।

ਮੇਰਾ ਕੋਈ ਵੀ ਨਾ ਬਣਿਆ
ਪੈਸੇ ਜਿਸਦਾ ਸਾਰੇ ਉਸਦੇ।

ਮਹਿਲਾਂ ਤੋਂ ਵੀ ਸੋਹਣੇ ਲਗਦੇ
ਮੈਨੂੰ ਤਾਂ ਨੇ ਢਾਰੇ ਉਸਦੇ।

ਪੋਲ ਜਦੋਂ ਸੀ ਖੁੱਲ੍ਹੀ ਉਸਦੀ
ਚੜ੍ਹ 'ਗੇ ਸੀ ਫਿਰ ਪਾਰੇ ਉਸਦੇ।



**ਹਰਦੀਪ ਬਿਰਦੀ**
+91-90416-00900

## ਆਤਮ-ਨਿਰਭਰਤਾ ਦਾ ਰੌਲ਼ਾ

ਭਾਰਤ ਦੀ ਜਨਤਾ ਤਾਂ, ਪਹਿਲਾਂ ਤੋਂ ਈ ਆਤਮ-ਨਿਰਭਰ ਹੈ,
ਨਿਰਭਰ ਰਹਿਣ ਦੀ ਆਦਤ ਕੇਵਲ, ਨੇਤਾਵਾਂ ਦੀ ਲੋੜ ਹੋਈ।
ਬੇਸ਼ੱਕ ਸੇਵਕ ਜਨਤਾ ਦੇ ਪਰ ਮਾਲਕ ਬਣ ਕੇ ਬਹਿ ਜਾਂਦੇ,
ਸਿੰਗ ਮਾਰਨ ਲਈ ਜਨਤਾ ਦੇ, ਲੱਗਦੈ ਪਸ਼ੂਆਂ ਦੀ ਦੌੜ ਹੋਈ।
ਜਨਤਾ ਦੇ ਜੋ ਮਾਰਨ ਲਾਠੀ, ਸੁਰੱਖਿਅਕ ਉਹਨੂੰ ਕਹਿ ਦਿੰਦੇ,
ਫੇਰ ਇਨ੍ਹਾਂ ਦੇ ਮੌਰ ਭੰਨਣ ਲਈ, ਲਾਠੀਆਂ ਦੀ ਕਿਉਂ ਥੋੜ ਹੋਈ।
ਪੰਜਾਂ ਸਾਲਾਂ ਬਾਅਦ ਇਹ ਲੀਡਰ, ਚਮਚੇ ਲੈ ਕੇ ਆਉਂਦੇ ਨੇ,
ਲੋਕਤੰਤਰ ਪ੍ਰਣਾਲੀ ਜੋ ਹੈ, ਜਨਤਾ ਲਈ ਉਹ ਕੋਹੜ ਹੋਈ।
ਭਾਰਤ ਦੇਸ਼ ਮਹਾਨ ਦੇ ਨੇਤਾ, ਵੇਚ ਜ਼ਮੀਰਾਂ ਖਾ ਗਏ ਨੇ,
ਅਨਿਆਂ ਵਾਲਾ ਟੱਲ ਖੜਕਦਾ, ਨਿਆਂ ਦੇ ਨਾਲ ਖਰੋੜ ਹੋਈ।
ਸੱਚ ਤਾਂਈਂ ਲੋਕੀ ਕਰਨ ਸਲਾਮਾਂ, ਮਨ ਦਾ ਇੱਕ ਭੁਲੇਖਾ ਏ,
ਅਸਲ ਰੂਪ ਵਿੱਚ ਏਸ ਸੱਚ ਦੀ, ਉਂਝ ਈ ਝੁੱਗੀ ਚੌੜ ਹੋਈ।
ਆਤਮ-ਨਿਰਭਰਤਾ ਦਾ ਰੌਲ਼ਾ, ਪਾ ਕਿਉਂ ਮੂਰਖ ਬਣਾਉਂਦੇ ਓ,
ਪਰਸ਼ੋਤਮ ਜਾਣੇ ਇਹ ਤਾਂ ਕੇਵਲ, ਸੱਚ ਨਹੀਂ ਹੈ ਫੌਹੜ ਹੋਈ।
ਲਾਠੀਆਂ ਮਾਰ ਕੇ ਜਿੱਤ ਮੌਤ 'ਤੇ, ਇਹ ਜੋ ਪਾਉਣਾ ਚਾਹੁੰਦੇ ਨੇ,
ਮੌਤ 'ਤੇ ਜਿੱਤ ਕੋਈ ਪਾ ਸਕੇ ਨਾ, ਸਰੋਏ ਇਹ ਗੱਲ ਕਮਜ਼ੋਰ ਹੋਈ।



**ਪਰਸ਼ੋਤਮ ਲਾਲ ਸਰੋਏ**
91-92175-44348

## ਪਿਤਾ ਦਿਵਸ 'ਤੇ

ਜੇ ਮਾਂ ਝਰਨੇ ਦਾ ਸ਼ੀਤਲ ਪਾਣੀ,
ਤਾਂ ਉਹ ਝਰਨਾ ਹੈ ਪਿਤਾ ਵਰਗਾ।
ਜੇ ਮਾਂ ਰੁੱਖਾਂ ਦੀ ਛਾਂ ਵਰਗੀ,
ਤਾਂ ਰੁੱਖ ਦਾ ਤਣਾ ਹੈ ਪਿਤਾ ਵਰਗਾ।
ਜੇ ਮਾਂ ਦੁਨੀਆਂ 'ਚ ਵਿਚਰਨਾ ਸਿਖਾਉਂਦੀ,
ਤਾਂ ਉਹ ਰਸਤਾ ਹੈ ਪਿਤਾ ਵਰਗਾ।
ਜੇ ਮਾਂ ਵਿੱਦਿਆ ਦਾ ਪਾਠ ਪੜਾਉਂਦੀ,
ਤਾਂ ਉਹ ਬਸਤਾ ਹੈ ਪਿਤਾ ਵਰਗਾ।
ਜੇ ਮਾਂ ਉਂਗਲ ਫੜ ਤੁਰਨਾ ਸਿਖਾਉਂਦੀ,
ਤਾਂ ਉਹ ਹੱਥ ਹੈ ਪਿਤਾ ਵਰਗਾ।
ਜੇ ਮਾਂ ਦੇਵੀ ਦੀ ਮੂਰਤ ਵਰਗੀ,
ਤਾਂ ਉਹ ਰੱਬ ਵੀ ਹੈ ਪਿਤਾ ਵਰਗਾ।
ਜੇ ਮਾਂ ਦੁੱਖਾਂ ਦਾ ਦਾਰੂ ਹੈ
ਤਾਂ ਪਿਤਾ ਵੀ ਹੈ ਅਰਦਾਸ ਵਰਗਾ।
ਜੇ ਮਾਂ ਜ਼ਖਮਾਂ ਤੇ ਮੱਲਮ ਹੈ ਲਾਉਂਦੀ,
ਤਾਂ ਪਿਤਾ ਵੀ ਹੈ ਇੱਕ ਢਾਸ ਵਰਗਾ।
ਪਿਤਾ ਬਿਨ ਮਾਂ ਇੰਝ ਹੀ ਹੈ,
ਜਿਵੇਂ ਦੀਵਾ ਬਿਨ ਬਾਤੀ ਵਰਗਾ।
'ਲੱਕੀ' ਜੇ ਮਾਂ 'ਤੇ ਲਿਖਣਾ ਚਾਹੇ,
ਤਾਂ ਪਿਤਾ ਹੈ ਉਸ ਦੀ ਸਿਆਹੀ ਵਰਗਾ।



**– ਅਮਰਦੀਪ ਕੌਰ 'ਲੱਕੀ'**
ਲੁਧਿਆਣਾ

## ਸੈਰ- ਯੋਗਾ-ਕਸਰਤ

ਦਿਲ ਥਰ-ਥਰ ਪਿਆ ਕਰਦਾ ਏ,
ਨਾਲੇ ਘੱਟਦਾ ਏ ਨਾਲੇ ਫਟਦਾ ਏ।
ਤਨ ਜਾਨ ਗਈ ਮਨ ਸੋਚ ਗਈ,
ਡੱਕੇ ਡੋਲੇ ਖਾਂਦੀ ਜਿੰਦ ਲੋਚ ਗਈ ।
ਮੈਨੂੰ ਸਾਂਭ ਲੈ ਟੀਟੂ ਦੇ ਭਾਇਆ ਵੇ,
ਮੇਰੇ ਅੰਦਰੋਂ ਜਾਨ ਗਈ ਹੋਸ਼ ਗਈ ।

ਕਿਉਂ ਘਬਰਾਈ ਟੀਟੂ ਦੀ ਮੰਮੀ ਨੀ,
ਹੋਈ ਉਮਰ ਨਾਲ ਚਾਲ ਨਿਕੰਮੀ ਨੀ ।
ਮੂੰਹ ਦੇ ਦੰਦ ਗਏ ਜਿਸਮ ਦੇ ਤੰਦ ਗਏ,
ਅੱਖਾਂ ਦੀ ਰਹੀ ਨਾ ਨਜ਼ਰ ਸਵੱਲੀ ਨੀ ।
ਮੈਨੂੰ ਵੀ ਜੀਣਾ ਹੁਣ ਔਖਾ ਲਗਦਾ ਏ,
ਦਿਲ ਕੁਝ ਠੰਡੀਆਂ ਆਹਾਂ ਭਰਦਾ ਏ ।

ਉਠ ਡਾਕਟਰ ਨੂੰ ਨਬਜ਼ ਵਿਖਾ ਲੈ ਤੂੰ,
ਉਹਨੂੰ ਮੇਰੀ ਵੀ ਮਰਜ਼ ਸਮਝਾ ਲੈ ਤੂੰ ।
ਸਾਡੇ ਵਿੱਚ ਹਿੰਮਤ ਹੁਣ ਮੁਕ ਗਈ ਏ,
ਜਾਨ ਅੰਦਰੋਂ ਸੁੱਕਦੀ ੨ ਸੁੱਕ ਗਈ ਏ ।
ਹਰੇਕ ਗੱਲ ਤੇ ਮਨ ਪਿਆ ਡਰਦਾ ਏ,
ਕੁਝ ਕਰਨ ਨੂੰ ਜੀਅ ਨਹੀਂ ਕਰਦਾ ਏ ।

ਜਾ ਕੇ ਪੁੱਛਦਾ ਹਾਂ ਕੋਈ ਤਾਂ ਦਵਾ ਕੁੜੇ,
ਅੰਦਰੋਂ ਇਹ ਮਰਜ਼ ਹੀ ਹੋਵੇ ਰਫ਼ਾ ਕੁੜੇ ।
ਦਸਿਆ ਹਾਲ ਡਾਕਟਰ ਨੂੰ ਜਾਕੇ ਸੋਈ,
ਦਿੱਤੀ ਸੈਰ-ਯੋਗਾ-ਕਸਰਤ ਸਲਾਹ ਕੋਈ।
ਚਾਰ ਪੁੜੀਆਂ,ਗੋਲੀ ਵੀ ਉਸ ਦਿੱਤੀਆਂ ਨੇ,
ਨਾਲ ਨਸੀਹਤਾਂ ਵੀ ਉਸ ਕੀਤੀਆਂ ਨੇ ।

ਕੀ ਬਣਾ ਦਿੱਤੀ ਏ ਡਾਕਟਰ ਦਵਾ ਤੈਨੂੰ ?
ਕੀ ਦਸਿਆ ਮੇਰਾ ਨੁਕਸ ਸਮਝਾ ਮੈਨੂੰ ?
ਬਚਿਆਂ ਦਾ ਵੀ ਛੇਤੀ ਫ਼ੋਨ ਘੁੰਮਾ ਦੇ ਤੂੰ,
ਗੁਵਾਂਢੀਆਂ ਨੂੰ ਵੀ ਅਗਾਂਹ ਕਰਾ ਦੇ ਤੂੰ ।
ਅਸੀਂ ਪੈਰਾਂ ਤੋਂ ਦੋਨੋ ਹੀ ਹਿੱਲ ਗਏ ਹਾਂ,
ਅਸੀਂ ਖਿੱਲਾਂ ਵਾਂਗਰ ਖਿੱਲ ਗਏ ਹਾਂ ।

ਉਠ ਚਲ ਚਲੀਏ ਟੀਟੂ ਦੀ ਝਾਈ ਨੀ,
ਸੈਰ-ਯੋਗਾ-ਕਸਰਤ ਹੀ ਦਵਾਈ ਨੀ ।
ਕੱਟ ਦੇਣੇ ਇਨ੍ਹੇ ਹੀ ਸਾਡੇ ਕਸ਼ਟ ਕੂੜੇ,
ਭਾਵੇਂ ਹੋਵਣ ਮਨ ਭਰਮ ਤੇ ਹੱਡ ਜੁੜੇ ।
ਕੁਝ ਤੁਰਿਆ ਫਿਰਿਆ ਕਰ ਅੜੀਏ,
ਨਹੀਂ ਜਾਣਾ ਦਿਨੋ ਦਿਨ ਝੜ ਅੜੀਏ ।

ਖਾ ਲਈਏ ਪਹਿਲਾਂ ਗੋਲੀ,ਪੁੜੀ ਚੰਨਾ,
ਫਿਰ ਸਮਝ ਮੈਂ ਤੇਰੇ ਨਾਲ ਤੁਰੀ ਚੰਨਾ ।
ਕਿਤੇ ਪਾਰਕ ਵਿੱਚ ਘੁੰਮ ਆਉਦੇ ਆਂ,
ਬੈਠ ਗੂੜੀ ਛਾਂ ਥੱਲੇ ਦਿਲ ਲਾਉਣੇ ਆਂ ।
ਸੈਰ-ਯੋਗਾ-ਕਸਰਤ ਵਿੱਚ ਸ਼ੁਮਾਰ ਹੋਏ,



**– ਰਬਿੰਦਰ ਸ਼ਰਮਾ**
91-98146-67682

## ਦੱਸਦੇ ਆਪਣੀ ਮੰਗ ਕਰੋਨਾ

ਐਵੇਂ ਨਾ ਦਿਖਾ ਹੁਣ ਬਹੁਤੇ ਤੂੰ ਰੰਗ ਕਰੋਨਾ ।
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ ।

ਅਸੀਂ ਛੱਡੇ ਨੇ ਆਪਣੇ ਧੰਦੇ ਤੇ ਕੰਮ ਕਰੋਨਾ,
ਕਾਮੇ ਕੀਤੀ ਘਰ ਲਈ ਤੁਰ ੨ ਜੰਗ ਕਰੋਨਾ ।
ਵੇਖ ਹਿੰਮਤ ਇਨ੍ਹਾਂ ਦੀ ਹੋਵੇਂਗਾ ਦੰਗ ਕਰੋਨਾ,
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ ।

ਇਥੋਂ ਤਾਂ ਪਹਿਲਾਂ ਹੀ ਨਾ ਮੁੱਕੇ ਗੰਦ ਕਰੋਨਾ,
ਆਦਤ ਲੋਕਾਂ ਦੀ ਕਰਨੀ ਖੁਸਾਮੰਦ ਕਰੋਨਾ ।
ਅਸਿਮਪਟੋਮੈਟਿਕ ਤੇਰਾ ਨਵਾਂ ਢੰਗ ਕਰੋਨਾ,
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ ।

ਸਰਕਾਰਾਂ ਕੀਤਾ ਆਣਾ ਜਾਣਾ ਬੰਦ ਕਰੋਨਾ ,
ਤੂੰ ਕਰ ਦੁਖੀ ਕਿਉਂ ਲੈਣਾ ਏ ਅਨੰਦ ਕਰੋਨਾ।
ਐਵੇਂ ਨਾ ਕਰ ਬੰਦਿਆਂ ਦਾ ਮੋਹ ਭੰਗ ਕਰੋਨਾ,
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ ।

ਹੁਣ ਤਾਂ ਘਰ ੨ ਵਿੱਚ ਪਈ ਏ ਡੰਡ ਕਰੋਨਾ,
ਤੈਨੂੰ ਐਨਾ ਕਾਹਦਾ ਹੋਇਆ ਘਮੰਡ ਕਰੋਨਾ ।
ਥਾਲੀ,ਤਾਲੀ,ਸ਼ੰਖ,ਤੋਂ ਨਾਂ ਕੀਤੀ ਸੰਗ ਕਰੋਨਾ,
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ ।

ਤੂੰ ਬੱਚਿਆਂ ਦਾ ਨਾ ਕੀਤਾ ਖਿਆਲ ਕਰੋਨਾ,
ਐਵੇਂ ਫੈਲ 2 ਕੀਤੇ ਤੂੰ ਬੁੱਢੇ ਹਲਾਲ ਕਰੋਨਾ ।
ਜੋ ਕੁਝ ਵੀ ਹੈ ਦੱਸਦੇ ਆਪਣੀ ਮੰਗ ਕਰੋਨਾ,
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ ।

ਜੇ ਤੇਰੀ ਮੰਗ ਨਿਕਲੀ ਨਿਰਾਅਧਾਰ ਕਰੋਨਾ,
ਫਿਰ ਤੂੰ ਵੀ ਮਰਨ ਲਈ ਹੋ ਤਿਆਰ ਕਰੋਨਾ।
ਹੁਣ ਤੇਰੀ ਹੋਰ ਨਹੀਂ ਚੜ੍ਹਨੀ ਪਤੰਗ ਕਰੋਨਾ,
ਅਸੀਂ ਹੋਏ ਆਂ ਤੇਰੇ ਤੋਂ ਬਹੁਤ ਤੰਗ ਕਰੋਨਾ।

# ਮੁਹੱਬਤਾਂ ਵੰਡਦੀਆਂ ਕਲਮਾਂ 'ਚੋਂ ਲਹਿੰਦੇ ਪੰਜਾਬ ਦਾ ਸਿਰਮੌਰ ਪੱਤਰਕਾਰ, ਅਦੀਬ ਤੇ ਐਂਕਰ : ਜ਼ਫ਼ਰ ਇਕਬਾਲ ਜ਼ਫ਼ਰ

ਅੱਜ ਇਸ ਕਾਲਮ ਦੁਆਰਾ ਪਾਠਕਾਂ ਨਾ਼ਲ ਸਾਂਝੀ ਕਰਨ ਦੀ ਖੁਸ਼ੀ ਲੈ ਰਿਹਾ ਹਾਂ, ਪਿਆਰ-ਮੁਹੱਬਤਾਂ ਵੰਡਦੀਆਂ ਕਲਮਾਂ 'ਚੋਂ ਲਹਿੰਦੇ ਪੰਜਾਬ ਦੇ ਸਿਰਮੌਰ ਹਸਤਾਖ਼ਰ ਜ਼ਫ਼ਰ ਇਕਬਾਲ ਜ਼ਫਰ ਜੀ ਨਾ਼ਲ ਹੋਈ ਮੁਲਾਕਾਤ ਦੀ ਪੰਛੀ-ਝਾਤ :

''ਜ਼ਫ਼ਰ ਇਕਬਾਲ ਜੀ, ਕੀ ਤੁਸੀਂ ਸਾਡੇ ਪਾਠਕਾਂ ਨੂੰ ਆਪਣੇ ਅਤੇ ਆਪਣੇ ਪਰਿਵਾਰ ਦੀ ਪਿਛੋਕੜ ਬਾਰੇ ਜਾਣੂ ਕਰਵਾਓਗੇ?''

'' ਲੁਧਿਆਣਵੀ ਜੀ, ਸਭ ਤੋਂ ਪਹਿਲਾਂ ਤਾਂ ਮੈ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਵਾਂ ਕਿ ਤੁਸੀਂ ਮੈਨੂੰ ਆਪਣੇ ਪਲੇਟਫਾਰਮ ਉਤੇ ਗੱਲਬਾਤ ਕਰਨ ਦਾ ਮੌਕਾ ਦਿੱਤਾ। ਮੈਂ 23 ਮਾਰਚ, 1980 ਨੂੰ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਜਿਲਾ ਲਾਹੌਰ ਦੇ ਸ਼ਹਿਰ ਰਾਏਵਿੰਡ ਵਿਚ ਜੰਮਿਆ ਵਾਂ। ਮੇਰੇ ਪਿਉ ਦਾ ਨਾਮ ਮੁਹੰਮਦ ਇਕਬਾਲ ਅਤੇ ਦਾਦੇ ਦਾ ਨਾਮ ਸ਼ਰੀਫ ਲੋਹਾਰ ਏ। ਸਾਡੇ ਵੱਡ-ਵਡੇਰੇ ਪਹਿਲਾਂ ਤੋਂ ਹੀ ਲਹਿੰਦੇ ਪੰਜਾਬ ਦੇ ਜਿਲਾ ਕਸੂਰ ਦੇ ਪਿੰਡ ਕੋਟ ਅਨੂਪ ਸਿੰਘ (ਅੱਜ-ਕਲ ਮਾਨਾਂ ਵਾਲਾ ਰਾਓ ਖਾਨ ਵਾਲਾ) ਰਹਿੰਦੇ ਸਨ। ਮੇਰੇ ਨਾਨਾ ਨਾਨੀ ਦਾ ਤਾਲੁਕ ਭਾਰਤ ਦਾ, ਫਿਰੋਜ਼ਪੁਰ ਰੋਡ ਸੰਤੂਵਾਲ ਦਾ ਸੀ। ਜਦੋਂ 1947 ਈ. ਦੀ ਵੰਡ ਹੋਈ ਤਾਂ ਉਹ ਆਪਣੇ ਕੁਝ ਪਰਿਵਾਰ ਦੇ ਨਾਲ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਜਿਲਾ ਕਸੂਰ ਦੇ ਪੁਰਾਣੇ ਪਿੰਡ ਰਾਜਾ ਜੰਗ ਵਿਚ ਆ ਕੇ ਅਬਾਦ ਹੋ ਗਏ। ਇਹ ਇਕ ਸਿੱਖਾਂ ਦਾ ਤ੍ਰਿਖੀ ਪਿੰਡ ਸੀ।''

''ਤੁਸੀਂ ਤਾਲੀਮ ਕਿੰਨੀ ਤੇ ਕਿੱਥੋਂ ਹਾਸਲ ਕੀਤੀ ?''

''ਮੇਰੀ ਤਾਲੀਮ ਰਾਇਵਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਹੋਈ, ਜਿਹੜੀ ਮੈਟ੍ਰਿਕ ਤੱਕ ਪਹੁੰਚਣ ਤੋਂ ਬਾਅਦ ਹਾਇਰ ਤਾਲੀਮ ਵੱਲ ਨੂੰ ਤੁਰ ਪਈ। ਫਿਰ ਪੰਜਾਬ ਕਾਲਜ ਲਾਹੌਰ ਓਪਨ ਯੂਨੀਵਰਸਿਟੀ ਤੋਂ ਮੈਂ ਬੀ. ਏ. ਕੀਤੀ।''

''ਤੁਸੀਂ ਆਪਣੇ ਲਿਖਣ ਦੇ ਸਫਰ ਬਾਰੇ ਦੱਸੋਂਗੇ?''

''ਮੈਨੂੰ ਅਦਬ ਦੀਆਂ ਕਿਤਾਬਾਂ ਪੜਨ ਦਾ ਸ਼ੌਕ ਮਿਡਲ ਵਿਚ ਹੀ ਹੋ ਗਿਆ ਸੀ। ਅਦਬ ਪੜਕੇ ਜਿਹੜਾ ਸਵਾਦ ਮੇਰੀ ਰੂਹ ਨੂੰ ਅਦਬ 'ਚੋਂ ਆਇਆ ਉਹ ਮੈਨੂੰ ਕਿਸੇ ਹੋਰ ਦੁਨਿਆਵੀ ਤਾਲੀਮ ਵਿਚੋਂ ਨਹੀ ਆਇਆ। ਮੈਂ ਫਿਰ ਫ਼ੈਸਲਾ ਕਰ ਲਿਆ ਕਿ ਮੈਂ ਸਾਰੀ ਜ਼ਿੰਦਗੀ ਅਦਬ ਨਾਲ ਜੁੜ ਕੇ ਆਪਣੀ ਤੇ ਦੂਸਰਿਆਂ ਦੀ ਜਿੰਦਗੀ ਦੇ ਨਿਖ਼ਾਰ ਵਾਸਤੇ ਕੰਮ ਕਰਨਾ ਹੈ ਤਾਂ ਕਿ ਅਸੀਂ ਆਪਣੀਆਂ ਮੌਜੂਦਾ ਅਤੇ ਆਉਣ ਵਾਲੀਆਂ ਨਸਲਾਂ ਨੂੰ ਸੁਥਰੀਆਂ ਸੋਚਾਂ ਦੇ ਸਕੀਏ। ਫਿਰ, ਮੈਂ ਪੱਤਰਕਾਰੀ ਵੱਲ ਟੁਰ ਪਿਆ। ਇਸ ਵੇਲੇ ਮੈਂ ਪਾਕਿਸਤਾਨ ਦੇ ਵੱਡੇ ਤੇ ਛੋਟੇ ਅਖ਼ਬਾਰਾਂ ਵਿਚ ਜ਼ਫ਼ਰਨਾਮੇ ਦੇ ਨਾਮ ਤੇ ਅਰਟੀਕਲ ਲਿਖਣ ਅਤੇ ਛੋਟੇ-ਵੱਡੇ ਚੈਨਲਾਂ ਉਤੇ ਬਤੌਰ ਐਂਕਰ-ਪਰਸਨ ਅਤੇ ਅਹਿਮ ਮੁੱਦਿਆਂ 'ਤੇ ਰੋਸ਼ਨੀ ਪਾਉਣ ਦੇ ਹਵਾਲੇ ਨਾਲ ਸ਼ਿਰਕਤ ਕਰਦਾ ਰਹਿੰਨਾਂ ਵਾਂ। ਨਾਲ-ਨਾਲ ''ਇਨਸਾਨੀਅਨ ਦੇ ਹੁਸਨ ਦੇ ਨਿਖ਼ਾਰ ਉਤੇ'' ਕਿਤਾਬੀ ਕੰਮ ਵੀ ਕਰ ਰਿਹਾ ਹਾਂ, ਜਿਹੜੀ ਕਿ ਹਾਲ ਵਿਚ ਹੀ ਮਾਰਕੀਟ ਵਿਚ ਆ ਜਾਏਗੀ। ਇਸ ਤੋਂ ਇਲਾਵਾ ''ਕਾਲਮ ਪੁਆਇੰਟ'' ਨਾਂ ਦੀ ਚੋਟੀ ਦੇ ਲਿਖਾਰੀਆਂ ਦੀ ਕਿਤਾਬ ਦੀਆਂ ਤਹਿਰੀਰਾਂ ਵਿਚ ਮੇਰੀ ਤਹਿਰੀਰ ਵੀ ਸ਼ਾਮਲ ਏ।''



"ਵੀਰ ਜ਼ਫ਼ਰ ਜੀ, ਕੋਈ ਮਿਲੇ ਮਾਨ-ਸਨਮਾਨ ਸਾਂਝੇ ਕਰੋਂਗੇ?''

" ਪਾਕਿਸਤਾਨ ਦੀਆਂ ਮਸ਼ਹੂਰ ਲਿਖਾਰੀ ਸੰਸਥਾਵਾਂ ਪਾਸੋਂ ਹੁਸਨੇ ਕਾਰ-ਕਰਦਗੀ ਦੇ ਕਈ ਐਵਾਰਡ ਹਾਸਲ ਕਰ ਚੁੱਕਿਆ ਵਾਂ। ਹਾਲ ਵਿਚ ਹੀ ਹਿੰਦ-ਪਾਕਿ ਦੇ ਮਸ਼ਹੂਰ ਲਿਖਾਰੀ ਡਾ. ਇਲਾਮਾ ਇਕਬਾਲ ਦੇ ਪੋਤੇ ਦੇ ਹੱਥੋਂ ਅਦਬੀ ਖ਼ਿਦਮਾਤ ਦੇ ਅਵਾਰਡ ਲੈ ਚੁੱਕਿਆ ਵਾਂ।''

''ਜ਼ਫ਼ਰ ਸਾਹਿਬ ਜੀ, ਜੇਕਰ ਪਾਕਿ-ਹਿੰਦ ਦੇ ਸਾਂਝੇ ਮੁਸ਼ਾਇਰੇ ਲਈ ਤੁਹਾਨੂੰ ਸੱਦਾ-ਪੱਤਰ ਮਿਲੇ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋਵੇਗਾ?''

''ਲੁਧਿਆਣਵੀ ਜੀ, ਮੈਂ ਭਾਰਤ ਦੇ ਅਦਬੀ ਲੋਕਾਂ ਨੂੰ ਬੜਾ ਪਸੰਦ ਕਰਨਾ ਵਾਂ। ਮੈਂ ਉਨਾਂ ਦੀ ਇਸ ਅਦਬੀ ਦਾਅਵਤ ਦੇ ਲਈ ਸ਼ਰੀਕ ਹੋਣਾ ਤੇ ਆਪਣੀਆਂ ਸੋਚਾਂ ਦੇ ਖ਼ੂਬਸੂਰਤ ਲ਼ਫ਼ਜ਼ ਉਨਾਂ ਦੀ ਅਦਾਲਤ ਦੇ ਵਿਚ ਰੱਖਣਾ, ਸੀਨੀਅਰ ਲੋਕਾਂ ਤੋਂ ਕੁਝ ਸਿੱਖਣਾ ਅਤੇ ਆਪਣਾ ਸਬਕ ਉਨਾਂ ਨੂੰ ਸੁਣਾਉਣਾ ਖ਼ੁਸ਼ਕਿਸਮਤੀ ਸਮਝਾਂਗਾ। ਭਾਰਤ ਦੀ ਅਦਬੀ ਜ਼ਮੀਨ 'ਤੇ ਆਣ ਦਾ ਮੈਂ ਸੁਪਨਾ ਵੀ ਦਿਲ 'ਚ ਰੱਖਦਾ ਵਾਂ।''

''ਜ਼ਫਰ ਇਕਬਾਲ ਜੀ, ਤੁਸੀਂ ਆਪਣੀ ਰੋਜ਼ੀ-ਰੋਟੀ ਲਈ ਕਿਹੜਾ ਕੰਮ ਕਰ ਰਹੇ ਹੋ?''

''ਮੈਂ ਆਪਣੇ ਅਦਬੀ ਕਲਮੀ ਕੰਮ ਦਾ ਕਿਸੇ ਕੋਲੋ ਜਾਂ ਕਿਸੇ ਅਖ਼ਬਾਰ ਮੀਡੀਆ-ਚੈਨਲਾਂ ਤੋਂ ਮੁਆਵਜ਼ਾ ਕਦੀ ਨਹੀ ਲੈਂਦਾ। ਇਹ ਕੰਮ ਮੈਂ ਰੱਬ ਅਤੇ ਰੱਬ ਦੇ ਬੰਦਿਆਂ ਦੀ ਖ਼ੁਸ਼ੀ ਲਈ ਬੇ-ਲੌਸ (ਬੇ-ਲਾਗ) ਕਰਨਾ ਵਾਂ। ਜਿਹੜੀ ਰੋਜ਼ੀ-ਰੋਟੀ ਸਾਡੀ ਅਤੇ ਸਾਡੇ ਪਰਿਵਾਰ ਦੀ ਜ਼ਰੂਰਤ ਏ, ਉਸਨੂੰ ਹੱਕ-ਹਲਾਲ ਦੇ ਤਰੀਕੇ ਨਾਲ ਹਾਸਲ ਕਰਨ ਵਾਸਤੇ ਕੱਪੜੇ ਦਾ ਅਤੇ ਸਿਲਾਈ ਦਾ ਕਾਰੋਬਾਰ ਕਰ ਰਿਹਾ ਵਾਂ। ''

''ਜਿੰਦਗੀ ਦੇ ਖ਼ਾਬਾਂ 'ਚੋਂ ਕੋਈ ਐਸਾ ਖ਼ਾਬ, ਜੋ ਤੁਹਾਡੇ ਪੁੱਤਰ ਪੂਰਾ ਕਰ ਸਕਣਗੇ, ਸਾਂਝਾ ਕਰੋਂਗੇ?''

''ਮੈ ਅਦਬ ਦੇ ਰਾਂਹੀ ਆਪਣੀ ਅਤੇ ਲੋਕਾਂ ਦੀਆਂ ਸੋਚਾਂ ਨੂੰ ਇਕ ਦੂਸਰੇ ਦੇ ਦੁੱਖ-ਸੁੱਖ ਵੰਡਣ ਵਾਲੀਆਂ ਅਤੇ ਕੰਮ ਆਉਣ ਵਾਲੀਆਂ ਬਣਾਉਣ ਉਤੇ ਕਲਮੀ-ਮਿਹਨਤ ਕਰ ਰਿਹਾ ਹਾਂ। ਮੈਂ ਚਾਹਵਾਂਗਾਂ ਕਿ ਮੇਰਾ ਪੁੱਤਰ ਅਲੀ ਜ਼ਫ਼ਰ ਮੇਰੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਸਾਕਾਰ ਕਰੇ। ਕਿਉਂਕਿ ਮੇਰਾ ਮਕਸਦ ਇਕ ਇਹ ਆ ਕਿ ਬੰਦਾ ਬੰਦੇ ਦਾ ਦਾਰੂ ਬਣ ਕੇ ਰਵੇ।''

''ਜ਼ਫ਼ਰ ਸਾਹਿਬ ਜੀ, ਹਿੰਦ ਤੇ ਪਾਕਿ ਦੇ ਲੋਕਾਂ ਨੂੰ ਕੋਈ ਸੁਨੇਹਾ?''

''ਤੁਸੀਂ ਸਾਰੀ ਗੱਲਬਾਤ ਵਿਚੋਂ ਸਭ ਤੋਂ ਸੁਹਣਾ ਤੇ ਕੀਮਤੀ ਸਵਾਲ ਕੀਤਾ ਏ। ਦੋਵਾਂ ਮੁਲਕਾਂ ਦੀ ਅਵਾਮ ਦੇ ਦਿਲਾਂ ਵਿਚ ਮੁਹੱਬਤ ਦੀ ਮਹਿਕ ਨੂੰ ਮਹਿਸੂਸ ਕਰਨਾ ਵਾਂ ਤੇ ਅਸੀਂ ਇਕ ਦੂਜੇ ਨੂੰ ਸੁਹਣੀ ਜ਼ਿੰਦਗੀ ਵਾਸਤੇ ਮਿਲਣਾ-ਗਿਲਣਾ ਵੀ ਚਾਹੁੰਨੇ ਵਾਂ। ਮੈਂ ਇਹ ਜਾਣਨਾ ਵਾਂ ਕਿ ਸਾਡੀ ਅਵਾਮ ਦੇ ਦਿਲਾਂ ਵਿਚ ਅਜੇ ਤੱਕ ਕੋਈ ਸਰਹੱਦ ਨਹੀ ਬਣ ਸਕੀ ਤੇ ਸਾਡੀਆਂ ਜ਼ਮੀਨੀ ਸਰਹੱਦਾਂ ਐਨੀਆਂ ਕੁ ਸੌਖ਼ੀਆਂ ਹੋਣੀਆਂ ਚਾਹੀਦੀਆਂ ਨੇ ਕਿ ਅਸੀਂ ਇਕ ਦੂਸਰੇ ਦੇ ਦੁੱਖ-ਦਰਦ ਤੇ ਖੁਸ਼ੀ-ਗ਼ਮੀ ਵਿਚ ਸ਼ਰੀਕ ਹੋ ਸਕੀਏ। ਲਿਖ-ਾਰੀ, ਅਦਬੀ-ਸੇਵਕ ਹਿੰਦ-ਪਾਕਿ ਲਈ ਹਰ ਕਿਸਮ ਦੀ ਨਫ਼ਰਤ ਨੂੰ ਮੁਹੱਬਤ ਵਿਚ ਬਦਲਣ ਦਾ ਯਾਦੂ ਰੱਖਦੇ ਨੇ। ਲੋਕਾਂ ਨੂੰ ਇਕ ਸੋਹਣੀਆਂ-ਸੁਥਰੀਆਂ ਸੋਚਾਂ ਦੇ ਕੇ ਜੱਨਤ ਵਰਗੀ ਜ਼ਿੰਦਗੀ ਗੁਜ਼ਾਰਨ ਵੱਲ ਲਿਜਾ ਸਕਦੇ ਨੇ।''

ਮੇਰੇ ਸੀਨੇ ਨੂੰ ਠੰਡਾ ਠਾਰ ਕਰ ਦਿੱਤਾ ਤੁਹਾਡੇ ਨਾਲ ਹੋਈ ਗੱਲਬਾਤ ਨੇ, ਭਾਈ-ਜਾਨ ਜ਼ਫ਼ਰ ਇਕਬਾਲ ਸਾਹਿਬ ਜੀ। ਅੱਲਾ ਕਰੇ ! ਸਾਡੀਆਂ ਪਾਕਿ-ਮੁਹੱਬਤਾਂ ਅਮਨ-ਸ਼ਾਂਤੀ ਦੇ ਸੁਨੇਹੇ ਘੱਲਦੀਆਂ, ਘਿਉ-ਖਿਚੜੀ ਬਣੀਆਂ, ਸਰਬੱਤ ਦਾ ਭਲਾ ਲੋਚਦੀਆਂ, ਇਕ ਦੂਜੇ ਲਈ ਕੁਰਬਾਨ ਹੋ ਜਾਣ ਲਈ ਹਮੇਸ਼ਾਂ ਤਤਪਰ ਰਹਿਣ ! ਆਮੀਨ !



**ਪ੍ਰੀਤਮ ਲੁਧਿਆਣਵੀ**
9876428641




# Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
For Sale In Stockton
All Equipment & Fixtures Included
Listing Price: $149,900




**Smoke Shop for Sale in Sacramento**
Monthly Gross Sales: $50K
Listing Price: $89,000




**Gas Station, Liquor Store, Deli, & Laundromat!**
In Contra Costa County, CA
Listing Price: $1,200,000




**Auto Repair & Lube Shop**
Lot Size: 2000, Rent is ONLY $1500/mo.
Listing Price to $149,000
Sacramento, CA




**Liquor Store for Sale in Santa Clara**
Monthly Gross Sale: $90K
Listing Price: $649,000 plus Inventory




**Subway**
for Sale in Sacramento
Listing Price: $224,900




**Indian Restaurant**
for Sale in Sacramento
Listing Price: $149,000




**Coffee Shop for Sale**
Monthly Gross Sales: $25,000
Listing Price: $150,000




**7Eleven**
7 Eleven Store For Sale in Antioch, CA
Listing Price: $550,000




**3 Bedroom 1 Bath Home on**
10 Acre Lot
Listing Price: $1,500,000




BERKSHIRE HATHAWAY HOMESERVICES BH HS
Elite Real Estate
Home Services
## BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

## OFFICE: 7412 ELSIE AVE., SACRAMENTO, CA 95828



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

## 3525 Highway 99, West Corning, CA 96021

Across the Street from TA Truck Stop